3-FEB-PAGE-1.qxd 2/2/2024 9:27 PM Page 1

ਸ਼ਨੀਵਾਰ, 3 ਫਰਵਰੀ, 2024
21 ਮਾਘ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 244

# ਨਵਾਂ ਜ਼ਮਾਨਾ

DAILY NAWAN ZAMANA • SATURDAY, 3 FEBRUARY, 2024 ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

# ਕਿਸਾਨਾਂ ਨੇ ਯੂਰਪੀਨ ਸਰਕਾਰਾਂ ਦੀਆਂ ਗੋਡਣੀਆਂ ਲੁਆਈਆਂ

**ਬ੍ਰਸਲਜ਼** : ਕਈ ਹਫਤਿਆਂ ਤੋਂ ਅੰਦੋਲਨ ਕਰ ਰਹੇ ਕਿਸਾਨਾਂ ਅੱਗੇ ਝੁਕਦਿਆਂ ਯੂਰਪੀ ਆਗੂ ਵੀਰਵਾਰ ਕੁਝ ਮੰਗਾਂ ਮੰਨਣ ਲਈ ਮਜਬੂਰ ਹੋਏ। ਵੋਟਰਾਂ ਦੇ ਅਹਿਮ ਹਿੱਸੇ ਨੂੰ ਸੰਤੁਸ਼ਟ ਕਰਨ ਅਤੇ ਕਈ ਸ਼ਹਿਰਾਂ ਦੀ ਘੇਰਾਬੰਦੀ ਨੂੰ ਖਤਮ ਕਰਨ ਲਈ ਇੱਥੇ ਯੂਰਪੀ ਯੂਨੀਅਨ ਦੇ ਆਗੂ ਆਪਣੀ ਸਿਖਰ ਵਾਰਤਾ ਵਿਚ ਕੁਝ ਰਿਆਇਤਾਂ ਲਈ ਸਹਿਮਤ ਹੋਏ। ਫਰਾਂਸ ਨੇ ਜਿਹੜੀਆਂ ਰਿਆਇਤਾਂ ਦਾ ਐਲਾਨ ਕੀਤਾ, ਉਸ ਤੋਂ ਬਾਅਦ ਦੋ ਪ੍ਰਮੁੱਖ ਕਿਸਾਨ ਯੂਨੀਅਨਾਂ ਨੇ ਪੈਰਿਸ ਦੀ ਕਈ ਦਿਨਾਂ ਤੋਂ ਕੀਤੀ ਘੇਰਾਬੰਦੀ ਮੁਅੱਤਲ ਕਰ ਦਿੱਤੀ।

ਕਿਸਾਨ ਕਈ ਦਿਨਾਂ ਤੋਂ ਕਹਿ ਰਹੇ ਸਨ ਕਿ ਰੂਸ ਤੇ ਯੂਕਰੇਨ ਦੀ ਜੰਗ ਕਾਰਨ ਬਿਜਲੀ, ਤੇਲ ਤੇ ਖਾਦਾਂ ਦੀਆਂ ਕੀਮਤਾਂ ਬਹੁਤ ਵਧ ਜਾਣ, ਯੂਰਪੀ ਦੇਸ਼ਾਂ ਵਿਚ ਸਸਤੇ ਮਾਲ ਭਾਰੀ ਮਾਤਰਾ ਵਿਚ ਆਉਣ ਅਤੇ ਜਲਵਾਯੂ ਤਬਦੀਲੀ ਕਾਰਨ ਸੋਕੇ, ਹੜ੍ਹਾਂ ਤੇ ਅੱਗਾਂ ਨਾਲ ਫਸਲਾਂ ਦੀ ਬਰਬਾਦੀ ਕਾਰਨ ਉਨ੍ਹਾਂ ਦਾ ਜਿਊਣਾ ਮੁਹਾਲ ਹੋ ਗਿਆ ਹੈ।

ਘੇਰਾਬੰਦੀ ਕਾਰਨ ਲੋਕਾਂ ਨੂੰ ਕੰਮ ਤੇ ਵਿਦਿਆਰਥੀਆਂ ਨੂੰ ਸਕੂਲ ਜਾਣਾ ਔਖਾ ਹੋ ਗਿਆ ਸੀ। ਬੰਦਰਗਾਹਾਂ ਦੀ ਘੇਰਾਬੰਦੀ ਕਾਰਨ ਟਰੱਕਾਂ ਵਿਚ ਫੁਲ ਮੁਰਝਾ ਗਏ ਸਨ ਅਤੇ ਸੁਪਰ ਮਾਰਕਿਟਾਂ ਖਾਲੀ ਹੋ ਗਈਆਂ ਸਨ। ਹੰਗਰੀ ਦੇ ਪ੍ਰਧਾਨ ਮੰਤਰੀ ਵਿਕਟਰ ਓਰਬਨ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਟਰੈਕਟਰਾਂ ਦੇ ਹਾਰਨਾਂ ਨੇ ਉਸ ਦੀ ਨੀਂਦ ਉਡਾ ਦਿੱਤੀ ਹੈ।


ਇਟਲੀ ਦੇ ਮਿਲਾਨ ਨੇੜੇ ਮਿਲੇਗਨੈਨੋ ਟੋਲ ਬੂਥ ਕੋਲ ਪ੍ਰੋਟੈਸਟ ਕਰਨ ਲਈ ਇਕੱਠੇ ਹੋਏ ਕਿਸਾਨ।

ਵੀਰਵਾਰ ਘਾਹ ਦੀਆਂ ਗੱਠਾਂ ਤੇ ਟਾਇਰਾਂ ਨੂੰ ਲਾਈ ਅੱਗ ਕਾਰਨ ਬੈਲਜੀਅਮ ਦੀ ਰਾਜਧਾਨੀ ਬ੍ਰਸਲਜ਼ 'ਚ ਸੰਘਣਾ ਧੂੰਆਂ ਛਾ ਗਿਆ। ਸੁਰੱਖਿਆ ਬਲਾਂ ਨੂੰ ਕਿਸਾਨਾਂ ਵੱਲੋਂ ਯੂਰਪੀ ਸੰਸਦ ਦੀਆਂ ਪੌੜੀਆਂ 'ਤੇ ਦਰੱਖਤ ਸੁੱਟਣ ਤੇ ਅੱਗਾਂ ਬੁਝਾਉਣ ਲਈ ਜਲ-ਤੋਪਾਂ ਦੀ ਵਰਤੋਂ ਕਰਨੀ ਪਈ। ਯੂਨਾਨ ਵਿਚ ਕਿਸਾਨ ਇਕ ਖੇਤੀ ਮੇਲੇ ਦੇ ਬਾਹਰ ਇਕੱਠੇ ਹੋਏ ਜਦਕਿ ਇਟਲੀ ਦੇ ਮਿਲਾਨ ਸ਼ਹਿਰ ਵੱਲ ਟਰੈਕਟਰ ਮਾਰਚ ਕੀਤਾ। ਜੂਨ ਵਿਚ ਹੋਣ ਵਾਲੀਆਂ ਯੂਰਪੀ ਸੰਸਦੀ ਚੋਣਾਂ ਦੇ ਮੌਕੇ ਸਿਖਰ ਵਾਰਤਾ ਵਿਚ ਹਿੱਸਾ ਲੈਣ ਵਾਲੇ ਬਹੁਤੇ ਆਗੂ ਕਿਸਾਨਾਂ ਨੂੰ ਰਿਆਇਤਾਂ ਦੇ ਲਈ ਇਸ ਕਰਕੇ ਵੀ ਮਜਬੂਰ ਹੋਏ, ਕਿਉਂਕਿ ਲਾਰੇ ਲਾਉਣ ਵਾਲੇ ਸੱਜੇ-ਪੱਖੀ ਸਿਆਸਤਦਾਨ ਹਾਲੀਆ ਹਫਤਿਆਂ ਵਿਚ ਕਿਸਾਨਾਂ ਦੀ ਦੁਰਦਸ਼ਾ ਦਾ ਸਿਆਸੀ ਮੰਤਵਾਂ ਲਈ ਫਾਇਦਾ ਉਠਾਉਣ ਲੱਗੇ ਸੀ। ਬੈਲਜੀਅਮ ਦੇ ਪ੍ਰਧਾਨ ਮੰਤਰੀ ਅਲੈਗਜ਼ੈਂਡਰ ਡੀ ਕਰੂ ਨੇ ਕਿਹਾ-ਕਿਸਾਨਾਂ ਨੂੰ ਸਤਾਓ ਨਾ। ਅੰਦੋਲਨ ਕੁਚਲਣ ਲਈ ਫੌਜ ਨਾ ਵਰਤੋ, ਸਗੋਂ ਉਨ੍ਹਾਂ ਨਾਲ ਗੱਲ ਕਰੋ।

ਕਿਸਾਨਾਂ ਨੇ ਯੂਰਪੀ ਕਮਿਸ਼ਨ ਦੀ ਇਸ ਯੋਜਨਾ ਦਾ ਸਵਾਗਤ ਕੀਤਾ ਹੈ ਕਿ ਕਿਸਾਨਾਂ ਨੂੰ ਯੂਕਰੇਨ ਤੋਂ ਆਉਣ ਵਾਲੇ ਸਸਤੇ ਮਾਲ ਤੋਂ ਬਚਾਇਆ ਜਾਵੇਗਾ ਅਤੇ ਕਿਸਾਨਾਂ ਨੂੰ ਉਸ ਵਿੱਚੋਂ ਕੁਝ ਜ਼ਮੀਨ 'ਤੇ ਖੇਤੀ ਕਰਨ ਦਿੱਤੀ ਜਾਵੇਗੀ, ਜਿਸ 'ਤੇ ਵਾਤਾਵਰਣਕ ਕਾਰਨਾਂ ਕਰਕੇ ਰੋਕ ਲਾਈ ਗਈ ਹੈ। ਫਰਾਂਸ ਦੇ ਪ੍ਰਧਾਨ ਮੰਤਰੀ ਗੈਬਰਿਅਲ ਐਟਲ ਨੇ ਕਿਹਾ ਕਿ ਲੱਖਾਂ ਯੂਰੋ ਦੀ ਸਬਸਿਡੀ ਦਿੱਤੀ ਜਾਵੇਗੀ ਅਤੇ ਟੈਕਸ ਤੋਂ ਵੀ ਛੋਟ ਦਿੱਤੀ ਜਾਵੇਗੀ।

ਕਿਸਾਨਾਂ ਨੂੰ ਉਹ ਨਦੀਨਨਾਸ਼ਕ ਵਰਤਣ ਦਿੱਤੇ ਜਾਣਗੇ, ਜਿਹੜੇ ਯੂਰਪ ਦੇ ਹੋਰਨਾਂ ਦੇਸ਼ਾਂ ਦੇ ਕਿਸਾਨ ਵਰਤਦੇ ਹਨ। ਕਿਸਾਨਾਂ ਦੀ ਇਕ ਹੋਰ ਵੱਡੀ ਮੰਗ ਨੂੰ ਮੰਨਦਿਆਂ ਕਈ ਆਗੂਆਂ ਨੇ ਕਿਹਾ ਕਿ ਉਹ ਦੱਖਣੀ ਅਮਰੀਕੀ ਦੇਸ਼ਾਂ ਨਾਲ ਵਪਾਰਕ ਸੌਦੇ ਨੂੰ ਪ੍ਰਵਾਨਗੀ ਨਹੀਂ ਦੇਣਗੇ ਜੇ ਉਨ੍ਹਾਂ ਦਾ ਮਾਲ ਵੀ ਓਨੇ ਸਟੈਂਡਰਡ ਦਾ ਨਹੀਂ ਹੋਵੇਗਾ, ਜਿੰਨੇ ਸਟੈਂਡਰਡ ਦਾ ਯੂਰਪ ਦੇ ਕਿਸਾਨਾਂ ਤੋਂ ਮੰਗਿਆ ਜਾਂਦਾ ਹੈ। ਆਇਰਲੈਂਡ ਦੇ ਪ੍ਰਧਾਨ ਮੰਤਰੀ ਲਿਓ ਵਰਡਕਰ ਨੇ ਕਿਹਾ ਕਿ ਤਰਜੀਹ ਇਹ ਹੋਣੀ ਚਾਹੀਦੀ ਹੈ ਕਿ ਅਗਲੇ ਕੁਝ ਸਾਲਾਂ ਤੱਕ ਵਰਤਮਾਨ ਨਿਯਮ ਹੀ ਲਾਗੂ ਕੀਤੇ ਜਾਣ, ਨਾ ਕਿ ਕਿਸਾਨਾਂ 'ਤੇ ਹੋਰ ਸਖਤ ਨਿਯਮ ਮੜ੍ਹੇ ਜਾਣ।

## ਬੱਦੀ ਦੀ ਫੈਕਟਰੀ 'ਚ ਭਿਆਨਕ ਅੱਗ, ਕਈ ਜ਼ਖਮੀ



**ਸ਼ਿਮਲਾ** : ਹਿਮਾਚਲ 'ਚ ਸੋਲਨ ਜ਼ਿਲ੍ਹੇ ਦੇ ਬੱਦੀ ਦੇ ਝਾੜਮਾਜਰੀ ਉਦਯੋਗਿਕ ਖੇਤਰ 'ਚ ਸ਼ੁੱਕਰਵਾਰ ਬਾਅਦ ਦੁਪਹਿਰ ਹਿਲਟੌਪ ਕੰਪਨੀ ਦੀ ਫੈਕਟਰੀ ਵਿਚ ਭਿਆਨਕ ਅੱਗ ਲੱਗ ਗਈ।

ਫੈਕਟਰੀ ਵਿਚ ਡ੍ਰਿਓਡੈਂਟ ਬਣਦਾ ਹੈ, ਜਿਸ ਕਰਕੇ ਅੱਗ ਕਾਫੀ ਫੈਲ ਗਈ। ਇਕ ਤੋਂ ਬਾਅਦ ਇਕ ਕਈ ਧਮਾਕੇ ਹੋਏ। ਮੁਲਾਜ਼ਮ ਤੇ ਵਰਕਰ ਜਾਨ ਬਚਾਉਣ ਲਈ ਛੱਤਾਂ 'ਤੇ ਚੜ੍ਹ ਗਏ ਤੇ ਕਈਆਂ ਨੇ ਉਪਰੋਂ ਛਾਲਾਂ ਮਾਰ ਦਿੱਤੀਆਂ। ਜ਼ਖਮੀ ਹੋਏ 32 ਵਰਕਰਾਂ ਨੂੰ ਨਿੱਜੀ ਹਸਪਤਾਲਾਂ ਤੇ ਪੰਜ ਨੂੰ ਪੀ ਜੀ ਆਈ ਵਿਚ ਦਾਖਲ ਕਰਾਇਆ ਗਿਆ।

## ਨਿੱਝਰ ਦੇ ਸਾਥੀ ਦੇ ਘਰ 'ਤੇ ਫਾਇਰਿੰਗ

**ਸਰੀ** : ਕੈਨੇਡਾ 'ਚ ਮਾਰੇ ਗਏ ਖਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੇ ਸਾਥੀ ਸਿਮਰਨਜੀਤ ਸਿੰਘ ਦੇ ਸਰੀ ਸਥਿਤ ਘਰ 'ਤੇ ਇਕ ਫਰਵਰੀ ਨੂੰ ਤੜਕੇ 1.21 ਵਜੇ ਕਈ ਗੋਲੀਆਂ ਚਲਾਈਆਂ ਗਈਆਂ। ਰਾਇਲ ਕੈਨੇਡੀਅਨ ਮਾਊਂਟਿਡ ਪੁਲਸ ਨੇ ਦੱਖਣੀ ਸਰੀ 'ਚ ਵਾਪਰੀ ਘਟਨਾ ਦੀ ਪੁਸ਼ਟੀ ਕੀਤੀ ਹੈ। ਹਮਲੇ 'ਚ ਕਿਸੇ ਜਾਨੀ ਨੁਕਸਾਨ ਜਾਂ ਜ਼ਖਮੀ ਹੋਣ ਦੀ ਸੂਚਨਾ ਨਹੀਂ।

## ਪੂਨਮ ਪਾਂਡੇ ਦੀ ਮੌਤ

**ਮੁੰਬਈ** : ਵਿਵਾਦਗ੍ਰਸਤ ਮਾਡਲ-ਕਮ-ਅਦਾਕਾਰਾ ਪੂਨਮ ਪਾਂਡੇ ਦੀ 32 ਸਾਲ ਦੀ ਉਮਰ 'ਚ ਕੈਂਸਰ ਕਾਰਨ ਮੌਤ ਹੋ ਗਈ। ਪਾਂਡੇ ਦੀ ਮੌਤ ਕਿੱਥੇ ਅਤੇ ਕਦੋਂ ਹੋਈ ਜਾਂ ਉਸ ਦੇ ਪਰਵਾਰ ਦਾ ਕੋਈ ਮੈਂਬਰ ਮੌਤ ਸਮੇਂ ਮੌਜੂਦ ਸੀ, ਬਾਰੇ ਵੇਰਵੇ ਨਹੀਂ ਮਿਲੇ। ਉਸ ਨੂੰ ਬਿੱਗ ਬੌਸ (2011) 'ਚ ਦੇਖਿਆ ਗਿਆ ਸੀ ਅਤੇ ਫਿਰ ਉਸ ਨੇ 2013 'ਚ ਫਿਲਮ ਨਸ਼ਾ, ਜੀ ਐੱਸ ਟੀ-ਗਲਤੀ ਸਿਰਫ ਤੁਮਹਾਰੀ (2017) ਅਤੇ ਕੁਝ ਹੋਰ ਫਿਲਮਾਂ ਅਤੇ ਟੈਲੀਵਿਜ਼ਨ ਸੀਰੀਅਲ ਕੀਤੇ ਸਨ।

## ਜੰਮੂ-ਸ੍ਰੀਨਗਰ ਸੜਕ 'ਤੇ 400 ਤੋਂ ਵੱਧ ਵਾਹਨ ਫਸੇ

**ਸ੍ਰੀਨਗਰ** : ਜੰਮੂ-ਸ੍ਰੀਨਗਰ ਕੌਮੀ ਸ਼ਾਹਰਾਹ ਢਿੱਗਾਂ ਡਿੱਗਣ ਕਾਰਨ ਸ਼ੁੱਕਰਵਾਰ ਦੂਜੇ ਦਿਨ ਵੀ ਆਵਾਜਾਈ ਲਈ ਬੰਦ ਰਿਹਾ। ਸੜਕ ਤੋਂ ਮਲਬੇ ਨੂੰ ਹਟਾਉਣ ਅਤੇ ਆਵਾਜਾਈ ਬਹਾਲ ਕਰਨ ਦੇ ਯਤਨ ਕੀਤੇ ਜਾ ਰਹੇ ਸਨ। 400 ਤੋਂ ਵੱਧ ਵਾਹਨ ਫਸੇ ਹੋਏ ਸਨ। ਢਿੱਗਾਂ ਡਿੱਗਣ ਬਾਅਦ ਵੀਰਵਾਰ 270 ਕਿਲੋਮੀਟਰ ਲੰਬੀ ਸੜਕ ਨੂੰ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ ਸੀ।

## ਯੂ ਸੀ ਸੀ ਦਾ ਖਰੜਾ ਧਾਮੀ ਨੂੰ ਸੌਂਪਿਆ

**ਦੇਹਰਾਦੂਨ** : ਉੱਤਰਾਖੰਡ ਸਰਕਾਰ ਵੱਲੋਂ ਸਾਂਝਾ ਸਿਵਲ ਕੋਡ (ਯੂ ਸੀ ਸੀ) ਦਾ ਖਰੜਾ ਤਿਆਰ ਕਰਨ ਲਈ ਕਾਇਮ ਕਮੇਟੀ ਨੇ ਸ਼ੁੱਕਰਵਾਰ ਇਥੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੂੰ ਖਰੜੇ ਦੇ ਦਸਤਾਵੇਜ਼ ਸੌਂਪੇ। ਪੰਜ ਮੈਂਬਰੀ ਕਮੇਟੀ ਦੀ ਚੇਅਰਪਰਸਨ ਤੇ ਸੁਪਰੀਮ ਕੋਰਟ ਦੀ ਸਾਬਕਾ ਜੱਜ ਰੰਜਨਾ ਪ੍ਰਕਾਸ਼ ਦੇਸਾਈ ਨੇ ਧਾਮੀ ਨੂੰ ਖਰੜਾ ਸੌਂਪਿਆ। ਕੋਡ ਰਾਜ 'ਚ ਸਾਰੇ ਨਾਗਰਿਕਾਂ ਲਈ ਇਕਸਾਰ ਵਿਆਹ, ਤਲਾਕ, ਜ਼ਮੀਨ, ਜਾਇਦਾਦ ਅਤੇ ਵਿਰਾਸਤ ਕਾਨੂੰਨਾਂ ਲਈ ਸਾਂਝਾ ਕਾਨੂੰਨੀ ਢਾਂਚਾ ਪ੍ਰਦਾਨ ਕਰੇਗਾ, ਚਾਹੇ ਉਨ੍ਹਾਂ ਦਾ ਧਰਮ ਕੋਈ ਵੀ ਹੋਵੇ। ਜੇ ਇਸ ਨੂੰ ਲਾਗੂ ਕੀਤਾ ਜਾਂਦਾ ਹੈ, ਤਾਂ ਉੱਤਰਾਖੰਡ ਆਜ਼ਾਦੀ ਤੋਂ ਬਾਅਦ ਅਜਿਹਾ ਕੋਡ ਅਪਣਾਉਣ ਵਾਲਾ ਦੇਸ਼ ਦਾ ਪਹਿਲਾ ਰਾਜ ਬਣ ਜਾਵੇਗਾ। ਯੂ ਸੀ ਸੀ ਗੋਆ 'ਚ ਪੁਰਤਗਾਲੀ ਸ਼ਾਸਨ ਦੇ ਦਿਨਾਂ ਤੋਂ ਲਾਗੂ ਹੈ।

## ਮਜੀਠੀਆ ਦੇ ਦੋ ਕਰੀਬੀਆਂ ਤੋਂ ਪੁੱਛਗਿੱਛ

**ਪਟਿਆਲਾ** : ਨਸ਼ਾ ਤਸਕਰੀ ਸੰਬੰਧੀ ਕੇਸ 'ਚ ਸਿੱਟ ਵੱਲੋਂ ਤਲਬ ਕੀਤੇ ਅਕਾਲੀ ਆਗੂ ਬਿਕਰਮ ਮਜੀਠੀਆ ਦੇ ਚਾਰ ਨਜ਼ਦੀਕੀਆਂ ਵਿੱਚੋਂ ਸ਼ੁੱਕਰਵਾਰ ਦੋ ਪੁੱਛ-ਪੜਤਾਲ ਲਈ ਪੇਸ਼ ਹੋਏ। ਇਨ੍ਹਾਂ ਤੋਂ ਡੀ ਆਈ ਜੀ ਹਰਚਰਨ ਭੁੱਲਰ ਦੀ ਅਗਵਾਈ ਹੇਠਲੀ ਸਿੱਟ ਵੱਲੋਂ ਪੁੱਛ-ਪੜਤਾਲ ਕੀਤੀ ਗਈ। ਪੇਸ਼ ਹੋਣ ਵਾਲੇ ਕਰਤਾਰ ਸਿੰਘ ਅਤੇ ਤਰਨਵੀਰ ਸਿੰਘ ਗਿੱਲ ਹਨ।

## ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ।

-ਮੈਨੇਜਰ

## ਉਮਰਾਨੰਗਲ ਦੀ ਮੁਅੱਤਲੀ ਰੱਦ



**ਚੰਡੀਗੜ੍ਹ** : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸ਼ੁੱਕਰਵਾਰ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਦੀ ਮੁਅੱਤਲੀ ਦੇ ਹੁਕਮ ਰੱਦ ਕਰਦਿਆਂ ਉਨ੍ਹਾ ਨੂੰ ਨੌਕਰੀ 'ਤੇ ਬਹਾਲ ਕਰਨ ਦਾ ਹੁਕਮ ਦਿੱਤਾ। ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ 'ਚ ਉਮਰਾਨੰਗਲ ਖਿਲਾਫ ਦੋ ਐੱਫ ਆਈ ਆਰ ਦਰਜ ਹੋਣ ਤੋਂ ਬਾਅਦ ਉਨ੍ਹਾ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ। ਉਮਰਾਨੰਗਲ ਨੇ ਮੁਅੱਤਲੀ ਨੂੰ ਕੈਟ ਕੋਲ ਚੁਣੌਤੀ ਦਿੱਤੀ ਸੀ, ਪਰ ਉਸ ਨੇ ਉਨ੍ਹਾ ਦੀ ਪਟੀਸ਼ਨ ਰੱਦ ਕਰ ਦਿੱਤੀ ਸੀ।

## ਭਾਜਪਾ ਦੀ ਤਾਨਾਸ਼ਾਹੀ ਦੇਖ ਕੇ ਸ਼ਹੀਦਾਂ ਤੇ ਆਜ਼ਾਦੀ ਘੁਲਾਟੀਆਂ ਦੀਆਂ ਰੂਹਾਂ ਤੜਪ ਰਹੀਆਂ ਹੋਣਗੀਆਂ : ਭਗਵੰਤ ਮਾਨ




**ਚੰਡੀਗੜ੍ਹ (ਗੁਰਜੀਤ ਬਿੱਲਾ)**

ਚੰਡੀਗੜ੍ਹ ਮੇਅਰ ਚੋਣਾਂ 'ਚ ਧਾਂਦਲੀ ਦੇ ਖਿਲਾਫ ਆਮ ਆਦਮੀ ਪਾਰਟੀ (ਆਪ) ਨੇ ਦਿੱਲੀ 'ਚ ਭਾਜਪਾ ਹੈੱਡਕੁਆਰਟਰ ਨੇੜੇ ਵੱਡਾ ਪ੍ਰਦਰਸ਼ਨ ਕੀਤਾ। ਧਰਨੇ ਵਿੱਚ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਮੂਲੀਅਤ ਕੀਤੀ। ਉਨ੍ਹਾਂ ਨਾਲ ਪੰਜਾਬ ਅਤੇ ਦਿੱਲੀ ਦੇ ਕਈ ਵਿਧਾਇਕ, ਸੰਸਦ ਮੈਂਬਰ ਅਤੇ ਮੰਤਰੀ ਵੀ ਮੌਜੂਦ ਸਨ।

ਧਰਨੇ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਭਾਜਪਾ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ 30 ਜਨਵਰੀ ਨੂੰ ਪੂਰੇ ਦੇਸ਼ ਨੇ ਦੇਖਿਆ ਕਿ ਕਿਸ ਤਰ੍ਹਾਂ ਭਾਜਪਾ ਦੇ ਪ੍ਰੀਜ਼ਾਈਡਿੰਗ ਅਫਸਰ ਨੇ ਕੈਮਰਿਆਂ ਦੇ ਸਾਹਮਣੇ ਆਮ ਆਦਮੀ ਪਾਰਟੀ ਦੇ ਕੌਂਸਲਰਾਂ ਦੇ ਬੈਲਟ ਪੇਪਰਾਂ ਨਾਲ ਜਾਣਬੁੱਝ ਕੇ ਛੇੜਛਾੜ ਕੀਤੀ, ਪਰ ਉੱਥੇ ਭਾਜਪਾ ਤੋਂ ਇਕ ਗਲਤੀ ਹੋ ਗਈ। ਕੰਮ ਉਸ ਦੀ ਯੋਜਨਾ ਅਨੁਸਾਰ ਨਹੀਂ ਹੋਇਆ, ਨਹੀਂ ਤਾਂ ਉਹ ਵੀਡੀਓ ਰਿਕਾਰਡਿੰਗ ਬੰਦ ਕਰਵਾ ਦਿੰਦੇ। ਇਹ ਪਹਿਲੀ ਵਾਰ ਨਹੀਂ, ਜਦੋਂ ਉਸ ਨੇ ਅਜਿਹਾ ਕੀਤਾ ਹੈ। ਉਹ ਹਰ ਛੋਟੀ-ਵੱਡੀ ਚੋਣ ਵਿੱਚ ਇਸ ਤਰ੍ਹਾਂ ਦੀ ਧਾਂਦਲੀ ਕਰਦੇ ਹਨ, ਪਰ ਕੈਮਰਿਆਂ ਕਾਰਨ ਉਹ ਚੰਡੀਗੜ੍ਹ ਵਿੱਚ ਪਹਿਲੀ ਵਾਰ ਅਜਿਹਾ ਕਰਦੇ ਫੜੇ ਗਏ ਹਨ।

ਮਾਨ ਨੇ ਕਿਹਾ ਕਿ ਭਾਜਪਾ ਨੂੰ ਚੋਣਾਂ 'ਚ ਸਮੱਸਿਆ ਹੈ। ਭਾਜਪਾ ਆਗੂ ਚਾਹੁੰਦੇ ਹਨ ਕਿ ਦੇਸ਼ ਵਿੱਚ ਚੋਣਾਂ ਨਾ ਹੋਣ। ਜੇਕਰ ਉਨ੍ਹਾਂ ਦਾ ਵਸ ਚੱਲਿਆ ਤਾਂ ਉਹ ਦੇਸ਼ ਦੀ ਚੋਣ ਪ੍ਰਕਿਰਿਆ ਨੂੰ ਤਬਾਹ ਕਰ ਦੇਣਗੇ। ਉਨ੍ਹਾ ਕਿਹਾ ਕਿ ਜੇਕਰ ਨਰਿੰਦਰ ਮੋਦੀ 2024 ਵਿੱਚ ਮੁੜ ਸੱਤਾ ਵਿੱਚ ਆਉਂਦੇ ਹਨ ਤਾਂ ਉਹ ਭਾਰਤ ਵਿੱਚ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ

● ਬਾਕੀ ਸਫ਼ਾ 2 'ਤੇ

## ਹਰਿਆਣਾ ਦੇ ਦੋ ਪੁਲਸ ਅਧਿਕਾਰੀ ਸਸਪੈਂਡ

**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਪਾਣੀਪਤ ਵਿਚ ਇਕ ਲੜਾਈ-ਝਗੜੇ ਅਤੇ ਹਥਿਆਰ ਨਾਲ ਹਮਲਾ ਕਰਨ ਦੇ ਮਾਮਲੇ ਵਿਚ ਸਹੀ ਜਾਂਚ ਨਾ ਕਰਨ 'ਤੇ ਹਰਿਆਣਾ ਪੁਲਸ ਦੇ ਦੋ ਅਧਿਕਾਰੀਆਂ ਨੂੰ ਸਸਪੈਂਡ ਕਰਨ ਤੇ ਤੀਜੇ ਅਧਿਕਾਰੀ ਖਿਲਾਫ ਵਿਭਾਗੀ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਹਨ। ਨਾਲ ਹੀ ਇਸ ਮਾਮਲੇ ਦੀ 20 ਫਰਵਰੀ ਤੱਕ ਮੁੱਖ ਦਫਤਰ ਪੱਧਰ 'ਤੇ ਜਾਂਚ ਕਰਵਾ ਕਰਵਾ ਕੇ ਰਿਪੋਰਟ ਭੇਜਣ ਦੇ ਆਦੇਸ਼ ਦਿੱਤੇ ਹਨ। ਮੁੱਖ ਮੰਤਰੀ ਦੇ ਓ ਐੱਸ ਡੀ ਭੁਪੇਸ਼ਵਰ ਦਿਆਲ ਨੇ ਦੱਸਿਆ ਕਿ ਪਾਣੀਪਤ ਨਿਵਾਸੀ ਰਾਜੇਸ਼ ਗੁਪਤਾ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ ਕਿ ਅਤਰ ਰਾਈਸ ਐਂਡ ਜਨਰਲ ਮਿਲਜ਼ ਵਿੱਚੋਂ ਉਨ੍ਹਾ ਦੀ ਕੰਪਨੀ ਨੂੰ 18 ਫੁੱਟ ਚੌੜਾ ਰਸਤਾ ਮਿਲਿਆ ਹੋਇਆ ਹੈ। 19 ਸਤੰਬਰ 2021 ਨੂੰ ਸਵੇਰੇ 9 ਵਜੇ ਅਤਰ ਚੰਦ ਮਿੱਤਲ ਅਤੇ ਉਸ ਦੇ ਦੋਵਾਂ ਮੁੰਡਿਆਂ

● ਬਾਕੀ ਸਫ਼ਾ 2 'ਤੇ

## ਨਾ ਖਾਤਾ ਨਾ ਬਹੀ ਹੈ, ਜੋ ਤੁਮ ਬੋਲੋ, ਵਹੀ ਸਹੀ ਹੈ



**ਨਵੀਂ ਦਿੱਲੀ** : ਰਾਸ਼ਟਰਪਤੀ ਦਰੋਪਦੀ ਮੁਰਮੂ ਦੇ ਸੰਬੋਧਨ 'ਤੇ ਧੰਨਵਾਦ ਮਤੇ 'ਤੇ ਸ਼ੁੱਕਰਵਾਰ ਰਾਜ ਸਭਾ ਵਿਚ ਚਰਚਾ 'ਚ ਹਿੱਸਾ ਲੈਂਦਿਆਂ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਨੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦਾ ਜ਼ਿਕਰ ਕਰਦਿਆਂ ਕਿਹਾ ਕਿ ਆਜ਼ਾਦੀ ਤੋਂ ਬਾਅਦ ਪੰਡਤ ਜੀ ਨੇ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦਿੱਤਾ। ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਸਦਨ 'ਚ ਮੌਜੂਦ ਸਨ। ਖੜਗੇ ਨੇ ਕਿਹਾ ਕਿ ਓ ਬੀ ਸੀ ਬੱਚਿਆਂ ਲਈ 27 ਫੀਸਦੀ ਰਾਖਵਾਂਕਰਨ ਉਨ੍ਹਾਂ ਨੂੰ ਉਪਲੱਬਧ ਨਹੀਂ ਹੈ। ਇਸੇ ਤਰ੍ਹਾਂ ਐੱਸ ਸੀ-ਐੱਸ ਟੀ ਦੇ ਬੱਚਿਆਂ ਲਈ ਰਾਖਵੇਂਕਰਨ ਨੂੰ ਘਟਾਉਣ ਲਈ ਵੀ ਯਤਨ ਕੀਤੇ ਜਾ ਰਹੇ ਹਨ। ਕੋਈ ਵੀ ਸਰਕਾਰ ਇਸ ਦੀ ਜਾਂਚ ਨਹੀਂ ਕਰਦੀ।

ਮਲਿਕਾਰਜੁਨ ਖੜਗੇ ਨੇ ਹਿਮਾਂਸ਼ੂ ਬਾਜਪਾਈ ਦੀ ਇਸ ਕਵਿਤਾ ਦਾ ਹਵਾਲਾ ਦੇ ਕੇ ਮੋਦੀ ਸਰਕਾਰ ਨੂੰ ਘੇਰਿਆ :

ਨਾ ਖਾਤਾ ਨਾ ਬਹੀ ਹੈ, ਜੋ ਤੁਮ ਬੋਲੋ, ਵਹੀ ਸਹੀ ਹੈ
ਨਿਊਜ਼ ਯੇ ਛਪ ਰਹੀ ਹੈ, ਸਬ ਕੁਛ ਬਿਲਕੁਲ ਸਹੀ ਹੈ
ਸੱਚ ਪਰ ਐੱਫ ਆਈ ਆਰ ਕਿਉਂ ?, ਰਾਸੁਕਾ ਕੀ ਮਾਰ ਕਿਉਂ ?
ਝੂਠ ਕੀ ਜੈ-ਜੈਕਾਰ ਕਿਉਂ ?, ਨਿਸ਼ਠੁਰ ਹੈ ਸਰਕਾਰ ਕਿਉਂ ?

## ਚੰਪਈ ਨੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ, ਭਰੋਸੇ ਦਾ ਵੋਟ 5 ਨੂੰ

**ਰਾਂਚੀ** : ਝਾਰਖੰਡ ਮੁਕਤੀ ਮੋਰਚਾ ਵਿਧਾਇਕ ਦਲ ਦੇ ਆਗੂ ਚੰਪਈ ਸੋਰੇਨ ਵੱਲੋਂ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਕੁਝ ਦੇਰ ਬਾਅਦ ਹੀ ਮੋਰਚੇ ਦੀ ਅਗਵਾਈ ਵਾਲੇ ਗੱਠਜੋੜ ਦੇ ਵਿਧਾਇਕ ਹੈਦਰਾਬਾਦ ਲਈ ਰਵਾਨਾ ਹੋ ਗਏ। ਸੱਤਾਧਾਰੀ ਗੱਠਜੋੜ ਦੇ ਸੀਨੀਅਰ ਨੇਤਾ ਨੇ ਕਿਹਾ ਕਿ ਵਿਧਾਇਕਾਂ ਨੂੰ ਕਾਂਗਰਸ ਸ਼ਾਸਤ ਤਿਲੰਗਾਨਾ ਦੀ ਰਾਜਧਾਨੀ ਹੈਦਰਾਬਾਦ 'ਚ ਤਬਦੀਲ ਕਰਨ ਦਾ ਫੈਸਲਾ ਇਸ ਸੰਭਾਵਨਾ ਦੇ ਮੱਦੇਨਜ਼ਰ ਲਿਆ ਗਿਆ ਹੈ ਕਿ ਵਿਰੋਧੀ ਭਾਜਪਾ ਉਨ੍ਹਾਂ ਨੂੰ ਤੋੜ ਨਾ ਲਏ। ਸੀਨੀਅਰ ਨੇਤਾ ਨੇ ਕਿਹਾ-ਸਾਨੂੰ ਸਰਕਾਰ ਦਾ ਬਹੁਮਤ ਸਾਬਤ ਕਰਨ ਲਈ 10 ਦਿਨਾਂ ਦਾ ਸਮਾਂ ਦਿੱਤਾ ਗਿਆ ਹੈ। ਅਸੀਂ ਇਸ ਸਮੇਂ ਦੌਰਾਨ ਕੋਈ ਖਤਰਾ ਨਹੀਂ ਲੈ ਸਕਦੇ, ਕਿਉਂਕਿ ਭਾਜਪਾ ਸਾਡੇ ਵਿਧਾਇਕਾਂ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰ ਸਕਦੀ ਹੈ।

ਚੰਪਈ ਸੋਰੇਨ ਦੇ ਨਾਲ ਕਾਂਗਰਸ ਨੇਤਾ ਆਲਮਗੀਰ ਆਲਮ, ਆਰ ਜੇ ਡੀ ਨੇਤਾ ਸਤਿਆਨੰਦ ਭੋਕਤਾ ਨੇ ਮੰਤਰੀ ਵਜੋਂ ਸਹੁੰ ਚੁੱਕੀ।



ਕਬਾਇਲੀ ਨੇਤਾ ਚੰਪਈ ਸੋਰੇਨ (67) ਰਾਜ ਦੇ 12ਵੇਂ ਮੁੱਖ ਮੰਤਰੀ ਹਨ।

ਮੰਤਰੀ ਆਲਮਗੀਰ ਨੇ ਕੈਬਨਿਟ ਮੀਟਿੰਗ ਤੋਂ ਬਾਅਦ ਕਿਹਾ ਕਿ ਦੋ ਦਿਨਾਂ ਅਸੰਬਲੀ ਅਜਲਾਸ ਦੇ ਪਹਿਲੇ ਦਿਨ ਸਰਕਾਰ ਪੰਜ ਫਰਵਰੀ ਨੂੰ ਭਰੋਸੇ ਦਾ ਵੋਟ ਲਵੇਗੀ।

## ਸੋਰੇਨ ਨੂੰ ਸੁਪਰੀਮ ਕੋਰਟ ਤੋਂ ਰਾਹਤ ਨਹੀਂ, ਪੰਜ ਦਿਨਾ ਰਿਮਾਂਡ 'ਤੇ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਮਨੀ ਲਾਂਡਰਿੰਗ ਮਾਮਲੇ ਵਿਚ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਪਟੀਸ਼ਨ ਵਿਚ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ। ਸੋਰੇਨ ਨੇ ਈ ਡੀ ਵੱਲੋਂ ਆਪਣੀ ਗ੍ਰਿਫਤਾਰੀ ਨੂੰ ਚੁਣੌਤੀ ਦਿੱਤੀ ਸੀ। ਜਸਟਿਸ ਸੰਜੀਵ ਖੰਨਾ, ਜਸਟਿਸ ਐੱਮ ਐੱਮ ਸੁੰਦਰੇਸ਼ ਅਤੇ ਜਸਟਿਸ ਬੇਲਾ ਐੱਮ ਤ੍ਰਿਵੇਦੀ ਦੀ ਬੈਂਚ ਨੇ ਸੋਰੇਨ ਵੱਲੋਂ ਪੇਸ਼ ਸੀਨੀਅਰ ਵਕੀਲ ਕਪਿਲ ਸਿੱਬਲ ਅਤੇ ਅਭਿਸ਼ੇਕ ਸਿੰਘਵੀ ਨੂੰ ਰਾਹਤ ਲਈ ਹਾਈ ਕੋਰਟ ਤੱਕ ਪਹੁੰਚ ਕਰਨ ਲਈ ਕਿਹਾ। ਇਸੇ ਦੌਰਾਨ ਰਾਂਚੀ 'ਚ ਪੀ ਐੱਮ ਐੱਲ ਏ ਅਦਾਲਤ ਨੇ ਹੇਮੰਤ ਸੋਰੇਨ ਨੂੰ ਪੰਜ ਦਿਨ ਦੀ ਈ ਡੀ ਦੀ ਹਿਰਾਸਤ 'ਚ ਭੇਜ ਦਿੱਤਾ ਹੈ।

## ਪੂੰਜੀਪਤੀਆਂ ਵਾਸਤੇ ਦੇਸ਼ ਨੂੰ ਲੁੱਟਣ ਦੀ ਮੋਦੀ ਸਰਕਾਰ ਦੀ ਗਰੰਟੀ ਵਾਲਾ ਬਜਟ : ਬੰਤ ਬਰਾੜ

**ਚੰਡੀਗੜ੍ਹ** : ਮੋਦੀ ਸਰਕਾਰ ਵੱਲੋਂ 2024 ਦੀਆਂ ਚੋਣਾਂ ਤੋਂ ਪਹਿਲਾਂ ਪੇਸ਼ ਕੀਤੇ ਗਏ ਅੰਤਰਮ ਬਜਟ 'ਤੇ ਪ੍ਰਤੀਕਰਮ ਕਰਦਿਆਂ ਪੰਜਾਬ ਸੀ ਪੀ ਆਈ ਨੇ ਆਖਿਆ ਹੈ ਕਿ ਇਹ ਬਜਟ ਪਹਿਲਾਂ ਪੇਸ਼ ਕੀਤੇ ਗਏ ਬਜਟਾਂ ਵਾਂਗ ਕਾਰਪੋਰੇਟ ਸੈਕਟਰ ਦੇ ਆਰਥਕ ਮਾਹਰਾਂ ਦੀ ਦੇਖ-ਰੇਖ ਵਿਚ ਬਣਾਇਆ ਗਿਆ ਬਜਟ ਹੈ।

ਪੰਜਾਬ ਸੀ ਪੀ ਆਈ ਦੇ ਸਕੱਤਰ ਬੰਤ ਬਰਾੜ ਨੇ ਆਖਿਆ ਕਿ 47.65 ਲੱਖ ਕਰੋੜ ਦੇ ਖਰਚਿਆਂ ਦੀ ਯੋਜਨਾ ਵਾਲਾ ਬਜਟ ਪਿਛਲੇ ਸਾਲ ਦੇ ਲਗਭਗ 45 ਲੱਖ ਕਰੋੜ (44.9 ਲੱਖ ਕਰੋੜ) ਨਾਲੋਂ ਮਾਮੂਲੀ ਜਿਹਾ ਵਾਧਾ ਵਧੀਆਂ ਹੋਈਆਂ ਮਹਿੰਗਾਈ ਦਰਾਂ ਕਰਕੇ ਹੀ ਨਜ਼ਰ ਆਉਂਦਾ ਹੈ।

ਖੇਤੀਬਾੜੀ ਅਤੇ ਕਿਸਾਨਾਂ ਦੀ ਭਲਾਈ ਮੰਤਰਾਲੇ ਵਾਸਤੇ ਸਿਰਫ 1.27 ਲੱਖ ਕਰੋੜ ਹੀ ਰੱਖਿਆ ਗਿਆ ਹੈ ਤੇ ਕਿਸਾਨੀ ਆਮਦਨ ਦੇ ਵਾਧੇ ਅਤੇ ਘੱਟੋ-ਘੱਟ ਸਹਾਇਕ ਕੀਮਤਾਂ ਬਾਰੇ ਕੋਈ ਗਰੰਟੀ ਨਹੀਂ ਕੀਤੀ ਗਈ। ਬੇਰੁਜ਼ਗਾਰੀ ਵਿਰੁੱਧ ਕੋਈ ਵੀ ਠੋਸ ਕਦਮ ਦੀ ਗੱਲ ਦਾ ਉਕਾ ਜ਼ਿਕਰ ਨਹੀਂ। ਪੇਂਡੂ ਖੇਤ ਮਜ਼ਦੂਰਾਂ ਅਤੇ ਮਜ਼ਦੂਰਾਂ, ਮੁਲਾਜ਼ਮਾਂ ਦੀ ਆਮਦਨੀ ਅਤੇ ਆਰਥਿਕ ਹਾਲਤ ਸੁਧਾਰਨ ਵਾਸਤੇ ਵੀ ਬਜਟ ਖਾਮੋਸ਼ ਹੈ।

ਮਨਰੇਗਾ ਵਿਚ ਮਾਮੂਲੀ ਵਾਧਾ ਵਧੀਆਂ ਕੀਮਤਾਂ ਕਰਕੇ ਹਿਸਾਬ ਲਾਈਏ ਤਾਂ ਉਥੇ ਹੀ ਖੜ੍ਹਾ ਹੈ।

ਸਿਹਤ ਅਤੇ ਵਿੱਦਿਆ ਖੇਤਰ ਵਿਚ ਵੀ ਬਜਟ ਵਿਚ ਨਿਰਾਸ਼ਾਜਨਕ ਪਹੁੰਚ ਹੀ ਨਜ਼ਰ ਆਉਂਦੀ ਹੈ। ਵਿਦਿਅਕ ਖੇਤਰ ਵਿਚ ਉਚੇਰੀ ਵਿਦਿਆ ਵਾਸਤੇ ਤਾਂ ਹੋਰ ਵੀ ਕਟੌਤੀ ਕਰ ਦਿੱਤੀ ਹੈ।

ਬੰਤ ਸਿੰਘ ਬਰਾੜ ਨੇ ਸਾਰੀਆਂ ਲੋਕ-ਪੱਖੀ ਸ਼ਕਤੀਆਂ ਨੂੰ ਸਾਂਝੇ ਤੌਰ 'ਤੇ ਇਸ ਲੋਕ-ਵਿਰੋਧੀ ਬਜਟ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣ ਦੀ ਅਪੀਲ ਕੀਤੀ ਹੈ।

## ਟਾਰਗੈਟ ਕਿਲਿੰਗ ਦੀਆਂ ਸਾਜ਼ਿਸ਼ਾਂ ਨਾਕਾਮ, ਹੈਪੀ ਬਾਬਾ ਗ੍ਰਿਫਤਾਰ

**ਚੰਡੀਗੜ੍ਹ/ਜਲੰਧਰ (ਸ਼ੈਲੀ ਐਲਬਰਟ)**

ਪੰਜਾਬ ਪੁਲਸ ਨੇ ਹਰਪ੍ਰੀਤ ਸਿੰਘ ਉਰਫ ਹੈਪੀ ਬਾਬਾ ਵਾਸੀ ਪਿੰਡ ਅਲਾਦੀਨਪੁਰ (ਤਰਨ ਤਾਰਨ) ਦੀ ਗ੍ਰਿਫ਼ਤਾਰੀ ਨਾਲ ਸੂਬੇ 'ਚ ਮਿੱਥ ਕੇ ਹਤਿਆਵਾਂ ਕਰਨ ਦੀ ਸਾਜ਼ਿਸ਼ ਨੂੰ ਨਾਕਾਮ ਕੀਤਾ ਹੈ। ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਮੁਲਜ਼ਮ ਹੈਪੀ ਬਾਬਾ ਕਤਲ ਅਤੇ ਕਤਲ ਕਰਨ ਦੀ ਕੋਸ਼ਿਸ਼ ਦੇ ਕਈ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਹੈ। ਪੁਲਸ ਟੀਮ ਨੇ ਉਸ ਦੇ ਕਬਜ਼ੇ 'ਚੋਂ ਇੱਕ 30 ਬੋਰ ਦਾ ਆਟੋਮੈਟਿਕ ਪਿਸਤੌਲ, ਇੱਕ ਮੈਗਜ਼ੀਨ ਅਤੇ ਤਿੰਨ ਜ਼ਿੰਦਾ ਕਾਰਤੂਸ ਵੀ ਬਰਾਮਦ ਕੀਤੇ ਹਨ। ਇਹ ਕਾਰਵਾਈ ਕਾਊਂਟਰ ਇੰਟੈਲੀਜੈਂਸ ਜਲੰਧਰ ਵੱਲੋਂ ਤਰਨ ਤਾਰਨ ਦੇ ਨਾਨਕਸਰ ਮੁਹੱਲੇ ਦੇ ਵਿਕਰਮਜੀਤ ਸਿੰਘ ਉਰਫ ਵਿੱਕੀ ਭੱਟੀ ਨੂੰ ਉਸ

● ਬਾਕੀ ਸਫ਼ਾ 2 'ਤੇ

## ਦੇਸ਼ ਦੇ ਚਿੰਤਾਜਨਕ ਹਾਲਾਤ ਦਰਮਿਆਨ ਸੀ ਪੀ ਆਈ ਦੀ ਕੌਮੀ ਕੌਂਸਲ ਦੀ ਮੀਟਿੰਗ




**ਹੈਦਰਾਬਾਦ** : ਸੀ ਪੀ ਆਈ ਦੀ ਕੌਮੀ ਕੌਂਸਲ ਮੀਟਿੰਗ ਹੈਦਰਾਬਾਦ ਵਿਖੇ ਨਿਸ਼ਾ ਸਿੱਧੂ, ਰਾਮਾ ਕ੍ਰਿਸ਼ਨ ਪਾਂਡਾ ਤੇ ਸੰਮਬਸਿਵਾ ਰਾਓ ਦੇ ਪ੍ਰਧਾਨਗੀ ਮੰਡਲ ਅਧੀਨ ਸ਼ੁਰੂ ਹੋਈ। ਸੀ ਪੀ ਆਈ ਦੇ ਕੁੱਲ ਹਿੰਦ ਜਨਰਲ ਸਕੱਤਰ ਡੀ ਰਾਜਾ ਨੇ ਲੋਕ ਸਭਾ ਚੋਣਾਂ, ਪਾਰਟੀ ਮੈਂਬਰਸ਼ਿਪ, ਪਾਰਟੀ ਫੰਡ ਏਜੰਡਾ ਪੇਸ਼ ਕੀਤਾ। ਅਮਰਜੀਤ ਕੌਰ ਨੇ ਸ਼ੋਕ ਮਤਾ ਪੇਸ਼ ਕੀਤਾ, ਜੋ ਸਰਬਸੰਮਤੀ ਨਾਲ ਪਾਸ ਹੋਇਆ ਤੇ ਖੜ੍ਹੇ ਹੋ ਕੇ ਕਾਮਰੇਡਾਂ ਤੇ ਹਮਦਰਦਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ। ਕਾਮਰੇਡ ਰਾਜਾ ਨੇ ਅਜੋਕੇ ਸਿਆਸੀ ਹਾਲਾਤ 'ਤੇ ਚਾਨਣਾ ਪਾਇਆ ਤੇ ਇਸ ਏਜੰਡੇ 'ਤੇ ਕੌਮੀ ਕੌਂਸਲ ਮੈਂਬਰਾਂ ਨੂੰ ਬੋਲਣ ਦੀ ਅਪੀਲ ਕੀਤੀ। ਪਿਛਲੇ ਕੰਮਾਂ ਦੀ ਰਿਪੋਰਟ ਵੀ ਪੇਸ਼ ਹੋਈ, ਜੋ ਵਿਚਾਰ-ਚਰਚਾ ਤੋਂ ਬਾਅਦ ਵਾਧਿਆਂ ਸਮੇਤ ਪਾਸ ਹੋਵੇਗੀ।

ਮੋਦੀ ਸਰਕਾਰ ਦੀ ਨੀਤੀ ਦੇਸ਼ ਲਈ ਅੱਤ ਘਾਤਕ ਤੇ ਦੇਸ਼ ਨੂੰ ਖੇਰੂੰ-ਖੇਰੂੰ ਕਰਨ ਵਾਲੀ ਹੈ। ਮੋਦੀ ਕਾਰਪੋਰੇਟ ਘਰਾਣਿਆਂ ਦੇ ਹੁਕਮ 'ਤੇ ਕੰਮ ਕਰ ਰਿਹਾ ਹੈ। ਕਾਰਪੋਰੇਟੀਏ ਚਾਹੁੰਦੇ ਹਨ ਕਿ ਹਿੰਦ ਦੇ ਟੋਟੇ-ਟੋਟੇ ਕਰਕੇ ਇਸ ਨੂੰ ਹੜੱਪ ਲਿਆ ਜਾਵੇ। ਕਾਰਪੋਰੇਟ ਖਾਸ ਕਰਕੇ ਹਿੰਦ ਦੀ ਧਰਤੀ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ। ਕਾਰਪੋਰੇਟਾਂ ਨੇ ਪਹਿਲਾਂ ਹਿੰਦ ਦੀ ਧਰਤੀ ਹੜੱਪਣ ਵਾਸਤੇ ਮੋਦੀ ਸਰਕਾਰ ਤੋਂ ਤਿੰਨ ਕਾਲੇ ਕਾਨੂੰਨ ਬਣਵਾਏ ਸਨ, ਉਹ ਕਿਸਾਨਾਂ ਦੇ ਕਰੜੇ ਸੰਘਰਸ਼ ਨਾਲ ਵਾਪਸ ਹੋਏ ਤੇ ਇੱਕ ਵੇਰਾਂ ਸਾਡੀ ਸੋਨੇ ਵਰਗੀ ਧਰਤੀ ਬਚ ਗਈ। ਜੇ ਮੋਦੀ 2024 ਦੀਆਂ ਲੋਕ ਸਭਾ ਚੋਣਾਂ ਜਿੱਤ ਗਿਆ ਤਾਂ ਫਿਰ ਸਾਡੀ ਧਰਤੀ ਮਾਂ ਬਚਣੀ ਮੁਸ਼ਕਲ ਹੈ। ਇਸ ਕਰਕੇ ਲੋਕ ਸਭਾ ਚੋਣਾਂ ਵਿੱਚ ਕਿਰਤੀ ਤੇ ਦੇਸ਼ ਭਗਤ ਆਵਾਮ ਨੂੰ ਹਰ ਹਾਲਤ ਵਿੱਚ ਮੋਦੀ ਨੂੰ ਹਰਾਉਣਾ ਚਾਹੀਦਾ ਹੈ। 'ਇੰਡੀਆ' ਗੱਠਜੋੜ ਵਿੱਚ ਸ਼ਾਮਲ ਪਾਰਟੀਆਂ ਜੇ ਆਪੋ-ਆਪਣੇ ਸਿਆਸੀ ਹਿੱਤਾਂ ਤੋਂ ਉਪਰ ਉੱਠ ਕੇ ਇਮਾਨਦਾਰੀ ਨਾਲ ਚੋਣਾਂ ਵਿੱਚ ਨਿਤਰਨ ਤਾਂ ਮੋਦੀ ਨੂੰ ਹਰਾਇਆ ਜਾ ਸਕਦਾ ਹੈ। ਕੌਮੀ ਕੌਂਸਲ ਦੀ ਮੀਟਿੰਗ ਵਿੱਚ ਪੰਜਾਬ ਤੋਂ ਬੰਤ ਸਿੰਘ ਬਰਾੜ, ਹਰਦੇਵ ਅਰਸ਼ੀ, ਨਿਰਮਲ ਸਿੰਘ ਧਾਲੀਵਾਲ, ਨਰਿੰਦਰ ਸੋਹਲ, ਡਾਕਟਰ ਅਰੁਣ ਮਿੱਤਰਾ, ਗੁਲਜ਼ਾਰ ਗੋਰੀਆ ਤੇ ਪ੍ਰਿਥੀਪਾਲ ਸਿੰਘ ਮਾੜੀਮੇਘਾ ਪਹੁੰਚੇ ਹਨ।

## ਅੱਜ-ਨਾਮਾ

ਹੋਇਆ ਚੋਣਾਂ ਦਾ ਅਜੇ ਐਲਾਨ ਕੋਈ ਨਾ,
ਦਾਅਵੇਦਾਰ ਕਈ ਹੋਏ ਸਰਗਰਮ ਮੀਆਂ।
ਹੋਈ ਆ ਟਿਕਟ ਦੀ ਹਾਂ ਵੀ ਕਹਿਣ ਸਾਰੇ,
ਯਾਰਾਂ-ਬੇਲੀਆਂ ਨੂੰ ਪਾ ਰਹੇ ਭਰਮ ਮੀਆਂ।
ਬਿਨਾਂ ਝਾਕ ਵੀ ਕੋਈ ਜਦ ਕਰੇ ਦਾਅਵਾ,
ਆਖੇ ਨਾਲ ਕਿ ਜਾਗ ਪਏ ਕਰਮ ਮੀਆਂ।
ਅੰਦਰਲੀ ਬਾਤ ਦਾ ਜਾਣਦੇ ਰਾਜ਼ ਜਿਹੜੇ,
ਕਹਿਣ ਸਿਰੇ ਦਾ ਉਹਨੂੰ ਬੇਸ਼ਰਮ ਮੀਆਂ।
ਰਾਜਨੀਤੀ ਲਈ ਜਦੋਂ ਹਨ ਦਾਅ ਲਾਉਣੇ,
ਕਰੀ ਸ਼ਰਮ ਦਾ ਲਾਭ ਨਹੀਂ ਕੋਈ ਮੀਆਂ।
ਖੱਟਣਾ ਲਾਭ ਤਾਂ ਸ਼ਰਮ ਜਿਹੀ ਰੱਖ ਲਾਂਭੇ,
ਲਾਹੁੰਦੇ ਡਿੱਠੇ ਮੈਦਾਨ ਵਿੱਚ ਲੋਈ ਮੀਆਂ।

-ਤੀਸ ਮਾਰ ਖਾਂ

## ਬਜਟ ਪਸੰਦੀਦਾ ਕਾਰਪੋਰੇਟਾਂ ਦੇ ਫਾਇਦੇ ਵੱਲ ਸੇਧਤ : ਏਟਕ

**ਲੁਧਿਆਣਾ (ਐੱਮ ਐੱਸ ਭਾਟੀਆ)**

ਏਟਕ ਦੇ ਸਕੱਤਰੇਤ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸ ਸਾਲ ਦਾ ਬਜਟ ਵਿੱਤ ਮੰਤਰੀ ਦਾ ਚੋਣ ਭਾਸ਼ਣ ਸੀ, ਜਿਸ ਵਿੱਚ ਉਨ੍ਹਾਂ ਦੀ ਸਰਕਾਰ ਦੀ ਸ਼ਲਾਘਾ ਕੀਤੀ ਗਈ, ਜਿਸ ਵਿੱਚ ਬੇਬੁਨਿਆਦ ਅੰਕੜਿਆਂ ਅਤੇ ਝੂਠਾਂ ਦੀ ਵਰਤੋਂ ਕਰਕੇ ਜੀਵਨ ਦੇ ਵੱਖ-ਵੱਖ ਖੇਤਰਾਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਦੱਸੀਆਂ ਗਈਆਂ ਹਨ।

ਬਜਟ ਇੱਕ ਵਾਰ ਫਿਰ ਪੂਰੀ ਤਰ੍ਹਾਂ ਅੰਤਰਰਾਸ਼ਟਰੀ ਵਿੱਤ ਪੂੰਜੀ ਅਤੇ ਸਰਕਾਰੀ ਖੇਤਰ ਦੇ ਉੱਦਮਾਂ, ਸਹਿਕਾਰੀ ਐੱਮ ਐੱਸ ਐੱਮ ਈ ਦੇ ਵਿਰੁੱਧ ਸਰਕਾਰ ਦੇ ਪਸੰਦੀਦਾ ਕਾਰਪੋਰੇਟਾਂ ਦੇ ਫਾਇਦੇ ਵੱਲ ਸੇਧਿਤ ਹੈ, ਜਿਵੇਂ ਕਿ ਨੀਤੀਗਤ ਘੋਸ਼ਣਾ ਤੋਂ ਸਪੱਸ਼ਟ ਹੈ ਕਿ ਐੱਫ ਡੀ ਆਈ ਨੂੰ ਉਤਸ਼ਾਹਿਤ ਕੀਤਾ ਗਿਆ ਹੈ ਅਤੇ ਵਾਢੀ ਤੋਂ ਬਾਅਦ ਦੇ ਕਾਰਜਾਂ ਨੂੰ ਸੰਭਾਲਣ ਲਈ ਏਕਾਧਿਕਾਰ ਘਰਾਣਿਆਂ ਦਾ ਸਮਰਥਨ ਕੀਤਾ ਗਿਆ ਹੈ। ਨਿੱਜੀਕਰਨ ਅਤੇ ਜਨਤਕ ਜਾਇਦਾਦਾਂ ਅਤੇ ਬੁਨਿਆਦੀ ਢਾਂਚੇ ਦੀ ਵਿਕਰੀ ਦੀ ਮੁਹਿੰਮ ਬਜਟ ਦੇ ਅਨੁਸਾਰ ਜਾਰੀ ਰੱਖੀ ਜਾਣੀ ਹੈ। ਅਮੀਰਾਂ ਅਤੇ ਬਹੁਤ ਅਮੀਰਾਂ ਦੀ ਟੈਕਸ ਕਟੌਤੀ ਜਾਰੀ ਰਹੇਗੀ ਪਰ ਆਮ ਆਦਮੀ ਨੂੰ ਸਰਕਾਰ ਦੇ ਘਾਟੇ ਦੇ ਟੀਚਿਆਂ ਨੂੰ ਪੂਰਾ ਕਰਨ ਲਈ ਵਧੇ ਹੋਏ ਟੈਕਸਾਂ ਦਾ ਸਾਹਮਣਾ ਕਰਨਾ ਪਵੇਗਾ। ਭਾਸ਼ਣ ਵਿੱਚ ਦਾਅਵਾ ਕੀਤਾ ਗਿਆ ਹੈ ਕਿ 1.4 ਕਰੋੜ ਨੌਜਵਾਨਾਂ ਨੂੰ ਸਿਖਲਾਈ ਦਿੱਤੀ ਗਈ ਹੈ, 54 ਲੱਖ ਨੌਜਵਾਨਾਂ ਨੂੰ ਹੁਨਰਮੰਦ ਅਤੇ ਮੁੜ ਹੁਨਰਮੰਦ ਬਣਾਇਆ ਗਿਆ ਹੈ ਅਤੇ 3000 ਨਵੇਂ, ਸੈਂਕੜੇ ਆਈ ਆਈ ਟੀ, ਆਈ ਆਈ ਐੱਮ, ਏਮਜ਼ ਅਤੇ ਯੂਨੀਵਰਸਿਟੀਆਂ ਦੀ ਸਥਾਪਨਾ ਕੀਤੀ ਗਈ ਹੈ, ਪਰ ਰੁਜ਼ਗਾਰ ਦੇ ਮੌਕਿਆਂ ਬਾਰੇ ਚੁੱਪ ਹੈ। ਨਿਸ਼ਚਿਤ ਮਿਆਦ ਦੇ ਰੁਜ਼ਗਾਰ ਨੂੰ ਲਾਗੂ ਕੀਤਾ ਜਾ ਰਿਹਾ ਹੈ, ਆਊਟਸੋਰਸਿੰਗ, ਠੇਕਾਕਰਨ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਮਨਜ਼ੂਰ ਅਸਾਮੀਆਂ ਖਾਲੀ ਪਈਆਂ ਹਨ। ਗੰਭੀਰ ਬੇਰੁਜ਼ਗਾਰੀ ਅਤੇ ਨਿਰਾਸ਼ਾ ਦੇ ਸਾਹਮਣੇ, ਅਸੀਂ ਦੇਖ ਰਹੇ ਹਾਂ ਕਿ ਕਿਵੇਂ ਨੌਜਵਾਨ ਵਰਕਰਾਂ ਨੂੰ ਰਾਜਾਂ ਦੀਆਂ ਭਾਜਪਾ ਸਰਕਾਰਾਂ ਦੁਆਰਾ ਪੀ ਐੱਮ ਓ ਦੇ ਇਸ਼ਾਰੇ 'ਤੇ ਇਜ਼ਰਾਈਲ ਜਾਣ ਲਈ, ਜੋ ਕਿ ਯੁੱਧਗ੍ਰਸਤ ਟਕਰਾਅ ਵਾਲਾ ਖੇਤਰ ਹੈ, ਅਮਰੀਕਾ ਦਾ ਸਾਥ ਦੇਣ ਦੀ ਆਪਣੀ ਨੀਤੀ ਨੂੰ ਅੱਗੇ ਵਧਾਉਣ ਲਈ ਲੁਭਾਇਆ ਜਾ ਰਿਹਾ ਹੈ। ਇਜ਼ਰਾਈਲ ਨੇ ਫਲਸਤੀਨੀਆਂ ਵਿਰੁੱਧ ਨਸਲਕੁਸ਼ੀ ਕਰਨ ਅਤੇ ਤੁਰੰਤ ਜੰਗਬੰਦੀ ਲਈ ਵਿਸ਼ਵ ਭਾਈਚਾਰੇ ਦੀ ਆਵਾਜ਼ ਨੂੰ ਠੁਕਰਾਇਆ ਹੈ।

ਭਾਸ਼ਣ ਵਿੱਚ 74 ਲੱਖ ਸਟ੍ਰੀਟ ਵਿਕਰੇਤਾਵਾਂ ਨੂੰ ਕ੍ਰੈਡਿਟ ਸਹਾਇਤਾ ਦੇਣ ਦਾ ਦਾਅਵਾ ਕੀਤਾ ਗਿਆ ਹੈ। ਉਨ੍ਹਾਂ ਦਾ ਆਪਣਾ ਮੰਨਣਾ ਕਿ ਤੀਜੀ ਵਾਰ ਸਿਰਫ਼ 2.3 ਲੱਖ ਨੂੰ ਹੀ ਕ੍ਰੈਡਿਟ ਮਿਲਿਆ ਹੈ, ਸੱਚਾਈ ਨੂੰ ਬੇਪਰਦ ਕਰਦਾ ਹੈ।

ਮਨਰੇਗਾ ਲਈ ਬਜਟ ਦੀ ਵੰਡ ਨੂੰ ਹਰ ਸਾਲ ਲਗਾਤਾਰ ਘਟਾਇਆ ਜਾ ਰਿਹਾ ਹੈ ਅਤੇ ਇਸ ਸਾਲ ਵੀ ਇਹ 2022-23 ਦੇ ਅਸਲ ਖਰਚਿਆਂ ਨਾਲੋਂ 5 ਫੀਸਦੀ ਘੱਟ ਹੈ। ਕੀਤੇ ਕੰਮ ਦੇ ਬਕਾਏ ਵੀ ਇਸ ਵੰਡ ਵਿੱਚ ਸ਼ਾਮਲ ਹਨ। ਇੱਕ ਹੋਰ ਸੱਚਾਈ ਇਹ ਹੈ ਕਿ ਨੌਕਰੀਆਂ ਲਈ ਅਪਲਾਈ ਕਰਨ ਵਾਲੇ 5 ਕਰੋੜ 60 ਲੱਖ ਪਰਵਾਰਾਂ ਵਿੱਚੋਂ ਸਿਰਫ਼ ਇੱਕ ਫੀਸਦੀ ਨੂੰ ਹੀ 100 ਦਿਨਾਂ ਦਾ ਕੰਮ ਦਿੱਤਾ ਗਿਆ। ਇੱਕ ਹੋਰ ਨੰਗਾ ਸੱਚ ਇਹ ਹੈ ਕਿ 5.48 ਕਰੋੜ ਮਨਰੇਗਾ ਮਜ਼ਦੂਰਾਂ ਨੂੰ ਰਜਿਸਟਰਡ ਜੌਬ ਕਾਰਡਾਂ ਦੀ ਸੂਚੀ ਵਿੱਚੋਂ ਹਟਾ ਦਿੱਤਾ ਗਿਆ ਹੈ।

ਇਸ ਬੱਜਟ ਵਿੱਚ ਖੇਤੀਬਾੜੀ ਅਤੇ ਸਹਾਇਕ ਸੇਵਾਵਾਂ ਲਈ ਹੁਣ ਤੱਕ ਦਾ ਸਭ ਤੋਂ ਘੱਟ ਉਪਬੰਧ ਕੀਤਾ ਗਿਆ ਹੈ, ਸੋਧੇ ਬਜਟ ਤੋਂ ਵੀ 22.3 ਪ੍ਰਤੀਸ਼ਤ ਦੀ ਗਿਰਾਵਟ, 6 ਪ੍ਰਤੀਸ਼ਤ ਦੀ ਗਿਰਾਵਟ। ਐੱਮ ਐੱਸ ਪੀ ਦੀ ਗਾਰੰਟੀ ਦੇਣ ਵਾਲੇ ਕਾਨੂੰਨ ਨੂੰ ਲਾਗੂ ਕਰਨ ਦੀ ਮੰਗ ਨੂੰ ਦਰਕਿਨਾਰ ਕਰਦੇ ਹੋਏ, ਭਾਸ਼ਣ 'ਘੱਟੋ-ਘੱਟ ਸਮਰਥਨ ਮੁੱਲ ਦੇ ਸਮੇਂ-ਸਮੇਂ 'ਤੇ ਵਾਧੇ' ਦੀ ਗੱਲ ਕਰਦਾ ਹੈ। ਨਤੀਜੇ ਵਜੋਂ ਅੰਨਦਾਤਾ ਅਸਲ ਵਿੱਚ ਦੁਖੀ ਹੈ, ਕਿਉਂਕਿ ਉਸ ਦੀ ਕਿਸੇ ਵੀ ਮੰਗ ਦਾ ਹੱਲ ਨਹੀਂ ਕੀਤਾ

● ਬਾਕੀ ਸਫ਼ਾ 2 'ਤੇ

## ਸੁਖਬੀਰ ਬਾਦਲ ਵੱਲੋਂ ਦੁੱਖ ਦਾ ਪ੍ਰਗਟਾਵਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪਿੰਡ ਚੱਕ ਸੁਹੇਲੇਵਾਲਾ ਵਿਖੇ ਮਾਤਾ ਸਰਬਜੀਤ ਕੌਰ ਧਰਮਪਤਨੀ ਸਵ: ਜੋਰਾ ਸਿੰਘ ਮਾਨ ਸਾਬਕਾ ਮੈਂਬਰ ਪਾਰਲੀਮੈਂਟ ਦੇ ਅਕਾਲ ਚਲਾਣੇ 'ਤੇ ਉਨ੍ਹਾਂ ਦੇ ਸਪੁੱਤਰ ਸੀਨੀਅਰ ਅਕਾਲੀ ਆਗੂ ਵਰਦੇਵ ਸਿੰਘ ਨੋਨੀ ਮਾਨ ਤੇ ਨਰਦੇਵ ਸਿੰਘ ਬੌਬੀ ਨਾਲ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਵੱਲੋਂ ਦੁੱਖ ਸਾਂਝਾ ਕੀਤਾ ਗਿਆ। ਇਸ ਮੌਕੇ ਉਨ੍ਹਾ ਨਾਲ ਮਨਜਿੰਦਰ ਸਿੰਘ ਬਿੱਟੂ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਬਰੀਵਾਲਾ, ਜਗਵੰਤ ਸਿੰਘ ਲੰਬੀ ਢਾਬ, ਪੂਰਨ ਸਿੰਘ ਲੰਡੇ ਰੋਡੇ, ਗੁਰਵਿੰਦਰ ਸਿੰਘ ਬਾਜਾ ਮਰਾੜ੍ਹ, ਹਰਵਿੰਦਰ ਸਿੰਘ ਵਿਰਕ, ਬੇਅੰਤ ਸਿੰਘ ਮਨੇਸ ਆਦਿ ਹਾਜ਼ਰ ਸਨ। ਮਾਤਾ ਸਰਬਜੀਤ ਕੌਰ ਨਮਿਤ ਅੰਤਿਮ ਅਰਦਾਸ 4 ਫਰਵਰੀ ਨੂੰ 12 ਤੋਂ 1 ਵਜੇ ਤੱਕ ਪਿੰਡ ਚੱਕ ਸੁਹੇਲੇ ਵਾਲਾ ਵਿਖੇ ਹੋਵੇਗੀ।

## ਰਾਸ਼ਟਰੀ ਸੈਰ-ਸਪਾਟਾ ਦਿਵਸ ਮੌਕੇ ਸ਼ੈੱਫ ਮੁਕਾਬਲੇ ਕਰਵਾਏ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਵੱਲੋਂ 'ਰਾਸ਼ਟਰੀ ਸੈਰ ਸਪਾਟਾ ਦਿਵਸ' ਬੜੀ ਧੂਮਧਾਮ ਨਾਲ ਮਨਾਇਆ ਗਿਆ।ਸਕੂਲ ਆਫ ਹੋਟਲ ਮੈਨੇਜਮੈਂਟ ਐਂਡ ਟੂਰਿਜ਼ਮ ਨੇ ਸੰਸਥਾ ਦੀ ਇਨੋਵੇਸ਼ਨ ਕੌਂਸਲ ਦੇ ਸਹਿਯੋਗ ਨਾਲ ਰਾਸ਼ਟਰੀ ਸ਼ੈੱਫ ਮੁਕਾਬਲੇ 'ਐਵਰੈਸਟ ਕੁਲੀਨਰੀ ਚੈਲੇਂਜ ਸੀਜ਼ਨ-5' ਦੇ ਪਹਿਲੇ ਦੌਰ ਦਾ ਆਯੋਜਨ ਕੀਤਾ।ਇਸ ਮੌਕੇ 12 ਟੀਮਾਂ ਨੇ ਭਾਗ ਲਿਆ।ਉਸ ਨੇ ਬੰਗਾਲੀ ਸੁਆਦਾਂ ਤੋਂ ਲੈ ਕੇ ਬੇਕਰੀ ਦੇ ਸੁਆਦਾਂ ਤੱਕ ਵੱਖ-ਵੱਖ ਪਕਵਾਨ ਬਣਾਏ। ਅਗਲੇ ਦੌਰ ਵਿੱਚ ਭਾਗ ਲੈਣ ਲਈ ਚਾਰ ਟੀਮਾਂ ਦੀ ਚੋਣ ਕੀਤੀ ਗਈ।ਚੁਣੀਆਂ ਗਈਆਂ ਟੀਮਾਂ ਵਿੱਚ ਕਾਜਲ, ਕਸਕ, ਲਕਸ਼ਮੀ ਕੁਮਾਰੀ, ਅਦਿਤੀ, ਜਸਪ੍ਰੀਤ, ਅਰਸ਼ਪ੍ਰੀਤ, ਖੁਸ਼ਦੀਪ ਤੇ ਵਿਪਨਜੋਤ ਕੌਰ ਸ਼ਾਮਲ ਸਨ।ਵਿਦਿਆਰਥੀ ਚੰਡੀਗੜ੍ਹ ਵਿੱਚ ਹੋਣ ਵਾਲੇ ਮੁਕਾਬਲੇ ਦੇ ਆਗਾਮੀ ਦੌਰ ਵਿੱਚ ਭਾਗ ਲੈਣਗੇ।ਇਸ ਮੌਕੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਸ਼ਿਰਕਤ ਕੀਤੀ।ਡਾ: ਜ਼ੋਰਾ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਚਾਹਵਾਨ ਸ਼ੈੱਫਾਂ ਦੀ ਪ੍ਰਸੰਸਾ ਕੀਤੀ ਤੇ ਕਿਹਾ ਕਿ ਸ਼ੈੱਫ ਭੋਜਨ ਨੂੰ ਅਨੁਭਵ ਤੇ ਖੁਸ਼ੀ ਵਿੱਚ ਬਦਲਦੇ ਹਨ। ਡਾ: ਤਜਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ ਤੇ ਉਨ੍ਹਾਂ ਨੂੰ ਅਜਿਹੇ ਮੁਕਾਬਲਿਆਂ ਵਿੱਚ ਸਰਗਰਮੀ ਨਾਲ ਭਾਗ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਜਿੱਤ ਜਾਂ ਹਾਰ ਮਾਇਨੇ ਨਹੀਂ ਰੱਖਦੀ, ਭਾਗੀਦਾਰੀ ਮਾਇਨੇ ਰੱਖਦੀ ਹੈ।ਸਕੂਲ ਆਫ਼ ਹੋਟਲ ਮੈਨੇਜਮੈਂਟ ਐਂਡ ਟੂਰਿਜ਼ਮ ਦੇ ਡਾਇਰੈਕਟਰ ਡਾ: ਅਮਨ ਸ਼ਰਮਾ ਨੇ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਸਰਕਾਰੀ ਸਕੂਲ ਦੀ ਵਿਦਿਆਰਥਣ ਨੇ ਕੁਇੱਜ਼ ਮੁਕਾਬਲੇ 'ਚ ਮਾਰੀਆਂ ਮੱਲਾਂ



**ਕੋਟ ਈਸੇ ਖਾਂ (ਅਰੋੜਾ)**-ਪੰਜਾਬ ਸਰਕਾਰ ਤੇ ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਵਿੱਚ ਮੈਥ ਮੇਲਾ ਤੇ ਕੁਇੱਜ਼ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਖ ਵੱਖ ਸਕੂਲਾਂ ਦੇ ਵਿਦਾਰਥੀਆਂ ਨੇ ਭਾਗ ਲਿਆ, ਜਿਸ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਕੋਟ ਈਸੇ ਖਾਂ ਦੀ ਵਿਦਿਆਰਥਣ ਸ਼ੁਭਨੀਤ ਕੌਰ ਦਾ ਤਿਆਰ ਕੀਤਾ ਮਾਡਲ ਜ਼ਿਲ੍ਹੇ ਭਰ ਵਿੱਚੋਂ ਪਹਿਲਾ ਸਥਾਨ ਹਾਸਲ ਕਰਨ ਵਿੱਚ ਕਾਮਯਾਬ ਰਿਹਾ ਅਤੇ ਦੂਸਰੇ ਪਾਸੇ ਕੁਇੱਜ਼ ਮੁਕਾਬਲੇ 'ਚ ਸਿਮਰਨ ਕੌਰ, ਅਵੀਜੋਤ ਕੌਰ ਤੇ ਜੈਸਮੀਨ ਕੌਰ ਨੇ ਜ਼ਿਲ੍ਹੇ ਵਿੱਚੋਂ ਦੂਸਰਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਵਿੱਚ ਜਾਣਕਾਰੀ ਸਾਂਝੀ ਕਰਦੇ ਹੋਏ ਸਕੂਲ ਦੇ ਇੰਚਾਰਜ ਪ੍ਰਿੰਸੀਪਲ ਸ੍ਰੀਮਤੀ ਕਿਰਨਪਾਲ ਕੌਰ ਨੇ ਦੱਸਿਆ ਕਿ ਗਣਿਤ ਦੇ ਗਾਈਡ ਅਧਿਆਪਕਾ ਸ੍ਰੀਮਤੀ ਮੀਨੂ (ਮੈਥ ਮਿਸਟ੍ਰਿਸ) ਤੇ ਕੁਇੱਜ਼ ਮੁਕਾਬਲੇ ਦੇ ਗਣਿਤ, ਅੰਗਰੇਜ਼ੀ, ਐੱਸ ਐੱਸ ਟੀ ਦੇ ਅਧਿਆਪਕ ਸਾਹਿਬਾਨ ਦੀ ਮਿਹਨਤ ਕਰਕੇ ਹੀ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਤੇ ਦੂਸਰਾ ਸਥਾਨ ਹਾਸਲ ਹੋਇਆ ਹੈ।ਇਸ ਮੌਕੇ ਸਕੂਲ ਦੇ ਇੰਚਾਰਜ ਪ੍ਰਿੰ. ਕਿਰਨਪਾਲ ਕੌਰ ਨੇ ਸਮੂਹ ਅਧਿਆਪਕ ਤੇ ਜੇਤੂ ਬੱਚਿਆਂ ਨੂੰ ਮੁਬਾਰਕਬਾਦ ਦਿੱਤੀ।

## ਕਿੰਡਰ ਗਾਰਟਨ 'ਚ ਅਥਲੈਟਿਕਸ ਮੀਟ ਤੇ ਇਨਾਮ ਵੰਡ ਸਮਾਗਮ




**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਕਿੰਡਰ ਗਾਰਟਨ ਸੀ. ਸੈ. ਸਕੂਲ ਵਿੱਚ ਨਰਸਰੀ ਤੋਂ ਬਾਰਵੀਂ ਤੱਕ ਸਾਲਾਨਾ ਐਥਲੈਟਿਕਸ ਮੀਟ ਵਿੱਚ ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਕਰਨ ਲਈ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਸਾਲਾਨਾ ਐਥਲੈਟਿਕਸ ਮੀਟ ਵਿੱਚ ਸਪੂਨ ਰੇਸ, ਸੈਕ ਰੇਸ, 30 ਤੇ 40 ਮੀ. ਰੇਸ, ਫਰੋਗ ਰੇਸ, ਬੈਕ ਰੇਸ, ਬਾਸਕਟਬਾਲ ਆਦਿ ਈਵੈਂਟ ਕਰਵਾਏ ਗਏ। ਇਨ੍ਹਾਂ ਈਵੈਂਟਾਂ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਖੇਡਾਂ ਵਿੱਚ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਕੂਲ ਦੇ ਡਾਇਰੈਕਟਰ ਮੈਡਮ ਸ੍ਰੀਮਤੀ ਸਰਬਜੀਤ ਕੌਰ, ਪ੍ਰਿੰਸੀਪਲ ਮੈਡਮ ਸ੍ਰੀਮਤੀ ਰਣਜੋਤ ਕੌਰ ਤੇ ਕਮਲਜੀਤ ਸਿੰਘ ਸ਼ਾਹੀ ਵੱਲੋਂ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਅੰਤ ਵਿੱਚ ਸਕੂਲ ਦੇ ਡਾਇਰੈਕਟਰ ਮੈਡਮ ਸ੍ਰੀਮਤੀ ਸਰਬਜੀਤ ਕੌਰ ਨੇ ਕਿਹਾ ਕਿ ਖੇਡਾਂ ਨੂੰ ਪ੍ਰਫੁਲਿਤ ਕਰਨ ਲਈ ਬੱਚਿਆਂ ਨੂੰ ਸਨਮਾਨਤ ਕਰਨਾ ਚਾਹੀਦਾ ਹੈ ਤਾਂ ਕਿ ਬਾਕੀ ਬੱਚਿਆਂ ਵਿੱਚ ਵੀ ਖੇਡਾਂ ਪ੍ਰਤੀ ਉਤਸ਼ਾਹ ਪੈਦਾ ਹੋ ਸਕੇ।

## ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਦਾ ਕੈਲੰਡਰ ਜਾਰੀ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਿੱਚ ਕੰਮ ਕਰ ਰਹੀ ਮਲਟੀਪਰਪਜ਼ ਹੈਲਥ ਇੰਪਲਾਈਜ਼ ਯੂਨੀਅਨ ਮੇਲ ਫੀਮੇਲ ਦਾ 2024 ਦਾ ਕੈਲੰਡਰ ਸੀਨੀਅਰ ਮੈਡੀਕਲ ਅਫਸਰ ਡਾ. ਸੁਰਿੰਦਰ ਸਿੰਘ ਤੇ ਜ਼ਿਲ੍ਹਾ ਐਪੀਡੋਮੋਲੋਜਿਸਟ ਡਾ. ਗੁਰਪ੍ਰੀਤ ਕੌਰ ਤੇ ਯੂਨੀਅਨ ਦੇ ਸੂਬਾਈ ਆਗੂ ਰਣਦੀਪ ਸਿੰਘ, ਜ਼ਿਲ੍ਹਾ ਪ੍ਰਧਾਨ ਮੋਹਨ ਸਿੰਘ, ਫੈਡਰੇਸ਼ਨ ਦੇ ਮੀਡੀਆ ਸਲਾਹਕਾਰ ਮਹਾਂਬੀਰ ਸਿੰਘ, ਜਗਦੀਪ ਸਿੰਘ, ਗੁਰਵਿੰਦਰ ਸਿੰਘ, ਹਰਦੀਪ ਸਿੰਘ, ਗੁਰਦੀਪ ਸਿੰਘ, ਮੋਹਨ ਸਿੰਘ, ਅਮਨਦੀਪ ਸਿੰਘ, ਸੰਜੈ ਕੁਮਾਰ ਵੱਲੋਂ ਜਾਰੀ ਕੀਤਾ ਗਿਆ। ਇਸ ਮੌਕੇ ਡਾ. ਸੁਰਿੰਦਰ ਸਿੰਘ ਨੇ ਕਿਹਾ ਕਿ ਮਨੁੱਖਤਾ ਲਈ ਕੁਰਬਾਨੀਆਂ ਦੇਣ ਵਾਲੇ ਗੁਰੂ ਸਾਹਿਬਾਨਾਂ ਦੀ ਯਾਦ ਦਿਲਾਉਂਦਾ ਤੇ ਦਿਨਾਂ, ਮਹੀਨਿਆਂ, ਤਿਉਹਾਰਾਂ ਤੇ ਹੋਰ ਛੁੱਟੀਆਂ ਵਾਲੇ ਦਿਨਾਂ ਨੂੰ ਦਰਸਾਉਂਦਾ ਇਹ ਕੈਲੰਡਰ ਸਿਹਤ ਵਿਭਾਗ ਦੇ ਮੁਲਾਜ਼ਮਾਂ ਨੂੰ ਆਪਣੀ ਡਿਊਟੀ ਨੂੰ ਮਨੁੱਖਤਾ ਦੀ ਸੇਵਾ ਵਿੱਚ ਯੋਜਨਾਬੱਧ ਤਰੀਕੇ ਨਾਲ ਕਰਨ ਲਈ ਪ੍ਰੇਰਿਤ ਕਰਨ ਵਿੱਚ ਲਾਹੇਵੰਦ ਸਿੱਧ ਹੋਵੇਗਾ। ਇਸ ਮੌਕੇ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਇਹ ਕੈਲੰਡਰ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਧਰਮ, ਹੱਕ, ਸੱਚ ਤੇ ਮਨੁੱਖਤਾ ਲਈ ਕੀਤੀਆਂ ਕੁਰਬਾਨੀਆਂ ਅਤੇ ਦ੍ਰਿੜ੍ਹ ਨਿਸਚੇ ਦੀ ਯਾਦ ਦਿਲਾਉਂਦਾ ਹੈ। ਉਨ੍ਹਾਂ ਕਿਹਾ ਕਿ ਯੂਨੀਅਨ ਵਿੱਚ ਉਹ ਹਮੇਸ਼ਾ ਇਮਾਨਦਾਰੀ ਤੇ ਤਨ ਮਨ ਨਾਲ ਕੰਮ ਕਰਦੇ ਰਹਿਣਗੇ ਤੇ ਆਪਣੀ ਕੈਟਾਗਰੀ ਦੀਆਂ ਹੱਕੀ ਮੰਗਾਂ ਲਈ ਹਮੇਸ਼ਾ ਯਤਨਸ਼ੀਲ ਤੇ ਲੋੜ ਪੈਣ 'ਤੇ ਸੰਘਰਸ਼ਸ਼ੀਲ ਰਹਿਣਗੇ।

## ਗੁਰੂ ਨਾਨਕ ਕਾਲਜੀਏਟ ਸਕੂਲ ਵਿਖੇ ਆਰਟ ਐਂਡ ਕਰਾਫਟ ਵਰਕਸ਼ਾਪ



**ਮੁਕਤਸਰ (ਸ਼ਮਿੰਦਰਪਾਲ, ਪੂਜਾ, ਪਰਮਜੀਤ, ਚਾਵਲਾ)**-ਗੁਰੂ ਨਾਨਕ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਮੁਕਤਸਰ ਸਾਹਿਬ ਵਿਖੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਰਘਬੀਰ ਸਿੰਘ ਮਾਨ ਸ੍ਰੀ ਮੁਕਤਸਰ ਸਾਹਿਬ ਦੀ ਯੋਗ ਅਗਵਾਈ ਵਿੱਚ 01.02.2024 ਤੋਂ ਸ਼ੁਰੂ ਹੋਏ 7 ਰੋਜ਼ਾ ਐੱਨ ਐੱਸ ਐੱਸ ਕੈਂਪ ਦੇ ਦੂਸਰੇ ਦਿਨ ਆਰਟ ਐਂਡ ਕਰਾਫਟ ਦੀ ਵਰਕਸ਼ਾਪ ਲਗਾਈ ਗਈ। ਇਸ ਵਰਕਸ਼ਾਪ ਦਾ ਆਯੋਜਨ ਗੁਰੂ ਨਾਨਕ ਕਾਲਜ ਦੇ ਫੈਸ਼ਨ ਡਿਜ਼ਾਇਨਿੰਗ ਡਿਪਾਰਟਮੈਂਟ ਦੇ ਮੁਖੀ ਮੈਡਮ ਸੀਮਾ ਦੀ ਅਗਵਾਈ ਅਧੀਨ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਬੱਚਿਆਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਕਲਾਵਾਂ ਜਿਵੇਂ ਪੇਂਟਿੰਗ, ਡਰਾਇੰਗ, ਕਟਿੰਗ ਐਂਡ ਪੇਸਟਿੰਗ ਦੇ ਮੁੱਢਲੇ ਸੰਕਲਪਾਂ ਨਾਲ ਰੂਬਰੂ ਕਰਾਇਆ ਗਿਆ। ਵਿਦਿਆਰਥੀਆਂ ਨੇ ਬੜੀ ਦਿਲਚਸਪੀ ਨਾਲ ਇਸ ਵਿੱਚ ਭਾਗ ਲਿਆ ਤੇ ਵੱਖ-ਵੱਖ ਤਰ੍ਹਾਂ ਦੇ ਨਮੂਨੇ ਬਣਾਏ। ਪ੍ਰੋਗਰਾਮ ਅਫਸਰ ਸੁਰਿੰਦਰ ਕੌਰ ਨੇ ਵਲੰਟੀਅਰਾਂ ਨੂੰ ਇਨ੍ਹਾਂ ਕਲਾਵਾਂ ਵਿੱਚ ਕਿੱਤਾ ਮੁਖੀ ਮੌਕਿਆਂ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ ਤੇ ਸਰਕਾਰ ਵੱਲੋਂ ਚਲਾਏ ਗਏ ਸਟਾਰਟਅੱਪ ਪ੍ਰੋਗਰਾਮ ਦਾ ਹਿੱਸਾ ਬਣ ਕੇ ਆਪਣੀ ਤੇ ਸਮਾਜ ਦੀ ਸੇਵਾ ਕਰਨ ਦੇ ਮੌਕਿਆਂ ਦਾ ਲਾਭ ਉਠਾਉਣ ਲਈ ਉਤਸ਼ਾਹਤ ਕੀਤਾ। ਗੁਰੂ ਨਾਨਕ ਕਾਲਜ ਦੇ ਪ੍ਰਿੰਸੀਪਲ ਡਾਕਟਰ ਰਾਣਾ ਬਲਜਿੰਦਰ ਕੌਰ ਨੇ ਇਸ ਮੌਕੇ ਪਹੁੰਚ ਕੇ ਵਿਦਿਆਰਥੀਆਂ ਵੱਲੋਂ ਬਣਾਏ ਵੱਖ ਵੱਖ ਕਲਾਵਾਂ ਦੇ ਨਮੂਨਿਆਂ ਨੂੰ ਸਲਾਹ ਕੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ। ਉਨ੍ਹਾ ਕਿਹਾ ਕਿ ਅਜਿਹੇ ਕੈਂਪ ਸਮਾਜ ਤੇ ਦੇਸ਼ ਦੀ ਉਸਾਰੀ ਲਈ ਅਹਿਮ ਭੂਮਿਕਾ ਨਿਭਾਉਂਦੇ ਹਨ।

## ਰੇਤੇ ਦੀ ਨਜਾਇਜ਼ ਨਿਕਾਸੀ ਦੇ ਦੋਸ਼ 'ਚ ਇਕ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਤੇ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਰੇਤਾ ਦੀ ਨਜਾਇਜ਼ ਨਿਕਾਸੀ ਕਰਨ ਦੇ ਦੋਸ਼ ਵਿੱਚ ਪੁਲਸ ਨੇ ਇੱਕ ਵਿਅਕਤੀ ਨੂੰ 1 ਟਰੈਕਟਰ ਸਮੇਤ ਟਰਾਲੀ ਰੇਤਾ ਨਾਲ ਭਰੀ ਬਰਾਮਦ ਕਰਕੇ 5-6 ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਦੇ ਸਹਾਇਕ ਥਾਣੇਦਾਰ ਗਹਿਣਾ ਰਾਮ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਦੌਰਾਨ ਬਾਂਸੀ ਗੇਟ ਸਿਟੀ ਫਿਰੋਜ਼ਪੁਰ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਹਰਪ੍ਰੀਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਬਸਤੀ ਖੇਮ ਕਰਨ ਰੇਤੇ ਦੇ ਗੈਰ-ਕਾਨੂੰਨੀ ਖੱਡਿਆਂ ਵਿੱਚੋਂ ਚੋਰੀ ਛੁਪੇ ਰੇਤਾ ਟਰਾਲੀ ਵਿੱਚ ਭਰ ਕੇ ਸ਼ਹਿਰ ਫਿਰੋਜ਼ਪੁਰ ਦੇ ਆਸ-ਪਾਸ ਦੇ ਪਿੰਡਾਂ ਵਿੱਚ ਸਪਲਾਈ ਕਰਕੇ ਰੇਤਾ ਵੇਚਣ ਆਉਂਦਾ ਹੈ, ਜੋ ਅੱਜ ਵੀ ਆਪਣੇ ਮਹਿੰਦਰਾ 575 ਡੀ ਆਈ ਐਕਸ ਪਲੱਸ ਟਰੈਕਟਰ ਸਮੇਤ ਟਰਾਲੀ 'ਤੇ ਰੇਤਾ ਲੋਡ ਕਰਕੇ ਪੋਲੀਟੈਕਨੀਕਲ ਕਾਲਜ ਤੋਂ ਆਰਐੱਸਡੀ ਕਾਲਜ ਫਿਰੋਜ਼ਪੁਰ ਸ਼ਹਿਰ ਵੱਲ ਆ ਰਿਹਾ ਹੈ। ਉਪਰੰਤ ਪੁਲਸ ਪਾਰਟੀ ਵੱਲੋਂ ਨਾਕਾਬੰਦੀ ਕਰਕੇ ਦੋਸ਼ੀ ਨੂੰ ਕਾਬੂ ਕੀਤਾ ਗਿਆ ਤੇ ਮੌਕੇ 'ਤੇ ਟਰੈਕਟਰ ਸਮੇਤ ਟਰਾਲੀ ਰੇਤਾ ਨਾਲ ਭਰੀ ਬਰਾਮਦ ਹੋਈ।

# ਨਵ-ਨਿਯੁਕਤ ਵਾਈਸ ਚੇਅਰਮੈਨ ਵਿੱਕੀ ਘਨੌਰ ਦਾ ਸਨਮਾਨ

### ਮਾਨ ਸਰਕਾਰ ਨੇ ਸਿਹਤ ਪ੍ਰਣਾਲੀ ਨੂੰ ਹੋਰ ਮਜ਼ਬੂਤ ਕੀਤਾ : ਵਿੱਕੀ ਘਨੌਰ



**ਨਾਭਾ (ਵਰਿੰਦਰ ਵਰਮਾ)**

ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸੂਬੇ ਵਿੱਚ ਸਿਹਤ ਤੇ ਸਿੱਖਿਆ ਨੂੰ ਲੈ ਕੇ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਹਲਕਾ ਨਾਭਾ ਤੋਂ ਆਪ ਪਾਰਟੀ ਦੇ ਬਲਾਕ ਪ੍ਰਧਾਨ ਸੰਦੀਪ ਸ਼ਰਮਾ ਵੱਲੋਂ ਵਿੱਕੀ ਘਨੌਰ ਨਵ-ਨਿਯੁਕਤ ਵਾਈਸ ਚੇਅਰਮੈਨ ਹੈਲਥ ਸਿਸਟਮ ਪੰਜਾਬ ਦਾ ਰੈਸਟ ਹਾਊਸ ਵਿਖੇ ਸਨਮਾਨ ਕਰਨ ਉਪਰੰਤ ਕੀਤਾ। ਉਨ੍ਹਾਂ ਨਵ-ਨਿਯੁਕਤ ਵਾਈਸ ਚੇਅਰਮੈਨ ਵਿਕੀ ਘਨੌਰ ਨਾਲ ਪੰਜਾਬ ਦੀ ਸਿਹਤ ਪ੍ਰਣਾਲੀ ਨੂੰ ਹੋਰ ਮਜ਼ਬੂਤ ??ਕਰਨ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਤਾਂ ਜੋ ਆਮ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ। ਇਸ ਮੌਕੇ ਨਵ-ਨਿਯੁਕਤ ਵਾਈਸ ਚੇਅਰਮੈਨ ਵਿੱਕੀ ਘਨੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਿਹਤ ਪ੍ਰਣਾਲੀ ਨੂੰ ਹੋਰ ਮਜ਼ਬੂਤ ਕੀਤਾ ਹੈ। ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਕੇ ਪੰਜਾਬ ਦੀ ਸਿਹਤ ਵਿਵਸਥਾ ਨੂੰ ਸੁਧਾਰਨ ਲਈ ਕਈ ਉਪਰਾਲੇ ਕੀਤੇ ਗਏ ਹਨ।ਉਨ੍ਹਾ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਦੀ ਸਰਕਾਰ ਪੰਜਾਬ ਦੀ ਸਿਹਤ ਵਿਵਸਥਾ ਨੂੰ ਸੁਧਾਰਨ ਲਈ ਕੰਮ ਕਰ ਰਹੀ ਹੈ ਤੇ ਹਮੇਸ਼ਾ ਕਰਦੀ ਰਹੇਗੀ।ਉਨ੍ਹਾ ਕਿਹਾ ਕਿ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਤੇ ਮਰੀਜ਼ਾਂ ਨੂੰ ਦਵਾਈਆਂ ਮੁਫਤ ਦਿੱਤੀਆਂ ਜਾ ਰਹੀਆਂ ਹਨ।ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਰਾਜਵੰਤ ਸਿੰਘ ਘੁੱਲੀ, ਸ੍ਰ. ਚੇਅਰਮੈਨ ਮਾਰਕੀਟ ਕਮੇਟੀ ਭਾਦਸੋਂ ਗੁਰਦੀਪ ਸਿੰਘ ਦੀਪਾ ਰਾਮਗੜ੍ਹ, ਵਿਧਾਇਕ ਗੁਰਦੇਵ ਸਿੰਘ ਦੇਵਮਾਨ ਦੇ ਛੋਟੇ ਭਰਾ ਕਪਿਲ ਦੇਵ ਮਾਨ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

## ਗੜੇਮਾਰੀ ਦਾ ਸ਼ਿਕਾਰ ਕਿਸਾਨਾਂ ਲਈ ਵਿਸ਼ੇਸ਼ ਪੈਕੇਜ ਦਾ ਐਲਾਨ ਕਰੇ ਸਰਕਾਰ : ਢੀਂਡਸਾ



**ਸਮਰਾਲਾ (ਸੁਰਜੀਤ ਸਿੰਘ)**-ਇਲਾਕੇ ਵਿੱਚ ਗੜਿਆਂ ਦੀ ਹੋਈ ਭਾਰੀ ਬਾਰਸ਼ ਨੇ ਕਿਸਾਨਾਂ ਨੂੰ ਮੁੜ ਆਰਥਿਕ ਮੰਦਹਾਲੀ ਵੱਲ ਫਿਰ ਤੋਂ ਧੱਕ ਦਿੱਤਾ ਹੈ।ਬੇਸ਼ੱਕ ਅੱਜ ਦੇ ਸਮੇਂ ਵਿੱਚ ਫਸਲਾਂ ਲਈ ਮੀਂਹ ਦੀ ਸਖਤ ਜ਼ਰੂਰਤ ਸੀ, ਪ੍ਰੰਤੂ ਭਾਰੀ ਗੜੇਮਾਰੀ ਇੰਨੀ ਜ਼ਿਆਦਾ ਤੇਜ਼ ਸੀ ਕਿ ਖੇਤਾਂ ਵਿੱਚ ਬਰਫ ਦੀ ਚਿੱਟੀ ਚਾਦਰ ਵਿਛ ਗਈ ਤੇ ਫਸਲਾਂ ਅਤੇ ਸਬਜ਼ੀਆਂ ਦਾ ਡਾਲ ਡਾਲ ਧਰਤੀ 'ਤੇ ਟੁੱਟ ਕੇ ਗਿਰ ਗਿਆ।ਇਨ੍ਹਾਂ ਸ਼ਬਦਾਂ ਦਾ ਪਗਟਾਵਾ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਮਨਜੀਤ ਸਿੰਘ ਢੀਂਡਸਾ ਨੇ ਪ੍ਰੈੱਸ ਨਾਲ ਗੱਲਬਾਤ ਕਰਦੇ ਹੋਏ ਕੀਤਾ।ਉਨ੍ਹਾ ਕਿਹਾ ਕਿ ਅੱਜ ਇਸ ਇਲਾਕੇ ਦੇ ਵੱਖ ਵੱਖ ਪਿੰਡਾਂ, ਜਿਨ੍ਹਾਂ ਵਿੱਚ ਨਾਗਰਾ, ਢੀਂਡਸਾ, ਸਮਸ਼ਪੁਰ, ਭਗਵਾਨਪੁਰਾ, ਦੀਵਾਲਾ, ਉਟਾਲਾਂ, ਘਰਖਣਾ, ਸਰਵਰਪੁਰ, ਭੰਗਲਾਂ, ਮੱਲ ਮਾਜਰਾ, ਘੁੰਗਰਾਲੀ, ਕੋਟਲਾ ਸਮਸ਼ਪੁਰ, ਕੋਟਾਲਾ, ਹੇਡੋਂ, ਖੀਰਨੀਆਂ, ਮੁਸ਼ਕਾਬਾਦ, ਟੱਪਰੀਆਂ, ਸਿਹਾਲਾ, ਗਹਿਲੇਵਾਲ, ਬਾਲਿਓਂ, ਉੂਰਨਾਂ ਆਦਿ ਪਿੰਡਾਂ ਵਿੱਚ ਹੋਈ ਭਾਰੀ ਗੜੇਮਾਰੀ ਕਾਰਨ ਖੜੀ ਕਣਕ ਦੀ ਫਸਲ, ਫਲਾਂ ਦੇ ਦਰੱਖਤਾਂ, ਸਬਜ਼ੀਆਂ ਤੇ ਆਲੂ ਦੀ ਫਸਲ ਦਾ ਭਾਰੀ ਨੁਕਸਾਨ ਹੋਇਆ ਹੈ।ਇਸ ਗੜੇਮਾਰੀ ਕਾਰਨ ਕਿਸਾਨਾਂ ਦੇ ਚਿਹਰਿਆਂ 'ਤੇ ਚਿੰਤਾਂ ਦੀਆਂ ਰੇਖਾਵਾਂ ਉਭਾਰ ਦਿੱਤੀਆਂ ਹਨ।ਬੀਤੇ ਦਿਨਾਂ ਵਿੱਚ ਠੰਡ ਜ਼ਿਆਦਾ ਪੈਣ ਕਾਰਨ ਕਿਸਾਨਾਂ ਦੇ ਚਿਹਰਿਆਂ 'ਤੇ ਖੁਸ਼ੀ ਆਈ ਸੀ ਕਿ ਇਸ ਵਾਰ ਠੰਡ ਕਾਰਨ ਕਣਕ ਦਾ ਵਧੀਆ ਦਾਣਾ ਬਣੇਗਾ ਤੇ ਝਾੜ ਵੀ ਵਧੀਆ ਨਿਕਲੇਗਾ, ਪ੍ਰੰਤੂ ਇਸ ਗੜੇਮਾਰੀ ਨੇ ਕਿਸਾਨਾਂ ਦੀਆਂ ਸਾਰੀਆਂ ਸੱਧਰਾਂ 'ਤੇ ਪਾਣੀ ਫੇਰ ਕੇ ਰੱਖ ਦਿੱਤਾ ਹੈ।

ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਕਿ ਕਿਸਾਨ ਜੋ ਪਹਿਲਾਂ ਹੀ ਆਰਥਿਕ ਤੰਗੀ ਨੇ ਝੰਬੇ ਪਏ ਹਨ, ਮੁੜ ਆਪਣੇ ਪੈਰਾਂ ਸਿਰ ਹੋਣ ਲਈ ਸਮਾਂ ਲੱਗੇਗਾ, ਇਸ ਲਈ ਪੰਜਾਬ ਸਰਕਾਰ ਗੜੇਮਾਰੀ ਦਾ ਸ਼ਿਕਾਰ ਹੋਏ ਇਲਾਕਿਆਂ ਵਿੱਚ ਮਾਲ ਮਹਿਕਮੇ ਰਾਹੀਂ ਵਿਸ਼ੇਸ਼ ਗਿਰਦਾਵਰੀ ਕਰਵਾ ਕੇ ਪੀੜਤ ਕਿਸਾਨਾਂ ਨੂੰ ਯੋਗ ਮੁਆਵਜ਼ਾ ਦੇਵੇ ਤਾਂ ਜੋ ਗੜੇਮਾਰੀ ਨੇ ਮਾਰ ਤੋਂ ਕਿਸਾਨਾਂ ਨੂੰ ਕੁਝ ਰਾਹਤ ਮਿਲ ਸਕੇ।

## ਕੇਂਦਰ ਸਰਕਾਰ ਦੇ ਜਾਰੀ ਬਜਟ ਤੋਂ ਆਮ ਲੋਕ ਨਿਰਾਸ਼ : ਹਰਪਾਲ ਸੋਨੂੰ

**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਓਬੀਸੀ ਵਿੰਗ ਦੇ ਸੂਬਾ ਵਾਈਸ ਚੇਅਰਮੈਨ ਤੇ ਮੁੱਖ ਬੁਲਾਰਾ ਜ਼ਿਲ੍ਹਾ ਕਾਂਗਰਸ ਪਾਰਟੀ ਸੰਗਰੂਰ ਸ਼੍ਰੀ ਹਰਪਾਲ ਸਿੰਘ ਸੋਨੂੰ ਵੱਲੋਂ ਪ੍ਰੈੱਸ ਨੋਟ ਜਾਰੀ ਕਰਦਿਆਂ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਗਏ ਬਜਟ ਨੂੰ ਖਾਲੀ ਪੀਪਾ ਕਰਾਰ ਦਿੰਦਿਆਂ ਕਿਹਾ ਕਿ ਕੇਂਦਰ ਸਰਕਾਰ ਜੋ ਕਿ ਇਸ਼ਤਿਹਾਰਾਂ ਤੇ ਭਾਸ਼ਣਾਂ ਰਾਹੀਂ ਵੱਡੇ ਵੱਡੇ ਦਾਅਵੇ ਕਰਦੀ ਨਹੀਂ ਥੱਕਦੀ ਸੀ ਅਤੇ ਪਿਛਲੇ ਲਗਾਤਾਰ 10 ਸਾਲਾਂ ਤੋਂ ਕੇਂਦਰ ਦੀ ਸੱਤਾ 'ਤੇ ਰਾਜ ਕਰ ਰਹੀ ਹੈ, ਉਨ੍ਹਾਂ ਵੱਲੋਂ ਲੋਕ ਸਭਾ ਚੋਣਾਂ 2024 ਤੋਂ ਪਹਿਲਾਂ ਪੇਸ਼ ਕੀਤਾ ਗਿਆ ਆਖਰੀ ਬਜਟ ਆਮ ਲੋਕਾਂ ਲਈ ਬਹੁਤ ਹੀ ਨਿਰਾਸ਼ਾਜਨਕ ਤੇ ਉਮੀਦਾਂ ਤੋਂ ਉਲਟ ਰਿਹਾ, ਜਦਕਿ ਬੀਜੇਪੀ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ 2 ਕਰੋੜ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ, 100 ਸਮਾਰਟ ਸਿਟੀ ਬਣਾਉਣ ਦਾ ਵਾਧਾ ਕੀਤਾ ਸੀ, 15-15 ਲੱਖ ਰੁਪੈ ਹਰ ਇੱਕ ਦੇ ਖਾਤੇ ਵਿੱਚ ਪਾਉਣ ਦਾ ਜੁਮਲਾ ਕੀਤਾ ਸੀ ਅਤੇ ਇਸ ਤੋਂ ਇਲਾਵਾ ਮਹਿੰਗਾਈ ਘੱਟ ਕਰਨ ਦੀ ਗੱਲ ਵੀ ਬੜੇ ਜ਼ੋਰਾਂ ਸ਼ੋਰਾਂ ਨਾਲ ਆਖੀ ਜਾ ਰਹੀ ਸੀ, ਪਰ ਮੌਜੂਦਾ ਬਜਟ ਸੈਸ਼ਨ ਦੌਰਾਨ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਪੇਸ਼ ਕੀਤਾ ਗਿਆ ਬਜਟ ਆਮ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਨਹੀਂ ਉੱਤਰਦਾ। ਹਰਪਾਲ ਸੋਨੂੰ ਨੇ ਕਿਹਾ ਕਿ ਕੇਂਦਰ ਦੀ ਸਰਕਾਰ ਕਾਰਪੋਰੇਟ ਘਰਾਣਿਆਂ ਦੇ ਹੱਥ ਦੀ ਕਠਪੁਤਲੀ ਬਣ ਕੇ ਰਹਿ ਗਈ ਹੈ, ਜਦਕਿ ਦੇਸ਼ ਵਿੱਚ ਆਮ ਜਨਤਾ ਦਾ ਅੱਜ ਹੱਦ ਤੋਂ ਵੱਧ ਵੱਧੀ ਮਹਿੰਗਾਈ ਕਾਰਨ ਜੀਣਾ ਮੁਹਾਲ ਹੋ ਗਿਆ ਹੈ। ਉਨ੍ਹਾ ਕਿਹਾ ਕਿ ਦੇਸ਼ ਦੀ ਜਨਤਾ ਹੁਣ ਬੀਜੇਪੀ ਦੇ ਝੂਠੇ ਲਾਰਿਆਂ ਵਿੱਚ ਨਹੀਂ ਆਵੇਗੀ ਤੇ ਆਉਂਦੀਆਂ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਦੇਸ਼ ਦੀ ਸੱਤਾ ਵਿੱਚ ਪ੍ਰੀਵਰਤਨ ਵੱਡੇ ਪੱਧਰ 'ਤੇ ਹੋਣਾ ਤੈਅ ਹੈ।

## ਡੀ ਐੱਸ ਪੀ ਬਾਂਸਲ ਦੀ ਜ਼ਮਾਨਤ ਅਰਜ਼ੀ ਰੱਦ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਡੀ.ਐੱਸ.ਪੀ. ਸੁਰਿੰਦਰ ਬਾਂਸਲ ਦੀਆਂ ਮੁਸੀਬਤਾਂ ਘਟਣ ਦੀ ਬਜਾਏ ਵਧਦੀਆਂ ਨਜ਼ਰ ਆ ਰਹੀਆਂ ਹਨ, ਕਿਉਂਕਿ ਫ਼ਿਰੋਜ਼ਪੁਰ ਦੀ ਵਿਸ਼ੇਸ਼ ਅਦਾਲਤ ਨੇ ਡੀ.ਐੱਸ.ਪੀ. ਸੁਰਿੰਦਰਪਾਲ ਬਾਂਸਲ ਦੀ ਰੈਗੂਲਰ ਜ਼ਮਾਨਤ ਤੇ ਅਰਜ਼ੀ ਰੱਦ ਕਰ ਦਿੱਤੀ ਹੈ।ਫ਼ਿਰੋਜ਼ਪੁਰ ਦੀ ਸਥਾਨਕ ਪੁਲਸ ਨੇ ਡਿਪਟੀ ਸੁਪਰਡੈਂਟ ਆਫ਼ ਪੁਲਸ (ਡੀਐਸਪੀ) ਸੁਰਿੰਦਰ ਬਾਂਸਲ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਹੈ।ਇਸ ਤੋਂ ਪਹਿਲਾਂ ਉਸ ਨੇ ਸਥਾਨਕ ਐੱਸਐੱਚਓ ਸਮੇਤ 10 ਪੁਲਸ ਮੁਲਾਜ਼ਮਾਂ 'ਤੇ ਗੈਰ-ਕਾਨੂੰਨੀ ਡਰੱਗ ਗਤੀਵਿਧੀਆਂ 'ਚ ਸ਼ਾਮਲ ਹੋਣ ਤੇ ਡਰੱਗ ਮਾਫੀਆ ਨਾਲ ਸਬੰਧ ਰੱਖਣ ਦੇ ਦੋਸ਼ ਲਾਏ ਸਨ।ਰਣਧੀਰ ਕੁਮਾਰ ਐੱਸ ਪੀ (ਇਨਵੈਸਟੀਗੇਸ਼ਨ) ਦੀ ਅਗਵਾਈ ਵਾਲੀ ਫ਼ਿਰੋਜ਼ਪੁਰ ਪੁਲਸ ਟੀਮ ਨੇ ਸੋਮਵਾਰ ਨੂੰ ਫ਼ਿਰੋਜ਼ਪੁਰ ਸ਼ਹਿਰ ਦੇ ਡੀਐੱਸਪੀ ਸੁਰਿੰਦਰ ਬਾਂਸਲ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਹੈ।ਇਹ ਜਾਣਿਆ ਜਾਂਦਾ ਹੈ ਕਿ ਡੀਐੱਸਪੀ ਨੂੰ ਸਮਰੱਥ ਅਦਾਲਤ ਤੋਂ ਆਗਿਆ ਲੈਣ ਤੋਂ ਬਾਅਦ ਸੀਆਰਪੀਸੀ ਦੀ ਧਾਰਾ 41 (4) ਦੇ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ।ਇਸ ਤੋਂ ਪਹਿਲਾਂ ਬਾਂਸਲ ਦੇ ਕਰੀਬੀ ਗੁਰਮੇਜ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਜਦੋਂਕਿ ਬਾਂਸਲ ਖ਼ਿਲਾਫ਼ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਤੇ 7 ਏ ਤਹਿਤ ਕੇਸ ਦਰਜ ਕੀਤਾ ਗਿਆ ਸੀ।ਹੁਕਮਾਂ ਵਿੱਚ ਦੱਸਿਆ ਗਿਆ ਹੈ ਕਿ ਬਿਨੈਕਾਰ ਨੇ ਆਪਣੀ ਜ਼ਮਾਨਤ ਅਰਜ਼ੀ ਵਿੱਚ ਮੰਨਿਆ ਹੈ ਕਿ ਗੁਰਮੇਜ ਸਿੰਘ ਦੀ ਤਰਫੋਂ ਉਸ ਦੀਆਂ ਧੀਆਂ ਦੇ ਖਾਤਿਆਂ ਸਮੇਤ ਕਈ ਖਾਤਿਆਂ ਵਿੱਚ ਕੁਝ ਲੈਣ-ਦੇਣ ਕੀਤਾ ਗਿਆ ਸੀ, ਬਾਕੀ ਇਸ ਸਬੰਧੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

## ਫ਼ਿਰੋਜ਼ਪੁਰ-ਬਠਿੰਡਾ ਰੇਲਵੇ ਸੈਕਸ਼ਨ 'ਤੇ ਇਲੈਕਟ੍ਰਾਨਿਕ ਪਾਵਰ 'ਤੇ ਰੇਲ ਗੱਡੀਆਂ ਚੱਲਣੀਆਂ ਸ਼ੁਰੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ-ਬਠਿੰਡਾ ਰੇਲਵੇ ਸੈਕਸ਼ਨ 'ਤੇ ਚੱਲ ਰਿਹਾ ਬਿਜਲੀਕਰਨ ਦਾ ਕੰਮ ਹੁਣ ਮੁਕੰਮਲ ਹੋ ਗਿਆ ਹੈ।ਸੈਕਸ਼ਨ 'ਤੇ ਪਹਿਲੀ ਇਲੈਕਟ੍ਰਾਨਿਕ ਤੌਰ 'ਤੇ ਸੰਚਾਲਿਤ ਰੇਲਗੱਡੀ ਦਾ ਮਾਣ, ਪੰਜਾਬ ਮੇਲ ਬੁੱਧਵਾਰ ਨੂੰ ਪ੍ਰਾਪਤ ਕੀਤਾ ਹੈ।ਪੰਜਾਬ ਮੇਲ ਫ਼ਿਰੋਜ਼ਪੁਰ ਡਵੀਜ਼ਨ ਰੇਲਵੇ ਦੀ ਮੁੱਖ ਰੇਲਗੱਡੀ ਹੈ, ਇਹ ਰੇਲਗੱਡੀ 1 ਜੂਨ 1912 ਨੂੰ ਸ਼ੁਰੂ ਕੀਤੀ ਗਈ ਸੀ, ਫਿਰ ਇਹ ਰੇਲਗੱਡੀ ਲਗਾਤਾਰ ਚੱਲ ਰਹੀ ਹੈ।ਸਫਾਈ ਤੇ ਸੁਵਿਧਾਵਾਂ ਲਈ ਇਹ ਯਾਤਰੀਆਂ ਦੀ ਪਹਿਲੀ ਪਸੰਦ ਹੈ।

ਫ਼ਿਰੋਜ਼ਪੁਰ-ਬਠਿੰਡਾ ਰੇਲਵੇ ਸੈਕਸ਼ਨ ਦੀ ਕੁੱਲ ਦੂਰੀ 88 ਕਿਲੋਮੀਟਰ ਹੈ, ਇਸ ਸੈਕਸ਼ਨ ਦੇ ਨਾਲ-ਨਾਲ ਕੋਟਕਪੂਰਾ-ਫ਼ਾਜ਼ਿਲਕਾ ਰੇਲਵੇ ਸੈਕਸ਼ਨ ਦੇ ਬਿਜਲੀਕਰਨ ਲਈ 223.93 ਕਰੋੜ ਰੁਪਏ ਦਾ ਬਜਟ ਮਨਜ਼ੂਰ ਕੀਤਾ ਗਿਆ ਹੈ।ਇਹ ਕੰਮ 31 ਮਾਰਚ 2023 ਤੱਕ ਮੁਕੰਮਲ ਹੋਣਾ ਸੀ, ਪਰ ਕੁਝ ਕਾਰਨਾਂ ਕਰਕੇ ਇਸ ਵਿੱਚ ਦੇਰੀ ਹੋ ਗਈ ਤੇ ਹੁਣ ਇਹ ਕੰਮ ਮੁਕੰਮਲ ਹੋ ਗਿਆ ਹੈ।ਰੇਲਵੇ ਸੈਕਸ਼ਨ 'ਤੇ ਇਲੈਕਟ੍ਰਾਨਿਕ ਟਰੇਨਾਂ ਦੇ ਸੰਚਾਲਨ ਦੇ ਸ਼ੁਰੂ ਹੋਣ ਨਾਲ ਟਰੇਨਾਂ ਦੀ ਰਫਤਾਰ 'ਚ ਵਾਧਾ ਹੋਵੇਗਾ ਤੇ ਯਾਤਰੀਆਂ ਨੂੰ ਆਵਾਜਾਈ 'ਚ ਵੀ ਸਹੂਲਤ ਮਿਲੇਗੀ।ਦਸ ਘੰਟੇ ਦੀ ਦੇਰੀ ਨਾਲ ਚੱਲ ਰਹੀ ਪੰਜਾਬ ਮੇਲ ਬੁੱਧਵਾਰ ਦੁਪਹਿਰ ਕੋਟਕਪੂਰਾ ਰੇਲਵੇ ਸਟੇਸ਼ਨ 'ਤੇ ਪੁੱਜੀ ਤਾਂ ਕੋਟਕਪੂਰਾ ਦੇ ਰੇਲਵੇ ਯਾਤਰੀਆਂ ਤੇ ਸਮਾਜਸੇਵੀ ਜਥੇਬੰਦੀਆਂ ਵੱਲੋਂ ਇਸ ਦਾ ਸਵਾਗਤ ਕੀਤਾ ਗਿਆ।

## ਕੋਟਾ 'ਚ ਦੋ ਹਫਤਿਆਂ 'ਚ ਤੀਜੇ ਵਿਦਿਆਰਥੀ ਵੱਲੋਂ ਖੁਦਕੁਸ਼ੀ

**ਕੋਟਾ :** ਰਾਜਸਥਾਨ ਦੇ ਕੋਟਾ 'ਚ ਬੀ ਟੈੱਕ ਦੇ ਫਾਈਨਲ ਸਾਲ ਦੇ ਵਿਦਿਆਰਥੀ ਨੇ ਕਥਿਤ ਤੌਰ 'ਤੇ ਆਪਣੇ ਪੇਇੰਗ ਗੈੱਸਟ ਰੂਮ 'ਚ ਛੱਤ ਵਾਲੇ ਪੱਖੇ ਨਾਲ ਲਟਕ ਕੇ ਖੁਦਕੁਸ਼ੀ ਕਰ ਲਈ। ਨੂਰ ਮੁਹੰਮਦ (27) ਦੀ ਲਾਸ਼ ਵੀਰਵਾਰ ਰਾਤ ਵਿਗਿਆਨ ਨਗਰ ਇਲਾਕੇ 'ਚ ਬਰਾਮਦ ਹੋਈ। ਕੋਈ ਸੁਸਾਈਡ ਨੋਟ ਬਰਾਮਦ ਨਹੀਂ ਹੋਇਆ। ਕੋਟਾ 'ਚ ਦੋ ਹਫਤਿਆਂ 'ਚ ਕਿਸੇ ਵਿਦਿਆਰਥੀ ਦੀ ਇਹ ਤੀਜੀ ਖੁਦਕੁਸ਼ੀ ਹੈ। ਯੂ ਪੀ ਦੇ ਗੋਂਡਾ ਦਾ ਰਹਿਣ ਵਾਲਾ ਮੁਹੰਮਦ ਐੱਸ ਆਰ ਐੱਮ ਯੂਨੀਵਰਸਿਟੀ ਚੇਨਈ ਤੋਂ ਬੀ ਟੈੱਕ ਦੀ ਡਿਗਰੀ ਕਰ ਰਿਹਾ ਸੀ ਅਤੇ ਇੱਥੇ ਪੇਇੰਗ ਗੈਸਟ ਵਜੋਂ ਰਹਿੰਦਾ ਸੀ। ਮੁਹੰਮਦ 2016 ਤੋਂ 2019 ਤੱਕ ਦਾਖਲਾ ਪ੍ਰੀਖਿਆ ਦੀ ਤਿਆਰੀ ਲਈ ਕੋਟਾ 'ਚ ਕੋਚਿੰਗ ਸੰਸਥਾਵਾਂ 'ਚ ਪੜ੍ਹਿਆ ਅਤੇ ਐੱਸ ਆਰ ਐੱਮ ਯੂਨੀਵਰਸਿਟੀ 'ਚ ਦਾਖਲਾ ਲੈਣ ਤੋਂ ਬਾਅਦ ਉਹ ਆਪਣੇ ਕੋਟਾ ਪੀ ਜੀ ਤੋਂ ਆਨਲਾਈਨ ਕਲਾਸਾਂ ਲੈਂਦਾ ਸੀ।

## ਜੇਲ੍ਹ 'ਚੋਂ ਮੋਬਾਇਲ ਤੇ ਤੰਬਾਕੂ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੇਂਦਰੀ ਜੇਲ੍ਹ ਫਿਰੋਜ਼ਪੁਰ ਦੇ ਬਾਹਰੋਂ ਸੁੱਟੇ ਗਏ 4 ਥਰੋਂ (ਫੈਂਕੇ) ਵਿਚੋਂ 38 ਪੁੜੀਆਂ ਤੰਬਾਕੂ ਤੇ 1 ਮੋਬਾਇਲ ਫੋਨ ਬਰਾਮਦ ਹੋਇਆ ਹੈ। ਇਸ ਸੰਬਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ 42/52-ਏ ਪਰੀਸੰਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗੁਰਮੇਲ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 6928, 6924 ਰਾਹੀਂ ਸੁਖਜਿੰਦਰ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 31 ਜਨਵਰੀ 2024 ਨੂੰ ਕੇਂਦਰੀ ਜੇਲ੍ਹ ਫਿਰੋਜ਼ਪੁਰ ਅੰਦਰ ਬਣੀ ਬਗੀਚੀ ਵਿਚੋਂ ਕਿਸੇ ਅਣਪਛਾਤੇ ਵਿਅਕਤੀਆਂ ਵੱਲੋਂ ਕੇਂਦਰੀ ਜੇਲ੍ਹ ਦੇ ਬਾਹਰੋਂ ਸੁੱਟੇ ਗਏ 4 ਥਰੋਂ (ਫੈਂਕੇ) ਬਰਾਮਦ ਹੋਏ, ਜਿਨ੍ਹਾਂ ਨੂੰ ਖੋਲ੍ਹ ਕੇ ਚੈੱਕ ਕੀਤਾ ਗਿਆ, ਜਿਨ੍ਹਾਂ ਵਿਚੋਂ 38 ਪੁੜੀਆਂ ਤੰਬਾਕੂ ਬਰਾਮਦ ਹੋਇਆ। ਬੀਤੀ 31 ਜਨਵਰੀ 2024 ਨੂੰ ਉਹ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਚ ਸਮੇਤ ਸਾਥੀ ਕਰਮਚਾਰੀਆਂ ਦੇ ਬਲਾਕ ਨੰਬਰ 3 ਦੀ ਬੈਰਕ ਨੰਬਰ 5 ਦੀ ਅਚਾਨਕ ਤਲਾਸ਼ੀ ਕੀਤੀ ਗਈ ਤੇ ਤਲਾਸ਼ੀ ਦੌਰਾਨ ਬੈਰਕ ਨੰਬਰ 5 ਦੇ ਪਿਛਲੇ ਪਾਸੇ ਬਣੀ ਹੋਈ ਖਾਲੀ ਜਗ੍ਹਾ ਵਿੱਚ ਟੋਆ ਬਣਾ ਦੱਬਿਆ ਹੋਇਆ 1 ਮੋਬਾਇਲ ਫੋਨ ਬਰਾਮਦ ਹੋਇਆ।

## ਤਹਿਖਾਨੇ 'ਚ ਪੂਜਾ ਖਿਲਾਫ ਸਟੇਅ ਨਹੀਂ ਮਿਲਿਆ

**ਪ੍ਰਯਾਗਰਾਜ :** ਅਲਾਹਾਬਾਦ ਹਾਈ ਕੋਰਟ ਨੇ ਵਾਰਾਨਸੀ ਦੀ ਗਿਆਨਵਾਪੀ ਮਸਜਿਦ ਕੰਪਲੈਕਸ 'ਚ ਸਥਿਤ ਵਿਆਸ ਜੀ ਦੇ ਤਹਿਖਾਨੇ 'ਚ ਪੂਜਾ ਕਰਨ ਦੀ ਇਜਾਜ਼ਤ ਦੇਣ ਦੇ ਵਾਰਾਨਸੀ ਅਦਾਲਤ ਦੇ ਹੁਕਮਾਂ ਖਿਲਾਫ ਦਾਇਰ ਮਸਜਿਦ ਕਮੇਟੀ ਦੀ ਪਟੀਸ਼ਨ 'ਤੇ ਸਟੇਅ ਦੇਣ ਦੀ ਥਾਂ ਸ਼ੁੱਕਰਵਾਰ ਸੁਣਵਾਈ 6 ਫਰਵਰੀ ਤੱਕ ਮੁਲਤਵੀ ਕਰ ਦਿੱਤੀ। ਗਿਆਨਵਾਪੀ ਮਸਜਿਦ ਦਾ ਪ੍ਰਬੰਧ ਕਰਨ ਵਾਲੀ ਅੰਜੁਮਨ ਇੰਤੇਜ਼ਾਮੀਆ ਮਸਜਿਦ ਕਮੇਟੀ ਨੇ ਵਾਰਾਨਸੀ ਅਦਾਲਤ ਦੇ ਹੁਕਮਾਂ ਨੂੰ ਚੁਣੌਤੀ ਦਿੰਦੇ ਹੋਏ ਹਾਈ ਕੋਰਟ 'ਚ ਇਹ ਅਪੀਲ ਦਾਇਰ ਕੀਤੀ ਹੈ।

ਜਸਟਿਸ ਰੋਹਿਤ ਰੰਜਨ ਅਗਰਵਾਲ ਨੇ ਸੁਣਵਾਈ 6 ਫਰਵਰੀ ਤੱਕ ਮੁਲਤਵੀ ਕਰ ਦਿੱਤੀ ਹੈ।

## ...ਸਫ਼ਾ 1 ਦੇ ਬਾਕੀ

### ਭਾਜਪਾ ਦੀ ਤਾਨਾਸ਼ਾਹੀ...

ਪੁਤਿਨ ਦੇ ਕਾਨੂੰਨ ਨੂੰ ਲਾਗੂ ਕਰਨਗੇ। ਇਸ ਤੋਂ ਬਾਅਦ ਦੇਸ਼ ਵਿੱਚ ਚੋਣਾਂ ਨਹੀਂ ਹੋਣਗੀਆਂ। ਉਨ੍ਹਾ ਕਿਹਾ ਕਿ ਜਿਸ ਤਰ੍ਹਾਂ ਉਨ੍ਹਾਂ ਚੰਡੀਗੜ੍ਹ ਵਿੱਚ ਕੀਤਾ, ਉਸੇ ਤਰ੍ਹਾਂ ਉਹ ਲੋਕ ਸਭਾ ਅਤੇ ਰਾਜ ਸਭਾ ਵਿੱਚ ਬਿੱਲ ਪਾਸ ਕਰਵਾਉਂਦੇ ਹਨ। ਉਹ ਸੰਸਦ 'ਚ ਬਿੱਲਾਂ 'ਤੇ ਚਰਚਾ ਕਰਨ ਤੋਂ ਕਤਰਾਉਂਦੇ ਹਨ। ਉਹ ਬਿਨਾਂ ਕਿਸੇ ਚਰਚਾ ਜਾਂ ਸਲਾਹ-ਮਸ਼ਵਰੇ ਦੇ ਸਾਰੇ ਬਿੱਲਾਂ ਨੂੰ ਪਾਰਲੀਮੈਂਟ ਵਿੱਚ ਪਾਸ ਕਰਵਾਉਣ ਦੀ ਕੋਸ਼ਿਸ਼ ਕਰਦੇ ਹਨ। ਮਾਨ ਨੇ ਕਿਹਾ ਕਿ ਮੈਂ ਸੂਰਬੀਰਾਂ ਅਤੇ ਸ਼ਹੀਦਾਂ ਦੀ ਧਰਤੀ ਪੰਜਾਬ ਤੋਂ ਹਾਂ। ਪੰਜਾਬ ਨੇ ਦੇਸ਼ ਲਈ ਸਭ ਤੋਂ ਵੱਡੀਆਂ ਲੜਾਈਆਂ ਲੜੀਆਂ ਹਨ। ਦੇਸ਼ ਦੀ ਆਜ਼ਾਦੀ ਲਈ 90 ਫੀਸਦੀ ਕੁਰਬਾਨੀਆਂ ਪੰਜਾਬੀਆਂ ਦੀਆਂ ਹਨ। ਅੱਜ ਵੀ ਬਹੁਤੇ ਪੰਜਾਬ ਬਾਰਡਰ 'ਤੇ ਖੜ੍ਹੇ ਹਨ। ਦੁਸ਼ਮਣ ਦੀਆਂ ਗੋਲੀਆਂ ਦਾ ਸਭ ਤੋਂ ਪਹਿਲਾਂ ਸਾਹਮਣਾ ਪੰਜਾਬੀਆਂ ਨੇ ਕੀਤਾ ਹੈ, ਪਰ ਅੱਜ ਸਾਡੇ ਸ਼ਹੀਦਾਂ ਅਤੇ ਆਜ਼ਾਦੀ ਘੁਲਾਟੀਆਂ ਦੀਆਂ ਰੂਹਾਂ ਭਾਜਪਾ ਦੀ ਤਾਨਾਸ਼ਾਹੀ ਅਤੇ ਧੱਕੇਸ਼ਾਹੀ ਨੂੰ ਦੇਖ ਕੇ ਤਰਸ ਰਹੀਆਂ ਹੋਣਗੀਆਂ। ਇਹ ਲੋਕ ਉਹਨਾਂ ਦੀ ਕੁਰਬਾਨੀ ਵਿਅਰਥ ਕਰਨ ਵਿੱਚ ਲੱਗੇ ਹੋਏ ਹਨ, ਪਰ ਅਸੀਂ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਅਜਾਈਂ ਨਹੀਂ ਜਾਣ ਦੇਵਾਂਗੇ। ਅਸੀਂ ਦੇਸ਼ ਦੇ ਲੋਕਤੰਤਰ 'ਤੇ ਹਮਲਾ ਕਰਨ ਵਾਲਿਆਂ ਵਿਰੁੱਧ ਪੂਰੀ ਤਾਕਤ ਨਾਲ ਲੜਾਂਗੇ। 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਨੇ ਭਾਜਪਾ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਦੁਨੀਆ ਦੀ ਸਭ ਤੋਂ ਵੱਡੀ ਪਾਰਟੀ ਇਕ ਛੋਟੇ ਜਿਹੇ ਮੇਅਰ ਦੀ ਚੋਣ 'ਚ ਵੋਟਾਂ ਚੋਰੀ ਕਰਦੇ ਹੋਏ ਰੰਗੇ ਹੱਥੀਂ ਫੜੀ ਗਈ ਹੈ। ਇਹ ਚੋਣ ਦਰਸਾਉਂਦੀ ਹੈ ਕਿ ਉਨ੍ਹਾਂ ਦੇ ਪਾਪ ਦਾ ਘੜਾ ਭਰ ਗਿਆ ਹੈ। ਉਨ੍ਹਾ ਗੀਤਾ ਦਾ ਇਕ ਸ਼ਲੋਕ ਸੁਣਾਇਆ ਅਤੇ ਕਿਹਾ ਕਿ ਜਦੋਂ ਪਾਪ ਦਾ ਘੜਾ ਭਰ ਜਾਂਦਾ ਹੈ ਤਾਂ ਉਪਰ ਵਾਲਾ ਆਪਣੇ ਝਾੜੂ ਨੂੰ ਸਾਫ ਕਰਨ ਲਈ ਵਰਤਦਾ ਹੈ। ਉਨ੍ਹਾ ਕਿਹਾ ਕਿ ਅਕਸਰ ਦੋਸ਼ ਲਾਏ ਜਾਂਦੇ ਹਨ ਕਿ ਭਾਜਪਾ ਧਾਂਦਲੀ ਕਰਕੇ ਚੋਣਾਂ ਜਿੱਤਦੀ ਹੈ, ਪਰ ਅੱਜ ਤੱਕ ਇਸ ਦਾ ਕੋਈ ਸਬੂਤ ਨਹੀਂ ਮਿਲਿਆ, ਪਰ ਚੰਡੀਗੜ੍ਹ ਮੇਅਰ ਚੋਣਾਂ ਵਿੱਚ ਉਨ੍ਹਾਂ ਖੁਦ ਇਹ ਸਾਬਤ ਕਰ ਦਿੱਤਾ। ਇਸ ਤੋਂ ਪਤਾ ਲੱਗਦਾ ਹੈ ਕਿ ਹੁਣ ਭਾਜਪਾ ਦੇ ਪਾਪਾਂ ਦਾ ਘੜਾ ਭਰ ਗਿਆ ਹੈ।

### ਹਰਿਆਣਾ ਦੇ ਦੋ ...

ਅੰਕੁਰ ਮਿੱਤਲ ਤੇ ਮਨੀਸ਼ ਮਿੱਤਲ ਨੇ 40-50 ਆਦਮੀਆਂ ਨੂੰ ਨਾਲ ਲੈ ਕੇ ਉਨ੍ਹਾਂ ਦੇ ਰਸਤੇ ਨੂੰ ਉਖਾੜ ਦਿੱਤਾ। ਸ਼ਾਮ ਨੂੰ ਫਿਰ 100 ਬਦਮਾਸ਼ਾਂ ਦੇ ਨਾਲ ਆਏ ਤੇ ਜਾਨ ਤੋਂ ਮਾਰਨ ਦੀ ਨਿਯਤ ਨਾਲ ਉਨ੍ਹਾਂ 'ਤੇ ਫਾਇਰ ਕੀਤੇ। ਸ਼ਿਕਾਇਤ ਦਰਜ ਹੋਣ 'ਤੇ ਇਸ ਮਾਮਲੇ ਦੀ ਜਾਂਚ ਉਸ ਸਮੇਂ ਦੇ ਏ ਐੱਸ ਆਈ ਰਾਮਨਿਵਾਸ ਅਤੇ ਇੰਸਪੈਕਟਰ ਉਮਰ ਮੁਹੰਮਦ ਵੱਲੋਂ ਕੀਤੀ ਗਈ ਅਤੇ ਸਚਾਈ ਨਾ ਹੋਣ ਦੀ ਗੱਲ ਕਹਿ ਕੇ ਜਾਂਚ ਰਿਪੋਰਟ ਨੂੰ ਬੰਦ ਕਰ ਦਿੱਤਾ ਗਿਆ। ਮੁੱਖ ਮੰਤਰੀ ਦੇ ਆਦੇਸ਼ਾਂ ਅਨੁਸਾਰ ਮਾਮਲੇ ਦੀ ਜਾਂਚ ਫਿਰ ਕਰਵਾਈ ਗਈ ਤਾਂ ਜਾਂਚ ਰਿਪੋਰਟ ਨੂੰ ਬੰਦ ਕਰਨਾ ਸ਼ੱਕੀ ਦੱਸਿਆ ਗਿਆ।

### ਟਾਰਗੈਟ ਕਿਲਿੰਗ ਦੀਆਂ...

ਦੇ ਕਬਜ਼ੇ 'ਚੋਂ ਦੋ ਪਿਸਤੌਲਾਂ ਸਮੇਤ ਗ੍ਰਿਫਤਾਰ ਕਰਨ ਤੋਂ 25 ਦਿਨਾਂ ਬਾਅਦ ਅਮਲ ਵਿੱਚ ਲਿਆਂਦੀ ਗਈ। ਏ ਆਈ ਜੀ ਕਾਊਂਟਰ ਇੰਟੈਲੀਜੈਂਸ ਜਲੰਧਰ ਨਵਜੋਤ ਸਿੰਘ ਮਾਹਲ ਨੇ ਦੱਸਿਆ ਕਿ ਮੁਲਜ਼ਮ ਵਿੱਕੀ ਭੱਟੀ ਤੋਂ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਜੰਡਿਆਲਾ ਦੇ ਹੈਪੀ ਜੱਟ ਨੇ ਹੈਪੀ ਬਾਬਾ ਨੂੰ ਸੂਬੇ ਵਿੱਚ ਟਾਰਗੇਟ ਕਿਲਿੰਗ ਨੂੰ ਅੰਜ਼ਾਮ ਦੇਣ ਦੀ ਜ਼ਿੰਮੇਵਾਰੀ ਸੌਂਪੀ ਹੈ। ਉਨ੍ਹਾ ਕਿਹਾ ਕਿ ਤੇਜ਼ੀ ਨਾਲ ਕਾਰਵਾਈ ਕਰਦਿਆਂ ਪੁਲਸ ਟੀਮਾਂ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਅਤੇ ਹੈਪੀ ਬਾਬਾ ਨੂੰ ਗ੍ਰਿਫਤਾਰ ਕਰ ਲਿਆ। ਪੁੱਛਗਿੱਛ ਦੌਰਾਨ ਹੈਪੀ ਬਾਬਾ ਨੇ ਕਬੂਲ ਕੀਤਾ ਕਿ ਉਹ ਤਰਨ ਤਾਰਨ ਅਤੇ ਅੰਮ੍ਰਿਤਸਰ ਦੇ ਖੇਤਰ ਵਿੱਚ ਘੱਟੋ-ਘੱਟ 100 ਨਾਜਾਇਜ਼ ਹਥਿਆਰ ਵੇਚ ਚੁੱਕਾ ਹੈ।

### ਬਜਟ ਪਸੰਦੀਦਾ ਕਾਰਪੋਰੇਟਾਂ...

ਗਿਆ ਹੈ। ਖਾਦ ਸਬਸਿਡੀ ਲਈ ਅਲਾਟਮੈਂਟ 2022-23 ਦੇ ਖਰਚੇ ਨਾਲੋਂ ਘੱਟ ਹੈ। ਨੀਤੀ ਗਰੀਬ ਅਤੇ ਸੀਮਾਂਤ ਕਿਸਾਨਾਂ ਨੂੰ ਉਜਾੜਨ ਲਈ ਨਿਰਦੇਸ਼ਿਤ ਹੈ।

80 ਕਰੋੜ ਲੋਕਾਂ ਨੂੰ ਮੁਫਤ ਰਾਸ਼ਨ ਦਿੱਤੇ ਜਾਣ ਦਾ ਦਾਅਵਾ ਆਪਣੇ ਆਪ ਵਿਚ ਲਗਾਤਾਰ ਵਧ ਰਹੀ ਗਰੀਬੀ ਦੀ ਟਿੱਪਣੀ ਹੈ। 25 ਫੀਸਦੀ ਗਰੀਬ ਲੋਕਾਂ ਨੂੰ ਗਰੀਬੀ ਤੋਂ ਉਪਰ ਲਿਆਉਣ ਦੇ ਦਾਅਵੇ ਦੇ ਉਲਟ ਤੱਥ ਇਹ ਹਨ ਕਿ ਇਕ ਦਹਾਕਾ ਪਹਿਲਾਂ ਗਰੀਬੀ ਰੇਖਾ ਤੋਂ ਹੇਠਾਂ 19 ਕਰੋੜ ਸੀ, ਉਸ ਵਿਚ 20 ਕਰੋੜ ਦਾ ਵਾਧਾ ਕਰਕੇ ਇਸ ਨੂੰ 39 ਕਰੋੜ ਬਣਾ ਦਿੱਤਾ ਗਿਆ ਹੈ। ਇਸ ਸਰਕਾਰ ਵੱਲੋਂ ਗਰੀਬੀ ਦੀ ਪਰਿਭਾਸ਼ਾ ਬਦਲਣ ਦੇ ਬਾਵਜੂਦ ਅਜਿਹਾ ਹੋਇਆ ਹੈ। ਵਿਸ਼ਵ ਭੁੱਖਮਰੀ ਸੂਚਕਾਂਕ ਵਿੱਚ ਭਾਰਤ 125 ਦੇਸ਼ਾਂ ਵਿੱਚੋਂ 112ਵੇਂ ਸਥਾਨ 'ਤੇ ਆ ਗਿਆ ਹੈ। 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦੇ ਮਾਮਲੇ ਵਿੱਚ ਸੁਪਰੀਮ ਕੋਰਟ ਵਿੱਚ ਸਰਕਾਰ ਦਾ ਆਪਣਾ ਦਾਖਲਾ ਕਹਿੰਦਾ ਹੈ ਕਿ ਇਨ੍ਹਾਂ ਵਿੱਚੋਂ 65 ਫੀਸਦੀ ਕੁਪੋਸ਼ਣ ਕਾਰਨ ਮਰ ਰਹੇ ਹਨ। ਕ੍ਰਾਈਮ ਬਿਊਰੋ ਦੀਆਂ ਰਿਪੋਰਟਾਂ ਅਨੁਸਾਰ ਦਿਹਾੜੀਦਾਰਾਂ ਦੀਆਂ ਖੁਦਕੁਸ਼ੀਆਂ ਵਿੱਚ ਵਾਧਾ ਹੋਇਆ ਹੈ, ਦੂਜੇ ਪਾਸੇ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਲਈ ਬਜਟ ਦੀ ਵੰਡ ਜੀ ਡੀ ਪੀ ਦਾ ਮਹਿਜ਼ 1.5 ਪ੍ਰਤੀਸ਼ਤ ਹੈ।ਕਿਰਤ ਸ਼ਕਤੀ ਵਿੱਚ ਔਰਤਾਂ ਦੀ ਭਾਗੀਦਾਰੀ ਦੇ ਝੂਠੇ ਦਾਅਵਿਆਂ ਦੇ ਉਲਟ, ਉਹ ਕੋਵਿਡ-19 ਤੋਂ ਪਹਿਲਾਂ ਮੌਜੂਦ ਰੁਜ਼ਗਾਰ ਪੱਧਰ ਤੱਕ ਵੀ ਨਹੀਂ ਪਹੁੰਚੀਆਂ ਹਨ, ਔਰਤਾਂ ਦੀ ਅਦਾਇਗੀ ਰੁਜ਼ਗਾਰ ਵਿੱਚ ਨਾਟਕੀ ਤੌਰ 'ਤੇ ਗਿਰਾਵਟ ਆਈ ਹੈ, ਜਿਸ ਨਾਲ ਉਨ੍ਹਾਂ ਦੇ ਦੁੱਖਾਂ ਵਿੱਚ ਵਾਧਾ ਹੋਇਆ ਹੈ। ਭਾਰਤ ਲਈ ਲਿੰਗ ਸਮਾਨਤਾ ਸੂਚਕ ਅੰਕ ਹੋਰ ਡਿੱਗ ਗਿਆ ਹੈ। ਦਸੰਬਰ 2023 ਤੱਕ ਨਿਰਭਯਾ ਫੰਡ ਦਾ ਲਗਭਗ 70 ਪ੍ਰਤੀਸ਼ਤ ਖਰਚ ਨਹੀਂ ਕੀਤਾ ਗਿਆ ਸੀ। ਪਬਲਿਕ ਐਜੂਕੇਸ਼ਨ ਅਤੇ ਪਬਲਿਕ ਹੈੱਲਥ ਵਿੱਚ ਬਜਟ ਅਲਾਟਮੈਂਟ ਘਟਾਈ ਜਾ ਰਹੀ ਸੀ ਅਤੇ ਇਸ ਵਾਰ ਵੀ ਅਜਿਹਾ ਹੀ ਰੁਝਾਨ ਨਜ਼ਰ ਆ ਰਿਹਾ ਹੈ। ਵੱਡੇ ਪੱਧਰ 'ਤੇ ਸਰਕਾਰੀ ਸਕੂਲਾਂ ਦੇ ਬੰਦ ਹੋਣ ਦੀ ਸੱਚਾਈ ਦੇ ਉਲਟ ਸਕੂਲਾਂ ਦੇ ਵਾਧੇ ਦਾ ਝੂਠਾ ਦਾਅਵਾ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਜੋ ਕੁਆਲਿਟੀ ਦੇ ਨਾਲ ਜ਼ਮੀਨੀ ਪੱਧਰ 'ਤੇ ਮੌਜੂਦ ਨਹੀਂ ਹੈ, ਉਹ ਹਨ ਆਈ ਆਈ ਟੀਜ਼, ਆਈ ਆਈ ਐੱਮਜ਼ ਏਮਜ਼ ਆਦਿ ਬਾਰੇ ਕੀਤੇ ਦਾਅਵੇ। ਜੋ ਉੱਪਰ ਸੂਚੀਬੱਧ ਕੀਤਾ ਗਿਆ ਹੈ, ਉਹ ਸ਼ਾਇਦ ਹੀ ਜੁਮਲਿਆਂ ਦਾ ਕੁੱਲ ਜੋੜ ਹੈ। ਹੋਰ ਬਹੁਤ ਸਾਰੇ ਸਨ, ਜਿਵੇਂ ਕਿ ਮਿਹਨਤਕਸ਼ ਲੋਕਾਂ ਦੀਆਂ ਉਜਰਤਾਂ ਵਿੱਚ 50% ਵਾਧਾ ਹੋਇਆ ਹੈ। ਸਚਾਈ ਇਹ ਹੈ ਕਿ ਉਜਰਤਾਂ ਦਾ ਘਾਣ ਕੀਤਾ ਜਾ ਰਿਹਾ ਹੈ। ਮੋਦੀ ਸਰਕਾਰ ਗ਼ਰੀਬਾਂ ਅਤੇ ਸੀਮਾਂਤ ਵਰਗਾਂ ਦੇ ਘਰਾਂ ਨੂੰ ਉਜਾੜਨ ਲਈ ਬੁਲਡੋਜ਼ਰਾਂ ਦੀ ਵਰਤੋਂ ਕਰਨ ਲਈ ਬਦਨਾਮ ਹੈ, ਪਰ 53 ਲੱਖ ਘਰ ਬਣਾਉਣ ਦਾ ਦਾਅਵਾ ਕਰਦੀ ਹੈ, ਜਦੋਂ ਕਿ ਲਾਗੂ ਕਰਨ ਵਾਲੇ ਦਸਤਾਵੇਜ਼ਾਂ ਵਿੱਚ ਆਪਣੇ ਦਾਖਲੇ ਵਿੱਚ ਇਹ ਅਫਸੋਸ ਜਤਾਉਂਦੀ ਹੈ ਕਿ ਉਹ ਸਿਰਫ 13 ਲੱਖ ਘਰ ਹੀ ਬਣਾ ਸਕੀ। ਬਹੁਤ ਜ਼ਿਆਦਾ ਚਰਚਿਤ ਆਯੁਸ਼ਮਾਨ ਭਾਰਤ ਯੋਜਨਾ ਵਿੱਚ ਸਿਫ਼ਾਰਸ਼ਾਂ ਵਿੱਚ ਕੀਤਾ ਗਿਆ ਵਾਅਦਾ ਏ ਐੱਸ ਆਈ ਸੀ ਕਵਰੇਜ ਸ਼ਾਮਲ ਨਹੀਂ। ਜਨਤਕ ਖੇਤਰ ਅਧਾਰਤ ਵਿਗਿਆਨਕ ਖੋਜ ਲਈ ਫੰਡ ਲਗਾਤਾਰ ਸੁੱਕ ਰਹੇ ਹਨ, ਜਦੋਂ ਕਿ ਪ੍ਰਧਾਨ ਮੰਤਰੀ ਜੈ ਅਨੁਸੰਧਾਨ ਵਿਗਿਆਨਕ ਖੋਜ ਨੂੰ ਉਤਸ਼ਾਹਤ ਕਰਨ ਦਾ ਮਾਣ ਕਰਦੇ ਹਨ।ਤਿੰਨ ਰੇਲਵੇ ਕੋਰੀਡੋਰ ਦੇ ਐਲਾਨ ਨਾਲ ਸਿਰਫ ਕਾਰਪੋਰੇਟ ਹੀ ਖੁਸ਼ ਹੋਣਗੇ, ਕਿਉਂਕਿ ਆਮ ਯਾਤਰੀਆਂ ਲਈ ਇਸ ਵਿੱਚ ਕੁਝ ਵੀ ਮਦਦਗਾਰ ਨਹੀਂ।


## ਉੱਤਰ ਰੇਲਵੇ

**ਈ-ਨਿਵਿਦਾ ਸੂਚਨਾ**

**ਨਿਵਿਦਾ ਸੂਚਨਾ ਪੱਤ੍ਰ ਨੰ.-** 399-2023-24-ADEN-II-ASR **ਤਾਰੀਕ** 02.02.2024

ਮੰਡਲ ਇੰਜੀਨੀਅਰ-ਤੀਜਾ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ ਅੰਤਿਮ ਮਿਤੀ 23.02.2024 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੈਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 01.02.2024/ 17:04 Hrs. | 09.02.2024 | 23.02.2024 / 15:00 ਵਜੇ |

| ਲ. ਨ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ |
|---|---|---|
| 1. | 399-2023-24-ADEN-II-ASR | ਸਹਾਇਕ ਮੰਡਲ ਇੰਜੀਨੀਅਰ ਸੈਕਿੰਡ/ਅੰਮ੍ਰਿਤਸਰ ਦੇ ਤਹਿਤ ਅੰਮ੍ਰਿਤਸਰ-ਖੇਮਕਰਨ ਸੈਕਸ਼ਨ ਵਿਚ 5 ਨੰਬਰ ਐਲਐਚਐਸ ਸੀ-26, ਸੀ-51, ਸੀ-55, ਸੀ-58 ਅਤੇ ਸੀ-73 ਅਤੇ ਬਿਆਸ-ਤਰਨਤਾਰਨ ਸੈਕਸ਼ਨ ਵਿਚ 3 ਨੰਬਰ ਐਲ ਐਚ ਐਸ ਸੀ-2, ਸੀ-8 ਅਤੇ ਸੀ-60 ਦੀ ਮੌਜੂਦਾ ਰਿਟੇਨਿੰਗ ਦੀਵਾਰਾਂ ਨੂੰ ਉਪਰ ਚੁਕਣਾ/ਵਿਸਤਾਰ ਕਰਨਾ, ਅਪਾਕਸੀ ਗ੍ਰਾਊਟਿੰਗ, ਅਡੀਸ਼ਨਲ, ਸਮਪ, ਸਟੈਂਡ ਹਮਪ ਇਕੱਠੇ ਸੜਕ ਸਤਹਾ ਦੀ ਰਿਗ੍ਰੇਡਿੰਗ ਦਾ ਕੰਮ ਕਰਨ ਲਈ। |

| ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
|---|---|---|---|
| 5,09,98,457.92/- | 4,05,000/- | 60 ਦਿਨ | 08 ਮਹੀਨੇ |

ਸਮਾਨ ਨੇਚਰ ਦਾ ਕੰਮ :"ਕੋਈ ਵੀ ਸਿਵਿਲ ਕੰਮ ਟ੍ਰੈਕ ਕੰਮ ਦੇ ਇਲਾਵਾ।"

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

360/24

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



## ਜੀਨਾ ਸੀਖੋ ਲਾਈਫਕੇਅਰ ਲਿਮਟਿਡ

CIN:L52601PB2017PLC046545

ਰਜਿਸਟਰਡ ਦਫਤਰ : ਐੱਸ ਸੀ ਓ 11, ਕਲਗੀਧਰ ਇਨਕਲੇਵ, ਜ਼ੀਰਕਪੁਰ, ਮੁਹਾਲੀ, ਪੰਜਾਬ-140604, ਭਾਰਤ
ਟੈਲੀਫੋਨ ਨੰ. 017-62513185, ਵੈੱਬਸਾਈਟ : https://jeenasikho.com/ Email ID:cs@jeenasikho.co.in

**ਮੈਂਬਰਾਂ ਦੀ ਅਸਧਾਰਨ ਜਨਰਲ ਮੀਟਿੰਗ ਵਾਸਤੇ ਨੋਟਿਸ**

ਨੋਟਿਸ ਦਿੱਤਾ ਜਾਂਦਾ ਹੈ ਕਿ ਜੀਨਾ ਸੀਖੋ ਲਾਈਫਕੇਅਰ ਲਿਮਟਿਡ (ਦਾ ਕੰਪਨੀ) ਦੇ ਮੈਂਬਰਾਂ ਦੀ ਇਕ ਅਸਾਧਾਰਨ ਜਨਰਲ ਮੀਟਿੰਗ ('ਈ ਜੀ ਐੱਮ') ਮਿਤੀ 24 ਜਨਵਰੀ, 2024 ਨੂੰ ਈ ਜੀ ਐੱਮ ('ਈ ਜੀ ਐੱਮ' ਨੋਟਿਸ) 'ਚ ਉਲੇਖ ਹੇਠਾਂ ਦਰਸਾਏ ਕਾਰੋਬਾਰ ਦੇ ਨਿਪਟਾਰੇ ਲਈ ਮੰਗਲਵਾਰ, 27 ਫਰਵਰੀ, 2024 ਨੂੰ ਦੁਪਹਿਰ 12.00 ਵਜੇ, ਸ਼ੁੱਧੀ ਅਯੁਰਵੇਦਾ ਪੰਚਕਰਮਾ ਹਸਪਤਾਲ, ਪਿੰਡ ਦੇਵੀਨਗਰ, ਹਦਬਸਤ ਨੰ: 18, ਤਹਿਸੀਲ, ਡੇਰਾਬੱਸੀ ਜ਼ਿਲ੍ਹਾ, ਪੰਜਾਬ-140507 ਵਿਖੇ ਹੋਵੇਗੀ :

(i) ਕੰਪਨੀ ਦੇ ਯੋਗ ਕਰਮਚਾਰੀਆਂ ਵਾਸਤੇ ਜੀਨਾ ਸੀਖੋ ਕਰਮਚਾਰੀ ਸਟਾਕ ਵਿਕਲਪ ਯੋਜਨਾ, 2024 ਦੀ ਪ੍ਰਵਾਨਗੀ

(ii) ਗਰੁੱਪ ਕੰਪਨੀਆਂ ਦੇ ਯੋਗ ਕਰਮਚਾਰੀਆਂ ਨੂੰ ਜੀਨਾ ਸੀਖੋ ਕਰਮਚਾਰੀ ਸਟਾਕ ਵਿਕਲਪ ਸਕੀਮ 2024 ਦੇ ਵਾਧੇ ਲਈ

(iii) ਕੰਪਨੀ ਦੇ ਮੈਮੋਰੰਡਮ ਆਫ ਐਸੋਸੀਏਸ਼ਨ ਦੀ ਆਬਜੈਕਟ ਕਲਾਜ਼ 'ਚ ਬਦਲਾਅ ਕੰਪਨੀਜ਼ (ਮੈਨੇਜਮੈਂਟ ਐਂਡ ਐਡਮਨਿਸਟ੍ਰੇਸ਼ਨ) ਰੂਲਜ਼ 2014 ਦੇ ਰੂਲ 20 ਨਾਲ ਪੜ੍ਹੇ ਜਾਂਦੇ ਕੰਪਨੀਜ਼ ਐਕਟ, 2013 ('ਦਾ ਐਕਟ') ਦੇ ਸੈਕਸ਼ਨ 108 ਅਤੇ ਹੋਰ ਲਾਗੂ ਵਿਵਸਥਾਵਾਂ ਅਤੇ ਸਕਿਊਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨ, 2015 ਦੇ ਰੈਗੂਲੇਸ਼ਨ 44 ਦੀ ਪਾਲਣਾ 'ਚ ਇਸ ਦੇ ਮੈਂਬਰਾਂ ਨੂੰ ਈ ਜੀ ਐੱਮ ਦੇ ਸਥਾਨ ਤੋਂ ਇਲਾਵਾ ਕਿਸੇ ਹੋਰ ਸਥਾਨ ਤੋਂ ਉਪਰੋਕਤ ਅਤੇ ਬਕਾਇਦਾ ਈ ਜੀ ਐੱਮ ਦੇ ਨੋਟਿਸ 'ਚ ਦਰਸਾਏ ਗਏ ਕਾਰੋਬਾਰ ਦੇ ਸੰਬੰਧ 'ਚ ਆਪਣੇ ਵੋਟ ਦੇ ਅਧਿਕਾਰ ਦੇ ਇਸਤੇਮਾਲ ਵਾਸਤੇ ਇਲੈਕਟ੍ਰਾਨਿਕ ਢੰਗ ("ਰਿਮੋਟ ਈ-ਵੋਟਿੰਗ") ਦੀ ਸਹੂਲਤ ਪ੍ਰਦਾਨ ਕਰਨ 'ਚ ਖੁਸ਼ੀ ਮਹਿਸੂਸ ਕਰ ਰਹੀ ਹੈ। ਮੈਂਬਰਾਂ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਕੰਪਨੀ ਨੇ ਈ ਜੀ ਐੱਮ ਨੋਟਿਸ ਭੇਜਣ ਲਈ ਕੱਟ ਆਫ ਡੇਟ ਜੋ ਕਿ ਸ਼ੁੱਕਰਵਾਰ, 19 ਜਨਵਰੀ 2024 ਹੈ, ਨੂੰ ਯੋਗ ਸ਼ੇਅਰ ਹੋਲਡਰਾਂ ਦੇ ਨਿਰਧਾਰਣ ਦੇ ਮੰਤਵ ਲਈ ਈ ਜੀ ਐੱਮ ਨੋਟਿਸ, ਸਮੇਤ ਵੇਰਵਿਆਂ ਅਤੇ ਵੋਟਿੰਗ ਪ੍ਰਕਿਰਿਆ ਅਤੇ ਹੋਰ ਸੰਬੰਧਤ ਵੇਰਵਿਆਂ ਦੇ ਭੇਜਣ ਦਾ ਕੰਮ 01 ਫਰਵਰੀ 2024 ਨੂੰ ਮੁਕੰਮਲ ਕਰ ਲਿਆ ਹੈ। ਮੈਂਬਰਾਂ, ਜਿਨ੍ਹਾਂ ਦਾ ਨਾਂਅ ਮੈਂਬਰਾਂ ਦੇ ਰਜਿਸਟਰ/ਲਾਭਪਾਤਰੀਆਂ ਦੀ ਸੂਚੀ 'ਚ ਬੁੱਧਵਾਰ, 21 ਫਰਵਰੀ 2024 ਨੂੰ ਨਜ਼ਰ ਆਉਣਗੇ, ਈ ਜੀ ਐੱਮ ਦੇ ਨੋਟਿਸ 'ਚ ਉਲੇਖ ਮਤਿਆਂ 'ਤੇ ਵੋਟ ਪਾਉਣ ਦੇ ਹੱਕਦਾਰ ਹੋਣਗੇ। ਇੱਕ ਵਿਅਕਤੀ ਜਿਸ ਦਾ ਨਾਂਅ ਮੈਂਬਰਾਂ ਦੇ ਰਜਿਸਟਰ 'ਚ ਰਜਿਸਟਰਡ ਜਾਂ ਡਿਪਾਜ਼ਟਰੀਜ਼ ਦੇ ਰੱਖ-ਰਖਾਵ ਵਾਲੀ ਲਾਭਪਾਤਰੀਆਂ ਦੀ ਸੂਚੀ 'ਚ ਵੋਟਿੰਗ ਕੱਟ ਆਫ ਡੇਟ ਨੂੰ ਦਰਜ ਹੋਵੇਗਾ, ਸਿਰਫ ਉਹ ਹੀ ਰਿਮੋਟ ਈ ਵੋਟਿੰਗ ਦੀ ਸਹੂਲਤ ਹਾਸਲ ਕਰਨ ਅਤੇ ਈ ਜੀ ਐੱਮ 'ਚ ਵੋਟਿੰਗ ਦਾ ਹੱਕਦਾਰ ਹੋਵੇਗਾ। ਰਿਮੋਟ ਈ-ਵੋਟਿੰਗ ਦਾ ਸਮਾਂ ਸ਼ਨੀਵਾਰ 24 ਫਰਵਰੀ 2024 ਨੂੰ ਸਵੇਰੇ 9.00 ਵਜੇ ਸ਼ੁਰੂ ਅਤੇ ਸੋਮਵਾਰ 26 ਫਰਵਰੀ 2024 ਨੂੰ ਸ਼ਾਮ ਦੇ 5.00 ਵਜੇ ਖਤਮ ਹੋਵੇਗਾ। ਰਿਮੋਟ ਈ-ਵੋਟਿੰਗ ਦੀ ਉਕਤ ਮਿਤੀ ਅਤੇ ਸਮੇਂ ਤੋਂ ਬਾਅਦ ਆਗਿਆ ਨਹੀਂ ਹੋਵੇਗੀ। ਇਸ ਮਿਤੀ ਤੋਂ ਬਾਅਦ ਕਿਸੇ ਵੀ ਜਵਾਬ 'ਤੇ ਇਵੇਂ ਵਿਚਾਰ ਕੀਤਾ ਜਾਵੇਗਾ, ਜਿਵੇਂ ਕਿ ਇਹ ਪ੍ਰਾਪਤ ਨਹੀਂ ਹੋਇਆ । ਇਲੈਕਟ੍ਰਾਨਿਕ ਢੰਗ ਨਾਲ ਵੋਟ ਪਾਉਣ ਦੇ ਚਾਹਵਾਨ ਮੈਂਬਰ ਇਸ ਈ ਜੀ ਐੱਮ ਦੇ ਨੋਟਿਸ 'ਚ ਦਰਸਾਏ ਈ-ਵੋਟਿੰਗ ਪ੍ਰਕਿਰਿਆ ਦੇ ਵੇਰਵੇ ਅਤੇ ਈ ਜੀ ਐੱਮ ਨੋਟਿਸ ਭੇਜਣ ਵਾਲੀ ਈਮੇਲ ਤੋਂ ਹਵਾਲਾ ਲੈ ਸਕਦੇ ਹਨ। ਰਿਮੋਟ ਈ-ਵੋਟਿੰਗ ਰਾਹੀਂ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ ਵਾਲਾ ਇੱਕ ਮੈਂਬਰ ਈ ਜੀ ਐੱਮ 'ਚ ਹਿੱਸਾ ਲੈ ਸਕਦਾ ਹੈ, ਪ੍ਰੰਤੂ ਮੀਟਿੰਗ 'ਚ ਦੁਬਾਰਾ ਵੋਟ ਪਾਉਣ ਦੀ ਆਗਿਆ ਨਹੀਂ ਹੋਵੇਗੀ।

ਜਿਨ੍ਹਾਂ ਮੈਂਬਰਾਂ ਨੇ ਰਿਮੋਟ ਈ-ਵੋਟਿੰਗ ਰਾਹੀਂ ਵੋਟ ਨਹੀਂ ਪਾਈ ਹੋਵੇਗੀ, ਉਹ ਐਕਟ 'ਚ ਦਰਸਾਏ ਅਨੁਸਾਰ ਈ ਜੀ ਐੱਮ 'ਚ ਵੋਟ ਪਾ ਸਕਣਗੇ। ਪਾਈਆਂ ਗਈਆਂ ਵੋਟਾਂ ਦੀ ਪੜਤਾਲ ਲਈ ਕੰਪਨੀ ਨੇ ਮੈਸ. ਜੇ ਨੈਨ ਐਂਡ ਐਸੋਸੀਏਸ਼ਨ, ਕੰਪਨੀ ਸੈਕ੍ਰੇਟਰੀਜ਼ ਨੂੰ ਸਕਿਰਿਊਟੇਨਾਈਜ਼ਰ ਨਿਯੁਕਤ ਕੀਤਾ ਹੈ। ਈ ਜੀ ਐੱਮ 'ਚ ਵੋਟਾਂ ਦੇ ਨਤੀਜੇ ਦਾ ਐਲਾਨ ਚੇਅਰਮੈਨ ਵੱਲੋਂ ਕੀਤਾ ਜਾਵੇਗਾ, ਜਿਸ ਦੇ ਅਸਫਲ ਰਹਿਣ 'ਤੇ ਕੰਪਨੀ ਸੈਕਟਰੀ ਐਕਟ ਅਧੀਨ ਦਰਸਾਈ ਸਮਾਂ ਹੱਦ 'ਚ ਐਲਾਨ ਕਰੇਗਾ। ਨਤੀਜੇ ਦਾ ਖੁਲਾਸਾ ਸਟਾਕ ਐਕਸਚੇਂਜ-ਐੱਨ ਐੱਸ ਈ ਰਾਹੀਂ ਕੀਤਾ ਜਾਵੇਗਾ ਅਤੇ ਕੰਪਨੀ ਦੀ ਵੈੱਬਸਾਈਟ ਦੇ ਨਾਲ-ਨਾਲ ਸੀ ਡੀ ਐੱਸ ਐੱਲ ਦੀ ਵੈੱਬਸਾਈਟ https://www.evotingindia.com 'ਤੇ ਉਪਲੱਬਧ ਹੋਵੇਗਾ। ਈ ਜੀ ਐੱਮ ਨੇ ਇਸ ਕੰਪਨੀ ਦੀ ਵੈੱਬਸਾਈਟ https://www.jeenasikho.com. 'ਤੇ ਵੀ ਉਪਲੱਬਧ ਹੈ। ਉਹ ਸ਼ੇਅਰ ਹੋਲਡਰ ਜਿਨ੍ਹਾਂ ਨੇ ਈ ਜੀ ਐੱਮ ਦਾ ਨੋਟਿਸ ਹਾਸਲ ਨਹੀਂ ਕੀਤਾ, ਉਹ ਕੰਪਨੀ ਨੂੰ cs@jeenasikho.co.in'ਤੇ ਜਾਂ ਸਾਡੇ ਆਰ ਟੀ ਏ ਨੂੰ info@skylinerta.com 'ਤੇ ਬੇਨਤੀ ਭੇਜ ਕੇ ਪ੍ਰਾਪਤ ਕਰ ਸਕਦਾ ਹੈ। ਜੇਕਰ ਸੀ ਡੀ ਐੱਸ ਐੱਲ ਈ-ਵੋਟਿੰਗ ਪ੍ਰਣਾਲੀ ਤੋਂ ਈ-ਵੋਟਿੰਗ ਸੰਬੰਧੀ ਕੋਈ ਸਵਾਲ ਜਾਂ ਸਮੱਸਿਆ ਹੈ ਤਾਂ ਤੁਸੀਂ helpdesk.evoting@cdsindia.com 'ਤੇ ਈਮੇਲ ਲਿਖ ਸਕਦੇ ਹੋ ਜਾਂ ਟੋਲ ਫ੍ਰੀ ਨੰ. 1800 22 55 33 'ਤੇ ਸੰਪਰਕ ਕਰ ਸਕਦੇ ਹੋ।

ਇਲੈਕਟ੍ਰਾਨਿਕ ਢੰਗ ਨਾਲ ਵੋਟਿੰਗ ਸਹੂਲਤ ਸੰਬੰਧੀ ਸਾਰੀਆਂ ਮੁਸ਼ਕਲਾਂ ਸ੍ਰੀ ਰਕੇਸ਼ ਦਲਵੀ, ਸੀਨੀਅਰ ਮੈਨੇਜਰ (ਸੀ ਡੀ ਐੱਸ ਐੱਲ), ਸੈਂਟਰਲ ਡਿਪਾਜ਼ਟਰੀ ਸਰਵਿਸਿਜ਼ (ਇੰਡੀਆ) ਲਿਮਟਿਡ, ਏ ਵਿੰਗ, 25ਵੀਂ ਮੰਜ਼ਲ, ਮੈਰਾਥਨ ਫਿਊਚਰੈਕਸ, ਮਫਤ ਲਾਲ ਮਿੱਲ ਕੰਪਾਊਂਡਸ, ਐੱਨ ਐੱਮ ਜੋਸ਼ੀ ਮਾਰਗ, ਲੋਵਰ ਪਰੇਲ (ਈਸਟ), ਮੁੰਬਈ-400013 ਨੂੰ ਭੇਜੀਆਂ ਜਾ ਸਕਦੀਆਂ ਹਨ।

ਵਾਸਤੇ ਅਤੇ ਤਰਫੋਂ ਬੋਰਡ ਆਫ ਡਾਇਰੈਕਟਰਜ਼
ਜੀਨਾ ਸੀਖੋ ਲਾਈਫਕੇਅਰ ਲਿਮਟਿਡ
ਸਹੀ/-
ਮਨੀਸ਼ ਗਰੋਵਰ,
ਮੈਨੇਜਿੰਗ ਡਾਇਰੈਕਟਰ
(ਡੀ ਆਈ ਐੱਨ : 07557886)

ਮਿਤੀ : 01 ਫਰਵਰੀ 2024
ਸਥਾਨ : ਜ਼ੀਰਕਪੁਰ, ਪੰਜਾਬ



ਪੰਜਾਬ ਮੰਡੀ ਬੋਰਡ

# ਪੰਜਾਬ ਮੰਡੀ ਬੋਰਡ

**ਈ-ਟੈਂਡਰਿੰਗ ਨੋਟਿਸ ਨੰ: 02 ਮਿਤੀ 02.02.2024**

ਦਫ਼ਤਰ ਕਾਰਜਕਾਰੀ ਇੰਜੀਨੀਅਰ (ਸ) ਪੰਜਾਬ ਮੰਡੀ ਬੋਰਡ ਤਰਨ ਤਾਰਨ ਵੱਲੋਂ ਜ਼ਿਲ੍ਹਾ ਤਾਰਨ ਤਾਰਨ ਅਧੀਨ ਪੈਂਦੀਆਂ 10 ਨੰ: ਮੰਡੀਆਂ ਤਰਨ ਤਾਰਨ, ਭਿੱਖੀਵਿੰਡ, ਝਬਾਲ, ਨੌਸ਼ਹਿਰਾ ਪੰਨੂਆਂ, ਖਡੂਰ ਸਾਹਿਬ, ਖੇਮਕਰਨ, ਪੱਟੀ, ਹਰੀਕੇ, ਸ੍ਰੀ ਗੋਇੰਦਵਾਲ ਸਾਹਿਬ ਅਤੇ ਮੰਡੀ ਖਾਲੜਾ ਵਿਖੇ ਸਮਾਂ ਮਿਤੀ 01.04.2024 ਤੋਂ 31.03.2025 ਤੱਕ (ਸਾਲ 2024-25) ਦੇ ਸਾਲਾਨਾ ਜਨ ਸਿਹਤ ਦੇ ਮੇਨਟੀਨੈਂਸ ਨਾਲ ਸੰਬੰਧਤ ਕੰਮਾਂ ਨੂੰ ਕਰਨ ਲਈ ਪੰਜਾਬ ਮੰਡੀ ਬੋਰਡ ਪਾਸੋਂ ਪ੍ਰਵਾਨਿਤ ਰਜਿਸਟਰਡ ਯੋਗ ਠੇਕੇਦਾਰਾਂ/ਫਰਮਾਂ/ਸਹਿਕਾਰੀ ਸਭਾਵਾਂ ਪਾਸੋਂ ਪ੍ਰਤੀਸ਼ਤ ਦਰ ਉੱਤੇ ਈ-ਟੈਂਡਰਿੰਗ ਸਾਈਟ http://eproc.punjab.gov.in ਰਾਹੀਂ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ।

ਇਸ ਟੈਂਡਰ ਨੋਟਿਸ ਦੇ ਨਿਯਮਾਂ ਅਤੇ ਸ਼ਰਤਾਂ ਸੰਬੰਧੀ ਹੋਰ ਜਾਣਕਾਰੀ ਲਈ ਪੰਜਾਬ ਸਰਕਾਰ ਦੀ ਈ-ਟੈਂਡਰਿੰਗ ਸਾਈਟ http://eproc.punjab.gov.in ਤੋਂ ਹਵਾਲਾ ਲਿਆ ਜਾ ਸਕਦਾ ਹੈ।

ਨੋਟ :-ਕੋਰੀਜੰਡਮ ਕੇਵਲ http://eproc.punjab.gov.in ਵੈੱਬਸਾਈਟ 'ਤੇ ਹੀ ਜਾਰੀ ਕੀਤਾ ਜਾਵੇਗਾ।

ਸਹੀ/-ਕਾਰਜਕਾਰੀ ਇੰਜੀਨੀਅਰ (ਸ), ਪੰਜਾਬ ਮੰਡੀ ਬੋਰਡ, ਤਰਨ ਤਾਰਨ।


ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

3-FEB-PAGE-3.qxd 2/2/2024 10:10 PM Page 1



# ਕੇਂਦਰ ਖਿਲਾਫ ਅੰਦੋਲਨ 'ਚ ਲੋਕ ਪਰਵਾਰਾਂ ਸਮੇਤ ਕਰਨਗੇ ਦਿੱਲੀ ਕੂਚ : ਕੋਟ ਬੁੱਢਾ



**ਪੱਟੀ (ਬਲਦੇਵ ਸਿੰਘ ਸੰਧੂ/ਸਮਸ਼ੇਰ ਸਿੰਘ ਯੋਧਾ)** - ਸੰਯੁਕਤ ਕਿਸਾਨ ਮੋਰਚੇ ਦੇ ਐਲਾਨ ਤੇ ਦੂਸਰੇ ਦਿੱਲੀ ਸੰਘਰਸ਼ ਦੀਆਂ ਤਿਆਰੀਆਂ ਸਬੰਧੀ ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਦੇ ਜ਼ੋਨ ਬਾਬਾ ਦੀ ਸਿੰਘ ਦੇ ਘੜਕਾ, ਜੌਹਲ ਢਾਏਵਾਲਾ, ਵਰਿਆ, ਨੌਸ਼ਿਹਰਾ ਪੰਨੂਆ, ਸਰਾਲੀ ਮੰਡ, ਨਿੱਕੀ ਸਰਹਾਲੀ, ਸ਼ਕਰੀ, ਦਰਗਾਪੁਰ ਤੇ ਕੈਰੋ ਆਦਿ ਪਿੰਡਾਂ ਦੀ ਅਹਿਮ ਮੀਟਿੰਗ ਪਿੰਡ ਸਰਾਲੀ ਮੰਡਾਂ ਦੇ ਗੁਰਦੁਆਰਾ ਸਾਹਿਬ ਵਿਖੇ ਸੁਖਦੇਵ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਜਥੇਬੰਦੀ ਦੇ ਸੂਬਾ ਪ੍ਰਧਾਨ ਇੰਦਰਜੀਤ ਸਿੰਘ ਕੋਟ ਬੁੱਢਾ ਨੇ ਆਖਿਆ ਕਿ ਬੀਤੇ ਦਿਨੀਂ ਦਿੱਲੀ ਵਿਖੇ ਵਿਸ਼ਵ ਸੰਮੇਲਨ ਸੱਦ ਕੇ ਬਾਹਰਲੇ ਵਿਦੇਸ਼ਾਂ ਨਾਲ ਸਮਝੌਤੇ ਕਰਕੇ ਕੇਂਦਰ ਦੀ ਮੋਦੀ ਸਰਕਾਰ ਵਿਸ਼ਵ ਵਪਾਰ ਸੰਸਥਾ ਦੀਆਂ ਨੀਤੀਆਂ ਲਾਗੂ ਕਰਨ 'ਤੇ ਤੁਲੀ ਹੋਈ ਹੈ।ਦੂਸਰੇ ਦੇਸ਼ਾਂ ਤੋਂ ਭਾਰਤ ਵਿਚ ਆਉਣ ਵਾਲੀਆਂ ਵਸਤਾ ਜਿਵੇਂ ਦੁੱਧ, ਕਣਕ, ਦਾਲਾਂ ਆਦਿ ਟੈਕਸ ਮੁਕਤ ਕਰਨ ਦੀਆਂ ਨੀਤੀਆ ਘੜੀਆਂ ਜਾ ਰਹੀਆਂ ਜਿਸ ਨਾਲ ਕਿਸਾਨਾਂ ਦਾ ਬਹੁਤ ਵੱਡਾ ਨੁਕਸਾਨ ਹੋਵੇਗਾ। ਕਣਕ ਵਿਚੋਂ 700-800 ਰੁਪਏ ਸਰਕਾਰੀ ਰੇਟ 'ਚ ਕਟੌਤੀ ਕੀਤੀ ਜਾ ਰਹੀ ਹੈ।ਖੇਤੀਬਾੜੀ ਧੰਦੇ ਨੂੰ ਬਹੁਤ ਵੱਡਾ ਧੱਕਾ ਲੱਗੇਗਾ। ਜਿਹੜੇ ਵੱਡੀ ਗਿਣਤੀ ਵਿਚ ਕਿਸਾਨ ਦੁੱਧ ਦਾ ਧੰਦਾ ਕਰਕੇ ਆਪਣੇ ਪਰਵਾਰਾਂ ਦਾ ਪਾਲਣ ਪੋਸ਼ਣ ਕਰ ਰਹੇ, ਕੇਂਦਰ ਦੀਆਂ ਮਾਰੂ ਨੀਤੀਆਂ ਨਾਲ ਖੇਤੀਬਾੜੀ ਤੇ ਦੁੱਧ ਦੇ ਧੰਦੇ ਬਿਲਕੁਲ ਖਤਮ ਹੋਣਗੇ।ਬਾਬਾ ਪ੍ਰਗਟ ਸਿੰਘ ਪਰਿੰਗੜੀ ਅਤੇ ਪਰਗਟ ਸਿੰਘ ਚੰਬਾ ਨੇ ਆਖਿਆ ਕਿ ਦਿੱਲੀ ਅੰਦੋਲਨ ਦੌਰਾਨ ਤਿੰਨ ਕਾਲੇ ਕਾਨੂੰਨ ਵਾਪਸ ਕਰਨ ਤੋਂ ਬਾਅਦ ਜਿਹੜੀਆਂ ਮੰਗਾਂ ਕੇਂਦਰ ਸਰਕਾਰ ਨੇ ਲਿਖਤੀ ਮੰਨੀਆਂ ਸਨ ਉਹਨਾਂ ਤੋਂ ਮੁੱਕਰ ਰਹੀ ਹੈ।ਮੰਗਾਂ ਨੂੰ ਮੁੱਖ ਰੱਖਦੇ ਹੋਏ ਸਾਰੇ ਭਾਰਤ ਦੀਆਂ ਕਿਸਾਨ ਮਜ਼ਦੂਰ ਅਤੇ ਟਰੇਡ ਯੂਨੀਅਨਾਂ ਵੱਲੋਂ 13 ਫਰਵਰੀ ਨੂੰ ਦਿੱਲੀ ਦੀ ਕੇਂਦਰ ਸਰਕਾਰ ਖਿਲਾਫ ਪੱਕਾ ਮੋਰਚਾ ਲੱਗਣ ਜਾ ਰਿਹਾ ਹੈ। ਉਸ ਮੋਰਚੇ ਵਿਚ ਕਿਸਾਨਾਂ ਅਤੇ ਮਜ਼ਦੂਰ ਪਰਵਾਰਾਂ ਸਮੇਤ ਵੱਡੀ ਗਿਣਤੀ ਵਿਚ ਦਿੱਲੀ ਨੂੰ ਕੂਚ ਕਰਨਗੇ। ਇਸ ਮੌਕੇ ਸਾਹਿਬ ਸਿੰਘ ਸਭਰਾ, ਹਰਜੀਤ ਸਿੰਘ ਜੌਹਲਾ, ਕਾਬਲ ਸਿੰਘ ਵਰਿਆ, ਗੁਲਜ਼ਾਰ ਸਿੰਘ, ਸਰਦੂਲ ਸਿੰਘ ਘੜਕਾ, ਸੁਖਜਿੰਦਰ ਸਿੰਘ ਰਾਜੂ ਰੂੜੀਵਾਲਾ, ਮਨਦੀਪ ਸਿੰਘ, ਪਾਲ ਸਿੰਘ, ਹਰਦਿਆਲ ਸਿੰਘ ਸਰਾਲੀ ਮੰਡ, ਪਾਲ ਸਿੰਘ, ਅਜੀਤ ਸਿੰਘ, ਸੁਖਵੰਤ ਸਿੰਘ, ਗੁਰਤੇਗ ਸਿੰਘ ਸ਼ਕਰੀ, ਅਜੀਤ ਸਿੰਘ, ਜਸਬੀਰ ਸਿੰਘ, ਦਿਲਬਾਗ ਸਿੰਘ ਵਰਿਆ, ਗੁਰਮੇਜ ਸਿੰਘ, ਭੁਪਿੰਦਰ ਸਿੰਘ ਜੌਹਲ, ਪਲਵਿੰਦਰ ਸਿੰਘ ਨੌਸ਼ਿਹਰਾ, ਬਲਵਿੰਦਰ ਸਿੰਘ ਦਰਗਾਪੁਰ, ਗੁਰਜੰਟ ਸਿੰਘ ਕੈਰੋਂ, ਸੁਰਿੰਦਰ ਸਿੰਘ, ਬਲਜੀਤ ਸਿੰਘ, ਕੁਲਵੰਤ ਸਿੰਘ ਆਦਿ ਹਾਜ਼ਰ ਸਨ।

# ਜਸਬੀਰ ਕੌਰ ਗਿੱਲ ਬੀ ਡੀ ਪੀ ਓ ਨੇ ਚਾਰਜ ਸੰਭਾਲਿਆ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਪੰਜਾਬ ਸਰਕਾਰ ਵੱਲੋਂ ਕੁਝ ਦਿਨ ਪਹਿਲਾਂ ਵੱਖ-ਵੱਖ ਵਿਭਾਗਾਂ ਵਿੱਚੋਂ ਕੀਤੀਆਂ ਅਧਿਕਾਰੀਆਂ ਦੀਆ ਬਦਲੀਆਂ ਦੌਰਾਨ ਅੱਜ ਡੇਰਾ ਬਾਬਾ ਨਾਨਕ ਦੇ ਬਲਾਕ ਪੰਚਾਇਤ ਤੇ ਵਿਕਾਸ ਦਫਤਰ ਵਿਖੇ ਜਸਬੀਰ ਕੌਰ ਗਿੱਲ ਨੇ ਡੇਰਾ ਬਾਬਾ ਨਾਨਕ ਦੇ ਬੀ ਡੀ ਪੀ ਓ ਵਜੋਂ ਚਾਰਜ ਸੰਭਾਲ ਲਿਆ ਹੈ ।ਇਸ ਤੋਂ ਪਹਿਲਾਂ ਜਸਬੀਰ ਕੌਰ ਗਿੱਲ ਬਲਾਕ ਵੇਰਕਾ ਵਿਖੇ ਬਤੌਰ ਬੀ ਡੀ ਪੀ ਓ ਸੇਵਾ ਨਿਭਾ ਰਹੇ ਸਨ ।ਚਾਰਜ ਸੰਭਾਲਣ ਉਪਰੰਤ ਬੀ ਡੀ ਪੀ ਓ ਜਸਬੀਰ ਕੌਰ ਗਿੱਲ ਨੇ ਕਿਹਾ ਕਿ ਮੈ ਆਪਣੇ ਆਪ ਨੂੰ ਬਹੁਤ ਵਡਭਾਗੀ ਮਹਿਸੂਸ ਕਰ ਰਹੀ ਹਾਂ, ਜੋ ਮੈਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਚਰਨ ਛੋਹ ਪ੍ਰਾਪਤ ਧਰਤੀ ਡੇਰਾ ਬਾਬਾ ਨਾਨਕ ਦੇ ਲੋਕਾਂ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ ।ਉਨ੍ਹਾਂ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਬੀ ਡੀ ਪੀ ਓ ਦਫਤਰ ਨਾਲ ਸਬੰਧਤ ਕੋਈ ਕੰਮ ਹੋਵੇ ਤਾਂ ਉਹ ਮੈਨੂੰ ਸਿੱਧੇ ਆ ਕੇ ਮਿਲ ਸਕਦਾ ਹੈ । ਉਸ ਦਾ ਕੰਮ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾਵੇਗਾ ।ਇਸ ਮੌਕੇ ਪੰਚਾਇਤ ਅਫਸਰ ਪਰਮਜੀਤ ਸਿੰਘ, ਐਸ ਈ ਪੀ ਓ ਸੁਖਵਿੰਦਰ ਸਿੰਘ, ਸੁਪਰਡੈਂਟ ਰਛਪਾਲ ਸਿੰਘ, ਸੰਮਤੀ ਕਲਰਕ ਪਰਮਜੀਤ ਕੌਰ, ਪੰਚਾਇਤ ਸਕੱਤਰ ਜਸਪਾਲ ਸਿੰਘ ਬਾਠ, ਨਰਿੰਦਰ ਸਿੰਘ, ਅਮਰਜੀਤ ਸਿੰਘ, ਹਰਿੰਦਰ ਸਿੰਘ, ਸਾਬੂ ਗਿੱਲ, ਗੁਰਦੀਪ ਸਿੰਘ, ਜਸਵਿੰਦਰ ਸਿੰਘ, ਬਿਕਰਮਜੀਤ ਸਿੰਘ, ਵੀ. ਡੀ. ਓ ਸ਼ਮੀ ਕਪੂਰ ,ਵੀ.ਡੀ.ਓ ਅਮਿਤ ਰਾਮਪਾਲ, ਸੇਵਾਦਾਰ ਝਿਲਮਿਲ ਸਿੰਘ ਤੇ ਵਿਜੇ ਕੁਮਾਰ ਆਦਿ ਹਾਜ਼ਰ ਸਨ ।

# ਬਾਬਾ ਅਜੈ ਸਿੰਘ ਖਾਲਸਾ ਸਕੂਲ 'ਚ ਪ੍ਰਕਾਸ਼ ਪੁਰਬ ਮਨਾਇਆ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)** - ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀ ਸੰਸਥਾ ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸ ਨੰਗਲ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਸਮਾਗਮ ਕਰਵਾਇਆ। ਸਕੂਲ ਦੇ ਪ੍ਰਿੰਸੀਪਲ ਸਰਬਜੀਤ ਕੌਰ ਦੇ ਪ੍ਰਬੰਧਾਂ ਵਿੱਚ ਕਰਵਾਏ ਸਮਾਗਮ ਵਿੱਚ ਖਾਲਸਾ ਕਾਲਜ ਗੁਰਦਾਸ ਨੰਗਲ ਦੇ ਪ੍ਰਿੰਸੀਪਲ ਡਾ: ਗੁਰਜੀਤ ਸਿੰਘ, ਭਾਈ ਰਣਜੀਤ ਸਿੰਘ ਮੈਨੇਜਰ ਗੁਰਦੁਆਰਾ ਬੁਰਜ ਸਾਹਿਬ ਧਾਰੀਵਾਲ, ਮੈਨੇਜਰ ਰਸ਼ਪਾਲ ਸਿੰਘ, ਪ੍ਰਚਾਰਕ ਭਾਈ ਜਗਰੂਪ ਸਿੰਘ, ਪ੍ਰਚਾਰਕ ਭਾਈ ਲਵਦੀਪ ਸਿੰਘ, ਭਾਈ ਹਰਮੀਤ ਸਿੰਘ, ਇੰਡੀਅਨ ਹੈਰੀਟੇਜ ਸਕੂਲ ਧਾਰੀਵਾਲ ਦੇ ਪ੍ਰਿੰਸੀਪਲ ਰਾਜਬੀਰ ਕੌਰ ਅਤੇ ਬਾਬਾ ਬੰਦਾ ਸਿੰਘ ਬਹਾਦਰ ਸੇਵਾ ਸੁਸਾਇਟੀ ਸੋਹਲ ਦੇ ਭਾਈ ਕਰਮਬੀਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਸਕੂਲ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਉਪਰੰਤ ਇਤਿਹਾਸਕ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਦੇ ਹਜ਼ੂਰੀ ਰਾਗੀ ਜਥੇ ਵਲੋਂ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਉਪਰੰਤ ਬਾਬਾ ਅਜੈ ਸਿੰਘ ਖਾਲਸਾ ਸਕੂਲ ਅਤੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਦੇ ਵਿਦਿਆਰਥੀਆਂ ਵੱਲੋਂ ਕਵਿਤਾਵਾਂ, ਕਵੀਸ਼ਰੀਆਂ ਪੇਸ਼ ਕੀਤੀਆਂ ਅਤੇ ਸ਼ਬਦ ਕੀਰਤਨ ਕੀਤਾ। ਵਿਦਿਆਰਥੀਆਂ ਨੇ ਸ਼ਬਦਾਂ ਦਾ ਜਾਪ ਕੀਤਾ। ਕਾਲਜ ਪ੍ਰਿੰਸੀਪਲ ਡਾ: ਗੁਰਜੀਤ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਸਮੂਹ ਸੰਗਤ ਨੂੰ ਵਧਾਈ ਦਿੱਤੀ ਅਤੇ ਗੁਰੂ ਜੀ ਦੇ ਜੀਵਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਸਕੂਲ ਪ੍ਰਿੰਸੀਪਲ ਸਰਬਜੀਤ ਕੌਰ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਬਾਰੇ ਜਾਣਕਾਰੀ ਦਿੱਤੀ ਅਤੇ ਸਮਾਗਮ ਵਿੱਚ ਸ਼ਾਮਲ ਮਹਿਮਾਨਾਂ ਅਤੇ ਬੱਚਿਆਂ ਦੇ ਮਾਪਿਆਂ ਦਾ ਧੰਨਵਾਦ ਕੀਤਾ। ਅਧਿਆਪਕਾ ਜਗਦੀਪ ਕੌਰ ਨੇ ਸਕੂਲ ਦੀਆਂ ਉਪਲੱਬਧੀਆਂ ਬਾਰੇ ਜਾਣੂ ਕਰਵਾਇਆ ਅਤੇ ਆਉਣ ਵਾਲੇ ਸਮੇਂ ਦੌਰਾਨ ਸਕੂਲ ਵਿੱਚ ਹੋਣ ਵਾਲੇ ਕਾਰਜਾਂ ਅਤੇ ਹੋਰ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਅਹਿਮ ਸ਼ਖਸੀਅਤਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ। ਸਟੇਜ ਸੈਕਟਰੀ ਦੀ ਭੂਮਿਕਾ ਅਧਿਆਪਕਾ ਗੁਰਪ੍ਰੀਤ ਕੌਰ ਨੇ ਨਿਭਾਈ। ਇਸ ਮੌਕੇ ਅਟੁੱਟ ਲੰਗਰ ਵਰਤਾਇਆ ਗਿਆ।

# ਪੰਜਾਬ ਦੀ ਬਿਹਤਰੀ ਲਈ ਸੁਖਬੀਰ ਸਿੰਘ ਬਾਦਲ ਵੱਲੋਂ 'ਪੰਜਾਬ ਬਚਾਓ ਯਾਤਰਾ' ਦੀ ਸ਼ੁਰੂਆਤ : ਬ੍ਰਹਮਪੁਰਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ 'ਪੰਜਾਬ ਬਚਾਓ ਯਾਤਰਾ' ਦੀ ਸ਼ੁਰੂਆਤ ਹੋਈ। ਇਸ ਤੋਂ ਪਹਿਲਾਂ ਸਮੁੱਚੀ ਲੀਡਰਸ਼ਿਪ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਦੇ ਮਾਰਗ ਦਰਸ਼ਨ ਦੀ ਅਰਦਾਸ ਕੀਤੀ। ਮੀਡੀਆ ਨੂੰ ਸੰਬੋਧਨ ਕਰਦਿਆਂ ਖਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਅਤੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ 'ਪੰਜਾਬ ਬਚਾਓ ਯਾਤਰਾ' ਦੇ ਉਦੇਸ਼ 'ਤੇ ਚਾਨਣਾ ਪਾਇਆ। ਉਨ੍ਹਾਂ ਨੇ 2022 ਦੀਆਂ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਕੀਤੇ ਅਧੂਰੇ ਵਾਅਦਿਆਂ 'ਤੇ ਚਿੰਤਾ ਜ਼ਾਹਰ ਕੀਤੀ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕਥਿਤ ਨੁਕਸਾਨਦੇਹ ਪ੍ਰਭਾਵਾਂ ਦੀ ਆਲੋਚਨਾ ਕੀਤੀ, ਜਿਸ ਨਾਲ ਜਨਤਾ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ। ਅਕਾਲੀ ਦਲ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ 'ਪੰਜਾਬ ਬਚਾਓ ਯਾਤਰਾ' ਦਾ ਉਦੇਸ਼ ਕਾਂਗਰਸ, ਭਾਜਪਾ ਅਤੇ 'ਆਪ' ਨੂੰ 'ਬੇਨਕਾਬ' ਕਰਨਾ ਹੈ, ਨਾਲ ਹੀ ਸੂਬੇ ਦੇ ਵਿਕਾਸ ਵਿੱਚ ਅਕਾਲੀ ਦਲ ਦੀਆਂ ਸਰਕਾਰਾਂ ਦੇ ਮਹੱਤਵਪੂਰਨ ਯੋਗਦਾਨ ਦਾ ਵੇਰਵਾ ਦੇਣਾ ਹੈ।

ਬ੍ਰਹਮਪੁਰਾ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਸੂਬੇ ਦਾ ਕੋਈ ਭਲਾ ਨਹੀਂ ਕੀਤਾ ਅਤੇ ਪੰਜਾਬ ਦੇ ਲੋਕਾਂ ਵਿੱਚ 'ਪੰਜਾਬ ਬਚਾਓ ਯਾਤਰਾ' ਨੂੰ ਵਧ ਰਹੇ ਸਮਰਥਨ ਨੇ ਮੌਜੂਦਾ ਸੂਬਾ ਸਰਕਾਰ ਸਮੇਤ ਸਾਰੀਆਂ ਵਿਰੋਧੀ ਪਾਰਟੀਆਂ ਵਿੱਚ ਡਰ ਪੈਦਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕ ਕਾਂਗਰਸ, ਭਾਜਪਾ ਅਤੇ ਆਮ ਆਦਮੀ ਪਾਰਟੀ ਨੂੰ ਉਨ੍ਹਾਂ ਦੇ ਕਥਿਤ ਕੁਪ੍ਰਬੰਧ ਅਤੇ ਗੁੰਮਰਾਹਕੁੰਨ ਅਮਲਾਂ ਲਈ ਜਵਾਬਦੇ ਠਹਿਰਾਉਣਗੇ। 'ਪੰਜਾਬ ਬਚਾਓ ਯਾਤਰਾ' ਦੀ ਸ਼ੁਰੂਆਤ ਮੌਕੇ ਸਾਬਕਾ ਕੈਬਨਿਟ ਮੰਤਰੀ ਦਲਜੀਤ ਸਿੰਘ ਚੀਮਾ, ਅਰਵਿੰਦਰਪਾਲ ਸਿੰਘ ਪੱਖੋਕੇ, ਰਵੀਕਰਨ ਸਿੰਘ ਕਾਹਲੋਂ, ਐਡਵੋਕੇਟ ਅਰਸ਼ਦੀਪ ਸਿੰਘ ਕਲੇਰ, ਇਕਬਾਲ ਸਿੰਘ ਝੂੰਦਾਂ, ਹਰਪ੍ਰੀਤ ਸਿੰਘ ਸਾਬਕਾ ਵਿਧਾਇਕ ਮਲੋਟ, ਗੁਰਸੇਵਕ ਸਿੰਘ ਸ਼ੇਖ ਜ਼ਿਲ੍ਹਾ ਪ੍ਰਧਾਨ ਯੂਥ ਅਕਾਲੀ ਦਲ ਤਰਨ ਤਾਰਨ ਸਮੇਤ ਹੋਰ ਉੱਘੀਆਂ ਸ਼ਖ਼ਸੀਅਤਾਂ ਨੇ ਬ੍ਰਹਮਪੁਰਾ ਦੇ ਨਾਲ ਇਸ ਮੌਕੇ ਹਾਜ਼ਰੀ ਭਰੀ, ਜੋ ਪੰਜਾਬ ਦੀ ਭਲਾਈ ਅਤੇ ਤਰੱਕੀ ਲਈ ਇੱਕ ਮਹੱਤਵਪੂਰਨ ਏਕੀਕ੍ਰਿਤ ਉਪਰਾਲਾ ਹੈ।

# 2 ਮੌਜੂਦਾ ਕਾਂਗਰਸੀ ਮੈਂਬਰਾਂ ਤੇ 1 ਸਾਬਕਾ ਅਕਾਲੀ ਸਰਪੰਚ ਸਮੇਤ ਪਿੰਡ ਦੇ ਕਈ ਪਰਵਾਰਾਂ ਨੇ ਗੁਰਦੀਪ ਰੰਧਾਵਾ ਦੀ ਅਗਵਾਈ ਕਬੂਲੀ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਵੋਟਰਾਂ ਨੂੰ ਲਾਮਬੰਦ ਕਰਨ ਲਈ ਹਲਕਾ ਆਗੂ ਗੁਰਦੀਪ ਸਿੰਘ ਰੰਧਾਵਾ ਵੱਲੋਂ ਹਲਕੇ ਵਿੱਚ ਮੀਟਿੰਗਾਂ ਧੜਾਧੜ ਕੀਤੀਆਂ ਜਾ ਰਹੀਆਂ ਹਨ ਅਤੇ ਆਮ ਆਦਮੀ ਪਾਰਟੀ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਹਰ ਰੋਜ਼ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ । ਜਿਸ ਤਹਿਤ ਅੱਜ ਪਿੰਡ ਜੌੜੀਆਂ ਕਲਾਂ ਵਿਖੇ ਆਮ ਆਦਮੀ ਪਾਰਟੀ ਦੇ ਆਗੂ ਸ਼ਮਸ਼ੇਰ ਸਿੰਘ ਸ਼ੇਰਾਂ ਵੱਲੋਂ ਪਿੰਡ ਵਿੱਚ ਇੱਕ ਵਿਸ਼ਾਲ ਮੀਟਿੰਗ ਕਰਵਾਈ ਗਈ ।

ਇਸ ਮੀਟਿੰਗ ਮੌਕੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਵੱਲੋਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਆਪਣੀ ਪਾਰਟੀ ਦੀਆਂ ਹੁਣ ਤੱਕ ਦੀਆਂ ਉਪਲਬਧੀਆਂ ਗਿਣਾਈਆਂ ਅਤੇ ਜੋ ਲੋਕ ਸਭਾ ਚੋਣਾਂ ਕੁਝ ਕੁ ਮਹੀਨਿਆਂ ਬਾਅਦ ਆ ਰਹੀਆਂ ਹਨ। ਉਹਨਾਂ ਵਿੱਚ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਵੱਧ ਤੋਂ ਵੱਧ ਵੋਟਾਂ ਪਾ ਕੇ ਜੋ ਪੰਜਾਬ ਦੇ ਹਰਮਨ ਪਿਆਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਸੁਪਨਾ ਹੈ 13-0 ਦਾ ਉਸ ਨੂੰ ਪੂਰਾ ਕਰਨ ਲਈ ਪ੍ਰੇਰਿਤ ਕੀਤਾ ਗਿਆ । ਇਸ ਮੌਕੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ 2 ਮੌਜੂਦਾ ਕਾਂਗਰਸੀ ਪੰਚਾਇਤ ਮੈਂਬਰਾਂ ਅਤੇ ਇੱਕ ਅਕਾਲੀ ਦਲ ਦੇ ਸਾਬਕਾ ਸਰਪੰਚ ਸਮੇਤ ਪਿੰਡ ਦੇ ਕਈ ਪਰਵਾਰ ਸ਼ਮਸ਼ੇਰ ਸਿੰਘ ਸ਼ੇਰਾਂ ਦੀ ਪ੍ਰੇਰਨਾ ਸਦਕਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ।ਸ਼ਾਮਲ ਹੋਣ ਵਾਲਿਆਂ ਵਿੱਚ ਸਾਬਕਾ ਸਰਪੰਚ ਹਰਜੀਤ ਸਿੰਘ,ਮੈਂਬਰ ਕੁਲਦੀਪ ਸਿੰਘ , ਮੈਂਬਰ ਕੁਲਵੰਤ ਸਿੰਘ, ਮੈਂਬਰ ਰਵੇਲ ਸਿੰਘ, ਮੋਹਨ ਸਿੰਘ ਸਾਬਕਾ ਸਰਪੰਚ, ਗੁਰਮੇਜ ਸਿੰਘ ਫੌਜੀ, ਜਸਵੰਤ ਸਿੰਘ, ਸਤਿੰਦਰ ਸਿੰਘ, ਜਸਵਿੰਦਰ ਸਿੰਘ ਠੇਕੇਦਾਰ, ਤਰਲੋਕ ਸਿੰਘ ਫੌਜੀ, ਦਿਲਬਾਗ ਸਿੰਘ, ਪਲਜਿੰਦਰ ਸਿੰਘ, ਅਮਰੀਕ ਮਸੀਹ, ਨਿਰਮਲ ਸਿੰਘ, ਮੰਗਜੀਤ ਸਿੰਘ, ਕੁਲਜੀਤ ਸਿੰਘ ਟੋਨੀ, ਸੁਖਜਿੰਦਰ ਸਿੰਘ, ਸਤਨਾਮ ਸਿੰਘ, ਸੁਖਵਿੰਦਰ ਸਿੰਘ ਸੁੱਖਾ, ਸੱਬਾ ਮਸੀਹ, ਸੰਤੋਖ ਸਿੰਘ ਪਟਵਾਰੀ, ਗਿਆਨੀ ਮੁੱਖਤਿਆਰ ਸਿੰਘ, ਹਰਦੇਵ ਸਿੰਘ, ਜਗੀਰ ਸਿੰਘ, ਪਿਆਰਾ ਸਿੰਘ ਲੰਬੜਦਾਰ, ਸੁਖਵਿੰਦਰ ਸਿੰਘ ਲੰਬੜਦਾਰ, ਸ਼ਿੰਦਾ ਮਸੀਹ, ਖਿੱਦੋ ਮਸੀਹ, ਪ੍ਰਸ਼ੋਤਮ ਲਾਲ ਸ਼ਰਮਾਂ, ਸੰਜੀਵ ਕੁਮਾਰ, ਜੰਗ ਬਹਾਦਰ, ਕੰਵਲਜੀਤ ਸਿੰਘ ਰਿੰਕੂ, ਦਲਬੀਰ ਸਿੰਘ, ਮੰਗਲ ਸਿੰਘ, ਗੁਰਤੇਜ ਸਿੰਘ ਆਦਿ ਨੂੰ ਗੁਰਦੀਪ ਸਿੰਘ ਰੰਧਾਵਾ ਵੱਲੋਂ ਪਾਰਟੀ ਦੇ ਨਿਸ਼ਾਨ ਵਾਲੇ ਸਿਰਪਾਓ ਪਾ ਕੇ ਪਾਰਟੀ ਵਿੱਚ ਜੀ ਆਇਆਂ ਨੂੰ ਆਖਿਆ । ਰੰਧਾਵਾ ਨੇ ਕਿਹਾ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰੇਕ ਵਰਕਰ ਦਾ ਬਿਨਾਂ ਭੇਦਭਾਵ ਬਣਦਾ ਮਾਨ ਸਨਮਾਨ ਕੀਤਾ ਜਾਵੇਗਾ ।ਇਸ ਮੌਕੇ ਬਲਾਕ ਪ੍ਰਧਾਨ ਕੁੰਨਣ ਸਿੰਘ, ਬਲਾਕ ਪ੍ਰਧਾਨ ਮੋਹਣ ਮਸੀਹ ਲੁਕਮਾਨੀਆ, ਬਲਾਕ ਪ੍ਰਧਾਨ ਦਵਿੰਦਰ ਸਿੰਘ ਨਬੀਨਗਰ, ਬਲਾਕ ਪ੍ਰਧਾਨ ਵਿਸਾਖਾ ਸਿੰਘ ਮੀਰ ਕਚਾਨਾ, ਰਜਿੰਦਰ ਸਿੰਘ ਕਾਦੀਆਂ, ਲਵਪ੍ਰੀਤ ਸਿੰਘ ਪੀ ਏ, ਸੋਨੂੰ ਰੱਤਾ, ਗੋਲਡੀ ਭਗਠਾਣਾ ਤੁੱਲੀਆਂ ਆਦਿ ਹਾਜ਼ਰ ਸਨ ।

# ਸ਼ਹਿਰ ਅੰਦਰ ਰੇਹੜੀ-ਫੜ੍ਹੀ ਤੇ ਦੁਕਾਨਦਾਰਾਂ ਵੱਲੋਂ ਨਜਾਇਜ਼ ਕਬਜ਼ਿਆਂ ਦੀ ਭਰਮਾਰ



**ਗੁਰਦਾਸਪੁਰ (ਜਨਕ ਮਹਾਜਨ)**- ਗੁਰਦਾਸਪੁਰ ਸ਼ਹਿਰ ਅੰਦਰ ਦੁਕਾਨਦਾਰਾਂ ਵਲੋਂ ਕੀਤੇ ਗਏ ਨਜਾਇਜ਼ ਕਬਜ਼ਿਆਂ ਦੀ ਭਰਮਾਰ ਕਾਰਨ ਸ਼ਹਿਰ ਦਾ ਬਾਜ਼ਾਰ ਦਿਨੋ ਦਿਨ ਸੁੰਗੜਦਾ ਜਾ ਰਿਹਾ ਹੈ। ਦੁਕਾਨਦਾਰਾਂ ਵਲੋਂ ਸ਼ਹਿਰ ਦੇ ਬਾਜ਼ਾਰ ਵਿਚ ਆਪਣਾ ਸਮਾਨ ਦੁਕਾਨਾਂ ਦੇ ਬਾਹਰ ਸੜਕ ਕੰਢੇ ਰੱਖਿਆ ਜਾਂਦਾ ਹੈ ਜਿਸ ਨਾਲ ਬਾਜ਼ਾਰਾਂ ਵਿਚੋਂ ਲੰਘਣ ਵਾਲੇ ਰਾਹਗੀਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਰੇਹੜੀ ਫੜ੍ਹੀ ਵਾਲੇ ਅਤੇ ਦੁਕਾਨਦਾਰਾਂ ਵੱਲੋਂ ਸਮਾਨ ਨੂੰ ਸੜਕ ਕੰਢੇ ਰੱਖ ਕੇ ਸੜਕ ਦਾ ਕੁਝ ਹਿਸਾ ਘੇਰ ਲਿਆ ਜਾਂਦਾ ਹੈ ਅਤੇ ਰਾਹਗੀਰਾਂ ਲਈ ਲੰਘਣ ਵਾਸਤੇ ਜਗ੍ਹਾ ਬਹੁਤ ਘੱਟ ਰਹਿ ਜਾਂਦੀ ਹੈ। ਕੁਝ ਦੁਕਾਨਦਾਰਾਂ ਨੇ ਬਾਜ਼ਾਰਾਂ ਵਿਚ ਧੜੱਲੇ ਨਾਲ ਨਜਾਇਜ਼ ਕਬਜ਼ੇ ਕੀਤੇ ਹੋਏ ਹਨ, ਜਿਨ੍ਹਾਂ ਵਿਚ ਸਭ ਤੋਂ ਵੱਧ ਸਬਜ਼ੀ ਤੇ ਫਰੂਟ ਦਾ ਕੰਮ ਕਰਨ ਵਾਲੇ ਰੇਹੜੀ ਫੜ੍ਹੀ ਵਾਲੇ ਹਨ। ਸੁੱਕੇ ਤਲਾਅ ਨਜ਼ਦੀਕ ਸਬਜ਼ੀ ਦੀਆਂ ਦੁਕਾਨਾਂ ਜੋ ਸੜਕ 'ਤੇ ਅੱਗੇ ਵਧਾ ਕੇ ਲਗਾਈਆਂ ਹੋਣ ਕਾਰਨ ਹਮੇਸ਼ਾ ਇੱਥੇ ਜਾਮ ਲੱਗਾ ਰਹਿੰਦਾ ਹੈ। ਇਸੇ ਤਰ੍ਹਾਂ ਮੱਛੀ ਮਾਰਕੀਟ ਤੋਂ ਬਾਟਾ ਚੌਕ ਦੇ ਬਜ਼ਾਰ ਵਿਚ ਦੁਕਾਨਦਾਰਾਂ ਵੱਲੋਂ ਦੁਕਾਨਾਂ ਦਾ ਸਮਾਨ ਬਾਹਰ ਸੜਕ 'ਤੇ ਰੱਖ ਕੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ, ਇਸ ਤੋਂ ਇਲਾਵਾ ਦੋਰਾਂਗਲਾ ਰੋਡ ਤੋਂ ਮੱਛੀ ਮਾਰਕੀਟ ਨੂੰ ਆਉਂਦੇ ਸਮੇਂ ਰਸਤੇ ਵਿਚ ਸਬਜ਼ੀ ਤੇ ਫਰੂਟ ਦੇ ਦੁਕਾਨਦਾਰਾਂ ਵੱਲੋਂ ਬਾਜ਼ਾਰ ਵਿਚ ਆਪਣੀਆਂ ਦੁਕਾਨਾਂ ਨੂੰ ਵਧਾ ਕੇ ਲਗਾਇਆ ਜਾਂਦਾ ਹੈ। ਲੋਕਾਂ ਦਾ ਕਹਿਣਾ ਹੈ ਕਿ ਸ਼ਹਿਰ ਦੇ ਸਾਰੇ ਚੌਕਾਂ ਅਤੇ ਸੜਕਾਂ 'ਤੇ ਦੁਕਾਨਦਾਰਾਂ ਵਲੋਂ ਦੁਕਾਨਾਂ ਦਾ ਸਮਾਨ ਦੁਕਾਨਾਂ ਅੰਦਰੋਂ ਕੱਢ ਕੇ ਸੜਕ ਕੰਢੇ ਸਜਾਇਆ ਜਾਂਦਾ ਹੈ। ਉਨ੍ਹਾਂ ਕਿਹਾ ਜੇਕਰ ਦੁਕਾਨਦਾਰਾਂ ਅਤੇ ਰੇਹੜੀ ਫੜ੍ਹੀ ਵਾਲਿਆਂ ਵੱਲੋਂ ਨਜਾਇਜ਼ ਕਬਜ਼ੇ ਇਮਾਨਦਾਰੀ ਨਾਲ ਹਟਾ ਲਏ ਜਾਣ ਤਾਂ ਲੋਕਾਂ ਨੂੰ ਕਾਫ਼ੀ ਰਾਹਤ ਮਿਲੇਗੀ ਅਤੇ ਗੁਰਦਾਸਪੁਰ ਸ਼ਹਿਰ ਅੰਦਰੋਂ ਟ੍ਰੈਫ਼ਿਕ ਸਮੱਸਿਆ ਕਾਫ਼ੀ ਦੂਰ ਹੋ ਜਾਵੇਗੀ। ਸ਼ਹਿਰ ਵਾਸੀਆਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਹਿਮਾਂਸ਼ੂ ਅਗਰਵਾਲ ਪਾਸੋਂ ਮੰਗ ਕੀਤੀ ਕਿ ਬਾਜ਼ਾਰਾਂ ਵਿਚ ਵਧਾ ਕੇ ਸਮਾਨ ਲਗਾਉਣ ਵਾਲੇ ਦੁਕਾਨਦਾਰਾਂ ਅਤੇ ਸਬਜ਼ੀ ਤੇ ਫਰੂਟ ਵਾਲਿਆਂ ਖ਼ਿਲਾਫ਼ ਕਾਰਵਾਈ ਕਰਕੇ ਲੋਕਾਂ ਨੂੰ ਰਾਹਤ ਦਿਵਾਈ ਜਾਵੇ।

# ਬਿਜਲੀ ਮੁਲਾਜ਼ਮ ਮੰਗਾਂ ਨੂੰ ਲੈ ਕੇ ਕਰਨਗੇ 9 ਨੂੰ ਰੋਸ ਪ੍ਰਦਰਸ਼ਨ ਤੇ 16 ਨੂੰ ਮੁਕੰਮਲ ਹੜਤਾਲ : ਉਦੀਪੁਰ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਸਰਕਲ ਵਰਕਿੰਗ ਕਮੇਟੀ ਗੁਰਦਾਸਪੁਰ ਦੀ ਮੀਟਿੰਗ ਧਾਰੀਵਾਲ ਵਿਖੇ ਸਰਕਲ ਪ੍ਰਧਾਨ ਸਾਥੀ ਬਲਵਿੰਦਰ ਉਦੀਪੁਰ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਵੱਖ ਵੱਖ ਡਵੀਜ਼ਨਾਂ ਦੇ ਪ੍ਰਧਾਨ ਤੇ ਸਕੱਤਰ ਸ਼ਾਮਲ ਹੋਏ। ਮੀਟਿੰਗ ਵਿੱਚ ਪਾਵਰਕੌਮ ਦੀ ਮੈਨੇਜਮੈਂਟ ਵੱਲੋਂ ਜਨਵਰੀ ਮਹੀਨੇ ਦੀ ਤਨਖਾਹ ਰਿਲੀਜ਼ ਨਾ ਕਰਨ ਦੀ ਸਖਤ ਨਿਖੇਧੀ ਕਰਦਿਆਂ ਪ੍ਰਧਾਨ ਉਦੀਪੁਰ ਨੇ ਦੱਸਿਆ ਇੱਕ ਪਾਸੇ ਤਾਂ ਪੰਜਾਬ ਦਾ ਮੁੱਖ ਮੰਤਰੀ ਅਤੇ ਪਾਵਰਕੌਮ ਦੀ ਮੈਨੇਜਮੈਂਟ ਇਹ ਪ੍ਰਚਾਰ ਬੜੇ ਜ਼ੋਰਾਂ ਨਾਲ ਕਰ ਰਹੀ ਹੈ ਕਿ ਮਹਿਕਮਾ ਕਰੋੜਾਂ ਰੁਪਏ ਮੁਨਾਫਾ ਕਮਾ ਰਿਹਾ ਅਤੇ ਵਾਧੇ ਵਿੱਚ ਜਾ ਰਿਹਾ ਹੈ, ਪਰ ਜਨਵਰੀ ਮਹੀਨੇ ਦੀ ਤਨਖਾਹ ਮੁਲਾਜ਼ਮਾਂ ਦੀ ਰਿਲੀਜ਼ ਕਰਨ ਲਈ ਪੈਸੇ ਨਹੀਂ ਹਨ। ਉਨ੍ਹਾਂ ਦੱਸਿਆ ਕਿ ਤਨਖਾਹਾਂ ਨਾ ਮਿਲਣ ਕਾਰਨ ਅੱਜ ਸਮੂਹ ਮੁਲਾਜ਼ਮਾਂ ਵਲੋਂ ਆਪਣੇ ਦਫਤਰਾਂ ਅੱਗੇ ਰੋਸ ਰੈਲੀਆਂ ਕੀਤੀਆਂ ਤੇ ਮੈਨੇਜਮੈਂਟ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ। ਸਾਥੀ ਬਲਵਿੰਦਰ ਉਦੀਪੁਰ ਨੇ ਕਿਹਾ ਕਿ ਤਨਖਾਹ ਕੋਈ ਭੀਖ ਨਹੀਂ ਹੈ, ਪੂਰੇ ਮਹੀਨਾ ਕੀਤੇ ਕੰਮ ਦਾ ਮੇਹਨਤਾਨਾ ਹੈ। ਉਨ੍ਹਾਂ ਦੱਸਿਆ ਸੇਵਾ ਮੁਕਤ ਹੋਏ ਕਰਮਚਾਰੀਆਂ ਦੀਆਂ ਗਰੈਚਟੀਆ, ਛੁੱਟੀਆਂ ਦੇ ਪੈਸੇ ਸਮੇਂ ਸਿਰ ਨਹੀਂ ਦਿੱਤੇ ਜਾ ਰਹੇ। ਅਰਬਾਂ ਰੁਪਏ ਦਾ ਰੈਵਨਿਊ ਇਕੱਠਾ ਕਰਨ ਵਾਲਾ ਪਾਵਰਕੌਮ ਆਪਣੇ ਕਰਮਚਾਰੀਆਂ ਨੂੰ ਤਨਖਾਹਾਂ ਵੀ ਕਿਸ਼ਤਾਂ ਵਿੱਚ ਦੇ ਰਿਹਾ ਹੈ। ਮੁਲਾਜ਼ਮ ਆਗੂਆਂ ਨੇ ਪਾਵਰਕੌਮ ਦੀ ਮੈਨੇਜਮੈਂਟ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਪੂਰੀਆਂ ਤਨਖਾਹਾਂ ਰਿਲੀਜ਼ ਨਾਂ ਕੀਤੀਆਂ ਤਾਂ ਜਥੇਬੰਦੀ ਵਲੋਂ ਸੰਘਰਸ਼ ਤੇਜ਼ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਮੰਗਾਂ ਨੂੰ ਲੈ ਕੇ 9 ਫਰਵਰੀ ਨੂੰ ਮੰਡਲ ਦਫਤਰਾਂ ਅੱਗੇ ਮੈਨੇਜਮੈਂਟ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ, 16 ਫਰਵਰੀ ਨੂੰ ਪੰਜਾਬ ਦੇ ਬਿਜਲੀ ਕਾਮੇ ਮੁਕੰਮਲ ਹੜਤਾਲ ਕਰਨਗੇ ਅਤੇ 20 ਫਰਵਰੀ ਨੂੰ ਬਿਜਲੀ ਮੰਤਰੀ ਦੀ ਰਿਹਾਇਸ਼ 'ਤੇ ਮੁਜ਼ਾਹਰਾ ਕੀਤਾ ਜਾਵੇਗਾ। ਬਿਜਲੀ ਮੁਲਾਜ਼ਮ ਜਥੇਬੰਦੀਆਂ ਵਲੋਂ ਮੰਗਾਂ ਮਨਵਾਉਣ ਤੱਕ ਸਾਂਝੇ ਸੰਘਰਸ਼ ਕੀਤੇ ਜਾਣਗੇ। ਇਸ ਮੀਟਿੰਗ ਵਿੱਚ ਸਾਥੀ ਰਣਧੀਰ ਸਿੰਘ ਕਾਹਲੋਂ, ਕੁਲਦੀਪ ਸਿੰਘ, ਸੁਰਿੰਦਰ ਸਿੰਘ ਰਾਮ ਲੁਭਾਇਆ, ਮਨੋਜ ਸ਼ਰਮਾ, ਵਿਕਟਰ ਮਸੀਹ, ਧਰਮ ਸਿੰਘ ਜਫਰਵਾਲ, ਨਿਸ਼ਾਨ ਸਿੰਘ ਸੋਹਲ, ਯਾਦਵਿੰਦਰ ਸਿੰਘ ਆਦਿ ਆਗੂ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਪ੍ਰਵਾਸੀ ਭਾਰਤੀ ਨਾਲ ਮਿਲਣੀ ਅੱਜ



**ਪਠਾਨਕੋਟ (ਦਵਿੰਦਰ ਸਿੰਘ)**-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਪਹਿਲ ਕਦਮੀ 'ਤੇ ਪ੍ਰਵਾਸੀ ਪੰਜਾਬੀ ਭਾਰਤੀਆਂ ਨਾਲ ਰਾਜ ਭਰ ਵਿੱਚ 3 ਫਰਵਰੀ ਤੋਂ ਉਲੀਕੀਆਂ ਗਈਆਂ ਪੰਜਾਬੀ ਐਨ.ਆਰ.ਆਈਜ਼ ਨਾਲ ਮਿਲਣੀਆਂ ਤਹਿਤ ਚਾਰ ਜ਼ਿਲ੍ਹਿਆਂ ਪਠਾਨਕੋਟ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਹੁਸ਼ਿਆਰਪੁਰ ਨਾਲ ਸਬੰਧਤ ਪ੍ਰਵਾਸੀ ਭਾਰਤੀਆਂ ਨਾਲ ਮਿਲਣੀ ਪ੍ਰੋਗਰਾਮ 3 ਫਰਵਰੀ ਨੂੰ ਸਵੇਰੇ 10 ਵਜੇ ਚਮਰੋੜ (ਮਿੰਨੀ ਗੋਆ), ਪਠਾਨਕੋਟ ਵਿਖੇ ਹੋਵੇਗੀ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਪਠਾਨਕੋਟ ਆਦਿੱਤਿਆ ਉੱਪਲ (ਆਈ.ਏ.ਐਸ.) ਨੇ ਅੱਜ ਚਮਰੋੜ (ਮਿੰਨੀ ਗੋਆ) ਵਿਖੇ ਐਨ.ਆਰ.ਆਈ. ਮਿਲਣੀ ਸਬੰਧੀ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਉਪਰੰਤ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਐਨ.ਆਰ.ਆਈ ਮਿਲਣੀ ਦਾ ਉਦਘਾਟਨ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਕਰਨਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮਿਲਣੀਆਂ ਦਾ ਮੰਤਵ ਪ੍ਰਵਾਸੀ ਪੰਜਾਬ ਭਾਰਤੀਆਂ ਨੂੰ ਦਰਪੇਸ਼ ਮੁਸ਼ਕਲਾਂ ਅਤੇ ਸ਼ਿਕਾਇਤਾਂ ਦਾ ਹੱਲ ਕਰਨਾ ਹੈ। ਉਨ੍ਹਾਂ ਨੇ ਉਕਤ ਜ਼ਿਲ੍ਹਿਆਂ ਨਾਲ ਸਬੰਧਤ ਪ੍ਰਵਾਸੀ ਪੰਜਾਬੀ ਭਾਰਤੀਆਂ ਨੂੰ ਇਸ ਮਿਲਣੀ ਦੌਰਾਨ 3 ਫਰਵਰੀ ਨੂੰ ਪਠਾਨਕੋਟ ਵਿਖੇ ਪੁੱਜਣ ਦੀ ਅਪੀਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪ੍ਰਵਾਸੀ ਪੰਜਾਬੀਆਂ ਲਈ ਉੱਥੇ, ਮੌਕੇ 'ਤੇ ਹੀ ਰਜਿਸਟਰੇਸ਼ਨ ਕਾਊਂਟਰ ਲਗਾਏ ਜਾਣਗੇ। ਉਨ੍ਹਾਂ ਇਸ ਮੌਕੇ ਉਪਰੋਕਤ ਪ੍ਰੋਗਰਾਮ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ। ਇਸ ਮੌਕੇ ਪੰਜਾਬ ਪੁਲਸ ਪਠਾਨਕੋਟ ਵੱਲੋਂ ਇੱਕ ਰੂਟ ਗਾਈਡ ਮੈਪ ਵੀ ਜਾਰੀ ਕੀਤਾ ਗਿਆ।

# 'ਪੰਜਾਬ ਸਰਕਾਰ, ਤੁਹਾਡੇ ਦੁਆਰ' ਮੁਹਿੰਮ ਤਹਿਤ ਲੱਗਣਗੇ ਵਿਸ਼ੇਸ਼ ਕੈਂਪ



**ਬਟਾਲਾ, ( ਡਾਕਟਰ ਮਲਵਿੰਦਰ ਸਿੰਘ )** ਡਾ. ਸ਼ਾਇਰੀ ਭੰਡਾਰੀ, ਐਸ.ਡੀ.ਐਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਲੋਕਾਂ ਦੇ ਘਰਾਂ ਦੇ ਨੇੜੇ ਵੱਖ-ਵੱਖ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ, ਤੁਹਾਡੇ ਦੁਆਰ ਮੁਹਿੰਮ ਸ਼ੁਰੂ ਕੀਤੀ ਗਈ ਹੈ।

ਇਸ ਸਬੰਧੀ ਵੱਖ-ਵੱਖ ਪਿੰਡਾਂ ਤੇ ਵਾਰਡਾਂ ਵਿੱਚ ਵਿਸ਼ੇਸ਼ ਕੈਂਪ ਲਗਾ ਕੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਸੁਣ ਕੇ ਸਮਾਂਬੱਧ ਢੰਗ ਨਿਪਟਾਰਾ ਕੀਤਾ ਜਾਵੇਗਾ। ਵਿਸ਼ੇਸ਼ ਕੈਂਪਾਂ ਦੌਰਾਨ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਸਕੀਮਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਵੀ ਕੀਤਾ ਜਾਵੇਗਾ।ਉਨ੍ਹਾਂ ਅੱਗੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੀ ਅਗਵਾਈ ਹੇਠ ਵਿਸ਼ੇਸ਼ ਕੈਂਪਾਂ ਦੌਰਾਨ ਮਾਲ ਵਿਭਾਗ ਨਾਲ ਸਬੰਧਤ, ਸਿਹਤ ਵਿਭਾਗ, ਕਾਰਪੋਰੇਸ਼ਨ ਨਾਲ ਸਬੰਧਤ, ਪੰਚਾਇਤ ਵਿਭਾਗ, ਮਗਨਰੇਗਾ, ਸਮਾਜਕ ਸੁਰੱਖਿਆ ਵਿਭਾਗ, ਸਿੱਖਿਆ ਵਿਭਾਗ, ਖੇਤੀਬਾੜੀ ਅਤੇ ਹੋਰ ਸਹਾਇਕ ਧੰਦਿਆਂ ਸਬੰਧੀ ਕਰਜ਼ਾ ਆਦਿ ਲੈਣ ਨਾਲ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਮੌਕੇ 'ਤੇ ਹੀ ਬਿਨੈਪੱਤਰ ਪ੍ਰਾਪਤ ਕਰਕੇ ਉਚਿਤ ਕਾਰਵਾਈ ਕਰਨਗੇ। ਉਨ੍ਹਾਂ ਦੱਸਿਆ ਕਿ ਸਮੂਹ ਵਿਭਾਗਾਂ ਦੇ ਅਧਿਕਾਰੀ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਨਗੇ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਤੇ ਸ਼ਿਕਾਇਤਾਂ ਦਾ ਸਮੇਂ ਸਿਰ ਢੁੱਕਵਾਂ ਹੱਲ ਕਰਨਗੇ।ਐਸ.ਡੀ.ਐਮ ਬਟਾਲਾ ਨੇ ਅੱਗੇ ਦੱਸਿਆ ਕਿ 'ਪੰਜਾਬ ਸਰਕਾਰ, ਤੁਹਾਡੇ ਦੁਆਰ' 5 ਫਰਵਰੀ ਨੂੰ ਵਾਰਡ ਨੰਬਰ-1, ਬਹਾਦੁਰ ਹੁਸੈਨ, ਡਾਲਾ, ਕਾਂਗੜਾ, ਵਾਰਡ ਨੰਬਰ-22, ਅਤੇ ਖੋਖੋਵਾਲ ਵਿਖੇ ਵਿਸ਼ੇਸ ਕੈਂਪ ਲਗਾ ਜਾਣਗੇ। 6 ਫਰਵਰੀ ਨੂੰ ਵਾਰਡ ਨੰ-2, ਮਿਸ਼ਰਪੁਰਾ, ਰਸੂਲਪੁਰ, ਚੀਮਾ ਖੁੱਡੀ, ਵਾਰਡ ਨੰ-23 ਤੇ ਜਾਹਦਪੁਰ, 7 ਫਰਵਰੀ ਨੂੰ ਵਾਰਡ ਨੰ -3, ਬੱਲ, ਤਲਵੰਡੀ ਝੁੰਗਲਾਂ, ਕਿਸ਼ਨਕੋਟ, ਵਾਰਡ ਨੰ-24, ਰਾਮਪੁਰ, 8 ਫਰਵਰੀ ਨੂੰ ਵਾਰਡ ਨੰ-4 ਮੀਰਪੁਰ, ਦੁਨੀਆਂ ਸੰਧੂ, ਪੱਡਾ, ਵਾਰਡ ਨੰ-25, ਚੀਮਾ, 9 ਫਰਵਰੀ ਨੂੰ ਵਾਰਡ ਨੰ-5, ਪੰਜਗਰਾਈਆਂ, ਕਾਹਲਵਾਂ, ਤਲਵਾੜਾ, ਵਾਰਡ ਨੰ-26 ਰੰਗੀਲਪੁਰ, 10 ਫਰਵਰੀ ਨੂੰ ਵਾਰਡ ਨੰਬਰ-27, ਫੁੱਲਕੇ, ਭਿੱਟੇਵੱਡ, ਘੁਮਾਣ, ਵਾਰਡ ਨੰ-28, ਭੱਟੀਵਾਲ, 12 ਫਰਵਰੀ ਨੂੰ ਵਾਰਡ ਨੰ-6, ਹਰਦੋਝੰਡੇ, ਵਡਾਲਾ ਗ੍ਰੰਥੀਆਂ, ਮੰਡ, ਵਾਰਡ ਨੰ-29, ਕੋਟ ਬਖਤਾ, ਵਾਰਡ-7, 13 ਫਰਵਰੀ ਨੂੰ ਗੋਖੂਵਾਲ, ਬਸਰਾਏ, ਬਾਲੜਵਾਲ, ਵਾਰਡ ਨੰ-30, ਜੈਤੋ ਸਰਜਾ, 14 ਫਰਵਰੀ ਨੂੰ ਵਾਰਡ ਨੰ-8, ਸ਼ੇਖੂਪੁਰ, ਸ਼ੇਰਪੁਰ, ਮਾੜੀ ਬੁਚੀਆਂ, ਵਾਰਡ ਨੰ-31, ਕੋਟਲਾ ਮੂਸਾ, 15 ਫਰਬਰੀ ਨੂੰ ਵਾਰਡ ਨੰ-9, ਧੀਰ, ਬਹਿਲੂਵਾਲ, ਨੂਰਪੁਰ, ਵਾਰਡ ਨੰ-32, ਸ਼ੁਕਾਲਾ, ਮਿਤੀ 16 ਨੂੰ ਵਾਰਡ ਨੰ-10, ਹਨਪੁਰ ਕਲਾਂ, ਮਨੋਹਰਪੁਰ, ਸਮਰਾਏ, ਵਾਰਡ ਨੰ-33, ਸੇਖਵਾਂ, 17 ਫਰਬਰੀ ਨੂੰ ਵਾਰਡ ਨੰ-34, ਖੋਜੇਵਾਲ, ਮਨਸੂਰਕੇ, ਦਕੋਹਾ, ਵਾਰਡ ਨੰ-35, ਸਿਧਵਾਂ, 19 ਫਰਬਰੀ ਨੂੰ ਵਾਰਡ ਨੰ-11 ਸੈਦ ਮੁਬਾਰਕ, ਦੌਲਤਪੁਰ, ਰਾਮਪੁਰ, ਵਾਰਡ ਨੰ-36, ਨੱਥੂ ਖਹਿਰਾ, ਮਿਤੀ 20 ਫਰਬਰੀ ਨੂੰ ਵਾਰਡ ਨੰ-12, ਬੱਜੂਮਾਨ, ਚਾਹਗਿੱਲ, ਗਾਲੋਵਾਲ, ਵਾਰਡ ਨੰ-37, ਉਧਨਵਾਲ, 21ਫਰਬਰੀ ਨੂੰ ਵਾਰਡ ਨੰ-13, ਚਹਿੱਤ, ਲੀਲ ਖੁਰਦ, ਖਾਨਪੁਰ, ਵਾਰਡ ਨੰ-38, ਹਰਪੁਰਾ, ਮਿਤੀ 22 ਫਰਬਰੀ ਨੂੰ ਵਾਰਡ ਨੰ-14, ਕੋਟਲਾ ਸਰਫ, ਗ੍ਰੰਥਗੜ੍ਹ, ਪੇਜੋਚੱਕ, ਵਾਰਡ ਨੰ-39, ਸਾਲੋਚੱਕ, ਮਿਤੀ 23 ਫਰਬਰੀ ਨੂੰ ਵਾਰਡ ਨੰ-15, ਹੁਸੈਨਪੁਰ ਖੁਰਦ, ਨੰਗਲ ਬਾਗਬਾਨਾ, ਕੋਟਲੀ ਲੇਹਲ, ਵਾਰਡ ਨੰ-40, ਲੀਲ ਕਲਾਂ, ਮਿਤੀ 24 ਫਰਬਰੀ ਨੂੰ ਵਾਰਡ-41, ਸੰਗਰਾਵਾਂ, ਹਰਚੋਵਾਲ, ਚੱਕ ਭਗਤੂਪੁਰ, ਵਾਰਡ ਨੰ-42, ਚਾਹਲ ਖੁਰਦ, ਮਿਤੀ 26 ਫਰਬਰੀ ਨੂੰ ਵਾਰਡ ਨੰ-16 ਘਸੀਟਪੁਰ, ਅਵਾਣ, ਡੇਰੇਵਾਲੀ, ਵਾਰਡ ਨੰ-43 ਧੀਰੋਵਾਲ, ਮਿਤੀ 27 ਫਰਬਰੀ ਨੂੰ ਵਾਰਡ ਨੰ-17, ਬੱਲੇਵਾਲ, ਲੋਹਚਾਪ, ਕੋਠੇ, ਵਾਰਡ ਨੰ-44, ਧਰਮਕੋਟ, ਮਿਤੀ 28 ਫਰਬਰੀ ਨੂੰ ਵਾਰਡ ਨੰ-18 ਆਈਮਾ, ਭਾਗੀਆਂ, ਚੱਕਚਾਓ, ਵਾਰਡ ਨੰ-45, ਚਾਹਲ ਕਲਾਂ, 29 ਫਰਬਰੀ ਨੂੰ ਵਾਰਡ ਨੰ-19 ਅਹਿਮਦਾਬਾਦ, ਥਿੰਦ, ਚੱਕ ਸਿਧਵਾਂ, ਵਾਰਡ ਨੰ-46, ਖਾਤੀਬ ਅਤੇ ਵਾਰਡ ਨੰਬਰ 20 ਵਿੱਚ ਵਿਸ਼ੇਸ਼ ਕੈਂਪ ਲੱਗਣਗੇ।ਐਸ.ਡੀ.ਐਮ ਨੇ ਅੱਗੇ ਦੱਸਿਆ ਕਿ ਇਸੇ ਤਰਾਂ 1 ਮਾਰਚ ਨੂੰ ਤਲਵੰਡੀ ਝੀਰਾਂ, ਨੰਗਲ ਬੁੱਟਰ, ਕਪੂਰਾ, ਵਾਰਡ ਨੰ-47, ਪਿੰਡਾ ਰੋੜੀ, 2 ਮਾਰਚ ਨੂੰ ਵਾਰਡ ਨੰ-48, ਪੁਰੀਆਂ ਖੁਰਦ, ਕੀੜੀ ਅਫਗਾਨਾ, ਸ਼ਾਹਪੁਰ ਅਰਾਈਆਂ, ਵਾਰਡ ਨੰ-49, ਕਲੇਰ, 4 ਮਾਰਚ ਨੂੰ ਵਾਰਡ ਨੰ-21, ਕਾਲਾ ਨੰਗਲ, ਧੰਨੇ, ਭੋਲ, ਵਾਰਡ ਨੰ-50 ਅਤੇ ਅਤੇਪੁਰ ਵਿਖੇ ਵਿਸ਼ੇਸ਼ ਕੈਂਪ ਲੱਗਣਗੇ।ਉਨਾਂ ਦੱਸਿਆ ਕਿ ਉਪਰੋਕਤ ਸਾਰੇ ਕੈਂਪਾਂ ਦੌਰਾਨ ਵੱਖ-ਵੱਖ ਅਧਿਕਾਰੀ ਸ਼ਿਰਕਤ ਕਰਨਗੇ ਅਤੇ ਲੋਕਾਂ ਦੀਆਂ ਸਮੱਸਿਆਵਾਂ ਸੁਣ ਕੇ ਹੱਲ ਕਰਨਗੇ।

# ਫਾਇਰਿੰਗ ਕਰਨ ਵਾਲੇ ਨਾਮਲੂਮ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਧਾਰੀਵਾਲ ਪੁਲਸ ਨੇ ਹਵਾਈ ਫਾਇਰ ਕਰਨ ਵਾਲੇ ਨਾਮਲੂਮ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਹਰਭਜਨ ਸਿੰਘ ਪੁੱਤਰ ਨਗੀਨਾ ਸਿੰਘ ਵਾਸੀ ਜੱਫਰਵਾਲ (ਡੇਰੇ) ਨੇ ਦੱਸਿਆ ਕਿ ਮੇਰੇ ਲੜਕੇ ਆਪਣੇ ਪਰਵਾਰਾਂ ਸਮੇਤ ਵਿਦੇਸ਼ ਅਮਰੀਕਾ ਵਿਖੇ ਰਹਿੰਦੇ ਹਨ, ਘਰ ਵਿੱਚ ਮੈਂ ਅਤੇ ਮੇਰੀ ਪਤਨੀ, ਇੱਕ ਨੌਕਰਾਣੀ, ਡਰਾਈਵਰ ਲਵਪ੍ਰੀਤ ਸਿੰਘ ਵਾਸੀ ਬੱਲ ਰਹਿੰਦੇ ਹਾਂ। 31 ਜਨਵਰੀ ਦੀ ਰਾਤ ਨੂੰ ਅਸੀਂ ਸਮੇਤ ਪਰਵਾਰ ਰੋਟੀ ਪਾਣੀ ਖਾ ਕੇ ਆਪਣੇ-ਆਪਣੇ ਕਮਰਿਆ ਵਿੱਚ ਸੌਂ ਗਏ ਸੀ ਕਿ 1 ਫਰਵਰੀ ਨੂੰ ਕਰੀਬ ਰਾਤ 2 ਵਜੇ ਘਰ ਦੇ ਬਾਹਰ ਫਾਇਰਿੰਗ ਹੋਣ ਦੀ ਅਵਾਜ਼ ਸੁਣਾਈ ਦਿੱਤੀ ਤਾਂ ਇੰਨੇ ਨੂੰ ਡਰਾਈਵਰ ਲਵਪ੍ਰੀਤ ਸਿੰਘ ਜੋ ਉਪਰਲੇ ਕਮਰੇ ਵਿੱਚ ਸੁੱਤਾ ਪਿਆ ਸੀ, ਨੇ ਉਠ ਕੇ ਕਮਰੇ ਦੀ ਬਾਰੀ ਰਾਹੀਂ ਦੇਖਿਆ ਕਿ ਫਾਇਰਿੰਗ ਕਰਨ ਵਾਲੇ ਨਾਮਾਲੂਮ ਵਿਅਕਤੀ ਇੱਕ ਚਿੱਟੇ ਰੰਗ ਦੀ ਕਾਰ 'ਤੇ ਸਵਾਰ ਹੋ ਕੇ ਜੱਫਰਵਾਲ ਠੇਕਰ ਵੱਲ ਨੂੰ ਜਾਂਦੇ ਦਿਖਾਈ ਦਿੱਤੇ। ਥਾਣਾ ਧਾਰੀਵਾਲ ਪੁਲਸ ਨੇ ਫਇਰਿੰਗ ਕਰਨ ਵਾਲੇ ਨਾਮਲੂਮ ਵਿਅਕਤੀਆਂ ਖ਼ਿਲਾਫ਼ ਧਾਰਾ 336, 34, ਆਰਮਜ਼ ਐਕਟ ਤਹਿਤ ਮਾਮਲਾ ਦਰਜ ਕਰਕੇ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਦਿਵਿਆਂਗ ਵਿਅਕਤੀਆਂ ਦੇ ਯੂ.ਡੀ.ਆਈ.ਡੀ. ਕਾਰਡ ਬਣਾਉਣ ਲਈ ਲੱਗਣਗੇ ਵਿਸ਼ੇਸ਼ ਕੈਂਪ

**ਬਟਾਲਾ (ਡਾਕਟਰ ਮਲਵਿੰਦਰ ਸਿੰਘ)**- ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਨਵੀਨ ਨੇ ਦੱਸਿਆ ਕਿ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਦਿਵਿਆਂਗ ਵਿਅਕਤੀਆਂ ਦੇ ਯੂ.ਡੀ.ਆਈ.ਡੀ. (ਯੂਨੀਕ ਡਿਸਏਬੀਲਿਟੀ ਅਡੈਂਟਿਟੀ ਕਾਰਡ) ਕਾਰਡ ਬਣਾਉਣ ਲਈ ਜ਼ਿਲ੍ਹਾ ਗੁਰਦਾਸਪੁਰ ਵਿੱਚ ਵਿਸ਼ੇਸ਼ ਕੈਂਪ ਲਗਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਉਨ੍ਹਾ ਅੱਗੇ ਦੱਸਿਆ ਕਿ ਕਿ ਵਿਭਾਗ ਵੱਲੋਂ 5, 12, 19 ਅਤੇ 26 ਫਰਵਰੀ ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਜ਼ਿਲ੍ਹਾ ਹਸਪਤਾਲ, ਬੱਬਰੀ (ਗੁਰਦਾਸਪੁਰ) ਵਿਖੇ ਵਿਸ਼ੇਸ਼ ਕੈਂਪ ਲਗਾ ਕੇ ਲੋੜਵੰਦ ਦਿਵਿਆਂਗਜਨਾਂ ਦੇ ਯੂ.ਡੀ.ਆਈ.ਡੀ. ਕਾਰਡ ਬਣਾਏ ਜਾਣਗੇ। ਇਸ ਤੋਂ ਇਲਾਵਾ 8, 16, 23 ਅਤੇ 29 ਫਰਵਰੀ ਨੂੰ ਮਾਤਾ ਸੁਲੱਖਣੀ ਜੀ ਸਿਵਲ ਹਸਪਤਾਲ ਬਟਾਲਾ ਵਿਖੇ ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਇਹ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਨੇ ਜ਼ਿਲ੍ਹੇ ਦੇ ਦਿਵਿਆਂਗ ਵਿਅਕਤੀਆਂ ਨੂੰ ਅਪੀਲ ਕੀਤੀ ਹੈ ਕਿ ਜਿਨ੍ਹਾਂ ਦੇ ਅਜੇ ਤੱਕ ਯੂ.ਡੀ.ਆਈ.ਡੀ. ਕਾਰਡ ਨਹੀਂ ਬਣੇ ਉਹ ਉੱਪਰ ਦਿੱਤੀਆਂ ਗਈਆਂ ਮਿਤੀਆਂ ਅਨੁਸਾਰ ਆਪਣੇ ਨੇੜੇ ਦੇ ਕੈਂਪ ਵਿੱਚ ਪਹੁੰਚ ਕੇ ਆਪਣਾ ਕਾਰਡ ਬਣਵਾਉਣ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਆਪਣੇ ਨੇੜੇ ਦੇ ਸੀ.ਡੀ.ਪੀ.ਓ ਦਫ਼ਤਰ ਜਾਂ ਜ਼ਿਲ੍ਹਾ ਸਮਾਜਿਕ ਸੁਰੱਖਿਆ ਦਫ਼ਤਰ ਵਿਖੇ ਰਾਬਤਾ ਕੀਤਾ ਜਾ ਸਕਦਾ ਹੈ।

# ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ ਲੋਕ ਮਿਲਣੀ ਰਾਹੀਂ ਲੋਕਾਂ ਦੀਆਂ ਮੁਸ਼ਕਲਾਂ ਕੀਤੀਆਂ ਹੱਲ



**ਸ੍ਰੀ ਹਰਗੋਬਿੰਦਪੁਰ ਸਾਹਿਬ ( ਬਟਾਲਾ)**-ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਨੇ ਕਿਹਾ ਕਿ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਪੰਜਾਬ ਸਰਕਾਰ ਹਰੇਕ ਵਰਗ ਦੇ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਆਪ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਹੁਣ ਤੱਕ ਦੇ ਕਾਰਜਕਾਲ ਦੌਰਾਨ ਲੋਕਹਿੱਤ ਵਿੱਚ ਇਤਿਹਾਸਕ ਫੈਸਲੇ ਲਏ ਗਏ ਹਨ। ਵਿਧਾਇਕ ਅਮਰਪਾਲ ਸਿੰਘ ਨੇ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਦਫਤਰ ਵਿਖੇ ਲੋਕ ਮਿਲਣੀ ਤਹਿਤ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਤੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਲੋਕਾਂ ਦੀਆਂ ਮੁਸ਼ਕਲਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾਣ। ਉਨ੍ਹਾਂ ਕਿਹਾ ਕਿ ਉਨ੍ਹਾਂ ਵਲੋਂ ਜਿਥੇ ਹਲਕੇ ਅੰਦਰ ਸਰਬਪੱਖੀ ਵਿਕਾਸ ਕੰਮ ਕਰਵਾਏ ਜਾ ਰਹੇ ਹਨ, ਉਸ ਦੇ ਨਾਲ ਹਲਕਾ ਵਾਸੀਆਂ ਮੁਸ਼ਕਲਾਂ ਸੁਣ ਕੇ ਹੱਲ ਕੀਤੀਆਂ ਜਾ ਰਹੀਆਂ ਹਨ। ਗੱਲਬਾਤ ਦੌਰਾਨ ਉਨ੍ਹਾਂ ਅੱਗੇ ਕਿਹਾ ਪੰਜਾਬ ਸਰਕਾਰ ਵਲੋਂ ਸਿੱਖਿਆ ਦੇ ਖੇਤਰ ਵਿੱਚ ਵੱਡੇ ਕਾਰਜ ਕਰਦਿਆਂ ਸਕੂਲ ਆਫ ਐਮੀਨੈਂਸ ਖੋਲ੍ਹੇ ਗਏ ਹਨ, ਲੋਕਾਂ ਨੂੰ ਹੋਰ ਬਿਹਤਰ ਸਿਹਤ ਸਹੂਲਤਾਂ ਦੇਣ ਦੇ ਮੰਤਵ ਨਾਲ 'ਆਮ ਆਦਮੀ ਕਲੀਨਿਕ' ਸਫਲਤਾਪੂਰਵਕ ਚੱਲ ਰਹੇ ਹਨ ਅਤੇ ਸੂਬੇ ਦਾ ਸਾਰੇ ਵਸਨੀਕਾਂ ਨੂੰ 600 ਯੂਨਿਟ ਤੱਕ ਮੁਫਤ ਬਿਜਲੀ ਦੀ ਸਹੂਲਤ ਦੇ ਕੇ ਲੋਕਾਂ ਦੀ ਵੱਡੀ ਆਰਥਿਕ ਸਹਾਇਤਾ ਕੀਤੀ ਗਈ ਹੈ। ਐਡਵੋਕੇਟ ਅਮਰਪਾਲ ਸਿੰਘ ਨੇ ਹਲਕੇ ਦੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਕਿਹਾ ਕਿ ਹਲਕੇ ਦਾ ਸਰਬਪੱਖੀ ਵਿਕਾਸ ਕਰਵਾਉਣਾ, ਉਨ੍ਹਾਂ ਦੀ ਪਹਿਲੀ ਤਰਜੀਹ ਹੈ ਤੇ ਲੋਕਾਂ ਤੱਕ ਭਲਾਈ ਸਕੀਮਾਂ ਪੁਜਦਾ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ।

# ਸ਼ੈਰੀ ਕਲਸੀ ਨੇ ਵਾਰਡ ਨੰ. 16 ਵਿਖੇ ਨਵਾਂ ਸੀਵਰੇਜ ਪਾਉਣ ਦਾ ਕੰਮ ਕਰਵਾਇਆ ਸ਼ੁਰੂ



**ਬਟਾਲਾ, (ਡਾਕਟਰ ਮਲਵਿੰਦਰ ਸਿੰਘ )** ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਵਾਰਡ ਨੰਬਰ 16 ਵਿਖੇ ਨਵਾਂ ਸੀਵਰੇਜ ਪਾਉਣ ਦਾ ਕੰਮ ਸ਼ੁਰੂ ਕਰਵਾਇਆ। ਇਸ ਮੌਕੇ ਵਾਰਡ ਵਾਸੀਆਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੀਵਰੇਜ ਨਾ ਪੈਣ ਕਰਕੇ ਗੰਦੇ ਪਾਣੀ ਦੀ ਸਮੱਸਿਆ ਨਾਲ ਲੋਕ ਜੂਝ ਰਹੇ ਸਨ ਪਰ ਹੁਣ ਸੀਵਰੇਜ ਪੈ ਜਾਣ ਨਾਲ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।ਇਸ ਮੌਕੇ ਵਾਰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਉਨ੍ਹਾਂ ਦੀ ਹਮੇਸ਼ਾ ਤਰਜੀਹ ਰਹੀ ਹੈ ਕਿ ਲੋਕਾਂ ਦੀਆਂ ਸਮੱਸਿਆਵਾਂ ਪਹਿਲ ਦੇ ਆਧਾਰ 'ਤੇ ਹੱਲ ਕੀਤੀਆਂ ਜਾਣ ਅਤੇ ਇਸ ਮਕਸਦ ਨਾਲ ਉਹ ਖੁਦ ਲੋਕਾਂ ਤੱਕ ਪੁਹੰਚ ਕਰਕੇ ਉਨਾਂ ਦੀਆਂ ਮੁਸ਼ਕਲਾਂ ਸੁਣ ਕੇ ਹੱਲ ਕਰ ਰਹੇ ਹਨ। ਉਨਾਂ ਕਿਹਾ ਕਿ ਬਟਾਲਾ ਸ਼ਹਿਰ ਅੰਦਰ ਪਾਰਦਰਸ਼ੀ ਢੰਗ ਨਾਲ ਵੱਖ-ਵੱਖ ਵਿਕਾਸ ਕੰਮ ਚੱਲ ਰਹੇ ਹਨ ਅਤੇ ਵਿਕਾਸ ਕੰਮਾਂ ਲਈ ਫੰਡਾਂ ਦੀ ਕੋਈ ਕਮੀਂ ਨਹੀਂ ਹੈ।ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਇਤਿਹਾਸਕ ਤੇ ਧਾਰਮਿਕ ਸ਼ਹਿਰ ਨੂੰ ਵਿਕਾਸ ਪੱਖੋਂ ਨਮੂਨੇ ਦਾ ਹਲਕਾ ਬਣਾਉਣ ਲਈ ਵਿਸ਼ੇਸ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਲੋਕਾਂ ਨੂੰ ਮੁਢਲੀਆਂ ਸਹੂਲਤਾਂ ਪੁਜਦੀਆਂ ਕੀਤੀਆਂ ਜਾ ਰਹੀਆਂ ਹਨ। ਉਨਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਲੋਕਾਂ ਨੂੰ ਹੋਰ ਬਿਹਤਰ ਸਿਹਤ ਸੇਵਾਵਾਂ ਦੇਣ ਦੇ ਮੰਤਵ ਨਾਲ 'ਆਮ ਆਦਮੀ ਕਲੀਨਿਕ' ਖੋਲ੍ਹੇ ਗਏ ਹਨ, ਜੋ ਸਫਲਤਾਪੂਰਵਕ ਚੱਲ ਰਹੇ ਹਨ। ਸਿੱਖਿਆ ਦਾ ਮਿਆਰ ਹੋਰ ਚੁੱਕਣ ਲਈ 'ਸਕੂਲ ਆਫ ਐਮੀਨੈਂਸ' ਖੋਲ੍ਹੇ ਗਏ ਹਨ ਅਤੇ ਪੰਜਾਬ ਦੇ ਸਾਰੇ ਲੋਕਾਂ ਨੂੰ 600 ਯੂਨਿਟ ਤੱਕ ਮੁਫ਼ਤ ਬਿਜਲੀ ਨਿਰਵਿਘਨ ਮੁਹੱਈਆ ਕਰਵਾਈ ਜਾ ਰਹੀ ਹੈ।

# ਵਿਦਿਆਰਥੀਆਂ ਨੇ ਡਿਪਟੀ ਕਮਿਸ਼ਨਰ ਦਫ਼ਤਰ ਦਾ ਕੀਤਾ ਦੌਰਾ



**ਗੁਰਦਾਸਪੁਰ, (ਦਿਨੇਸ਼ ਕੁਮਾਰ)** - ਸਕੂਲ ਆਫ਼ ਐਮੀਨੈਂਸ ਗੁਰਦਾਸਪੁਰ ਦੇ ਵਿਦਿਆਰਥੀਆਂ ਦੇ ਵਿੱਦਿਅਕ ਅਨੁਭਵ ਨੂੰ ਵਧਾਉਣ ਅਤੇ ਉਨ੍ਹਾਂ ਨੂੰ ਵੱਖ-ਵੱਖ ਪੇਸ਼ੇਵਾਰ ਖੇਤਰਾਂ ਦੀ ਵਿਵਹਾਰਿਕ ਸਮਝ ਪ੍ਰਦਾਨ ਕਰਨ ਦੇ ਉਦੇਸ਼ ਨਾਲ, ਗਿਆਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਦੀ ਐਕਸਪੋਜ਼ਰ ਵਿਜ਼ਿਟ ਤਹਿਤ ਸਿਵਲ ਪ੍ਰਸ਼ਾਸਨ ਦੀ ਕਾਰਜ-ਪ੍ਰਣਾਲੀ ਦੀ ਪੇਸ਼ੇਵਾਰ ਪ੍ਰਕ੍ਰਿਆ ਸਬੰਧੀ ਜਾਣਕਾਰੀ ਸਾਂਝੀ ਕਰਨ ਦੇ ਮਕਸਦ ਨਾਲ ਦਫ਼ਤਰ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਾ ਵਿਸ਼ੇਸ਼ ਸਿੱਖਿਆ ਟੂਰ ਕਰਵਾਇਆ ਗਿਆ । ਸਕੂਲ ਦੇ ਵਿਦਿਆਰਥੀਆਂ ਨੇ ਡਿਪਟੀ ਕਮਿਸ਼ਨਰ ਦਫ਼ਤਰ ਦੀਆਂ ਵੱਖ ਵੱਖ ਸ਼ਾਖਾਵਾਂ ਵਿੱਚ ਜਾ ਕੇ ਉਨ੍ਹਾਂ ਦੇ ਕੰਮਕਾਜ ਬਾਰੇ ਜਾਣਕਾਰੀ ਇਕੱਤਰ ਕੀਤੀ ।ਇਸ ਮੌਕੇ ਉਨ੍ਹਾਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨਾਲ ਵੀ ਮੁਲਾਕਾਤ ਕਰਕੇ ਉਨ੍ਹਾਂ ਤੋਂ ਡਾਕਟਰੀ ਦੀ ਪੜ੍ਹਾਈ ਤੋਂ ਲੈ ਕੇ ਆਈ.ਏ.ਐੱਸ ਤੱਕ ਦਾ ਸਫ਼ਰ ਸਬੰਧੀ ਉਨ੍ਹਾਂ ਦੇ ਅਨੁਭਵਾਂ ਬਾਰੇ ਜਾਣਕਾਰੀ ਹਾਸਲ ਕੀਤੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵਿਦਿਆਰਥੀਆਂ ਦੇ ਐਕਸਪੋਜ਼ਰ ਵਿਜ਼ਟ ਕਰਵਾਉਣ ਦਾ ਮੁੱਖ ਮਨੋਰਥ ਉਨ੍ਹਾਂ ਨੂੰ ਸਰਕਾਰੀ ਵਿਭਾਗਾਂ ਦੀ ਕਾਰਜ-ਪ੍ਰਣਾਲੀ ਦੀ ਪੇਸ਼ੇਵਾਰ ਪ੍ਰਕ੍ਰਿਆ ਤੋਂ ਜਾਣੂ ਕਰਵਾਉਣਾ ਹੈ । ਇਸ ਕੜੀ ਤਹਿਤ ਸਕੂਲੀ ਵਿਦਿਆਰਥੀਆਂ ਨੂੰ ਜ਼ਿਲ੍ਹਾ ਅਦਾਲਤ, ਸਰਕਾਰੀ ਹਸਪਤਾਲ, ਡਿਫੈਂਸ ਅਕੈਡਮੀ/ਆਰਮੀ ਛਾਉਣੀ, ਸਪੋਰਟਸ ਅਕੈਡਮੀ/ਸਟੇਡੀਅਮ, ਇੰਜੀਨੀਅਰਿੰਗ ਕਾਲਜ ਆਦਿ ਦਾ ਵੀ ਦੌਰਾ ਕਰਵਾਇਆ ਜਾਵੇਗਾ ਤਾਂ ਜੋ ਉਨ੍ਹਾਂ ਨੂੰ ਆਪਣੇ ਭਵਿੱਖ ਦੀਆਂ ਸੰਭਾਵਨਾਵਾਂ ਅਤੇ ਮੌਕਿਆਂ ਦੀ ਉਪਲਬਧਤਾ ਤੋਂ ਜਾਣੂ ਕਰਵਾ ਕੇ ਕੈਰੀਅਰ ਸਬੰਧੀ ਦਿਸ਼ਾ ਮਿਲ ਸਕੇ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸਕੂਲੀ ਵਿਦਿਆਰਥੀਆਂ ਦੇ ਭਵਿੱਖ ਦੇ ਸੰਭਾਵੀ ਖੇਤਰਾਂ ਬਾਬਤ ਬਹੁਪੱਖੀ ਤਰੀਕਿਆਂ ਤੇ ਡੂੰਘਾਈ ਨਾਲ ਮਾਰਗ ਦਰਸ਼ਨ ਕਰਦਿਆਂ ਅਗਲੇਰੀ ਪੜ੍ਹਾਈ ਦੀ ਚੋਣ ਕਰਨ ਬਾਰੇ ਦੱਸਿਆ। ਉਨ੍ਹਾਂ ਨੂੰ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨਸ਼ਿਆਂ ਅਤੇ ਮਾੜੇ ਪ੍ਰਭਾਵਾਂ ਤੋਂ ਦੂਰ ਰਹਿਣ ਦੀ ਅਪੀਲ ਵੀ ਕੀਤੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਿੱਖਿਆ ਵਿਭਾਗ ਨੌਜਵਾਨ ਵਿਦਿਆਰਥੀਆਂ ਨੂੰ ਇੱਕ ਸਫਲ ਭਵਿੱਖ ਲਈ ਲੋੜੀਂਦੇ ਜ਼ਰੂਰੀ ਗਿਆਨ, ਮਾਰਗ ਦਰਸ਼ਨ ਅਤੇ ਪ੍ਰੇਰਨਾ ਨਾਲ ਲੈਸ ਕਰਨ ਦੇ ਉਦੇਸ਼ ਨਾਲ ਪਹਿਲਕਦਮੀਆਂ ਕਰ ਰਿਹਾ ਹੈ ਤਾਂ ਜੋ ਵਿਦਿਆਰਥੀਆਂ ਨੂੰ ਵੱਖ ਵੱਖ ਵਿਭਾਗਾਂ ਦੇ ਕੰਮ ਕਰਨ ਦੀ ਪ੍ਰੀਕ੍ਰਿਆ ਅਤੇ ਸਰਕਾਰੀ ਅਹੁਦਿਆਂ ਬਾਰੇ ਜਾਣਕਾਰੀ ਮਿਲ ਸਕੇ ਅਤੇ ਉਨ੍ਹਾਂ ਤੋਂ ਪ੍ਰੇਰਿਤ ਹੋ ਕੇ ਆਪਣੇ ਕੈਰੀਅਰ ਦੀ ਚੋਣ ਕਰ ਸਕਣ । ਇਸ ਮੌਕੇ ਵਿਦਿਆਰਥੀਆਂ ਨੂੰ ਦਫ਼ਤਰ ਡਿਪਟੀ ਕਮਿਸ਼ਨਰ ਦੇ ਸਾਰੇ ਕੰਮਕਾਜ ਸਬੰਧੀ ਜਾਣਕਾਰੀ ਦਿੱਤੀ ਗਈ ਹੈ ਅਤੇ ਵੱਖ-ਵੱਖ ਸ਼ਾਖਾਵਾਂ ਅਤੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਸਥਿਤ ਹੋਰ ਵਿਭਾਗਾਂ ਦੇ ਦਫ਼ਤਰਾਂ ਦਾ ਦੌਰਾ ਵੀ ਕਰਵਾਇਆ ਗਿਆ। ਇਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਪ੍ਰਵਾਸੀ ਪੰਛੀਆਂ ਦੀ ਜਲਗਾਹ ਕੇਸ਼ੋਪੁਰ ਛੰਭ ਦਾ ਦੌਰਾ ਵੀ ਕੀਤਾ ਗਿਆ।

3-feb-PAGE-4-24.qxd 2/2/2024 10:27 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 3 ਫਰਵਰੀ 2024

# ਭਾਜਪਾ ਡਰੀ ਹੋਈ ਹੈ

*ਲੋਕ ਸਭਾ ਚੋਣਾਂ ਜਿਓਂ-ਜਿਓਂ ਨੇੜੇ ਆ ਰਹੀਆਂ ਹਨ, ਤਾਨਾਸ਼ਾਹੀ ਨੇ ਤੇਜ਼ੀ ਨਾਲ ਆਪਣੇ ਕੁਹਾੜੇ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ। ਮੋਦੀ ਦੀ ਈ ਡੀ ਚੋਣਾਂ ਨੂੰ ਵਿਰੋਧ ਮੁਕਤ ਕਰਨ ਲਈ ਪੂਰੀ ਸਰਗਰਮੀ ਨਾਲ ਜੁਟ ਗਈ ਹੈ। ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਆਉਂਦੇ ਦਿਨੀਂ ਹੋਰ ਆਗੂ ਵੀ ਇਸ ਕਤਾਰ ਵਿੱਚ ਸ਼ਾਮਲ ਹੋ ਜਾਣਗੇ, ਜਿਨ੍ਹਾਂ ਦੀ ਲਿਸਟ ਬਣ ਚੁੱਕੀ ਹੈ। ਇਹ ਲਿਸਟ ਕਾਫ਼ੀ ਲੰਮੀ ਹੈ।*

*ਅਗਲਾ ਨੰਬਰ ਸ਼ਾਇਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਹੋਵੇਗਾ। ਉਨ੍ਹਾ ਨੂੰ ਹੁਣ ਤੱਕ ਪੰਜ ਨੋਟਿਸ ਭੇਜੇ ਜਾ ਚੁੱਕੇ ਹਨ। ਇਸ ਤੋਂ ਪਹਿਲਾਂ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਤੇ ਰਾਜ ਸਭਾ ਸਾਂਸਦ ਸੰਜੇ ਸਿੰਘ ਦੀ ਗ੍ਰਿਫ਼ਤਾਰੀ ਹੋ ਚੁੱਕੀ ਹੈ। ਬਿਹਾਰ ਵਿੱਚ ਤਖਤਾ ਪਲਟ ਤੋਂ ਬਾਅਦ ਈ ਡੀ ਨੇ ਲਾਲੂ ਪ੍ਰਸਾਦ ਯਾਦਵ ਦੇ ਪਰਵਾਰ ਦੁਆਲੇ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਬੀਤੇ ਸੋਮਵਾਰ ਈ ਡੀ ਨੇ ਲਾਲੂ ਪ੍ਰਸਾਦ ਯਾਦਵ ਤੋਂ ਸਾਰਾ ਦਿਨ ਪੁੱਛਗਿੱਛ ਕੀਤੀ । ਅਗਲੇ ਦਿਨ ਉਸ ਦੇ ਬੇਟੇ ਤੇਜਸਵੀ ਯਾਦਵ ਤੋਂ ਕਈ ਘੰਟੇ ਪੁੱਛਗਿੱਛ ਕੀਤੀ ਗਈ। ਲਾਲੂ ਉਤੇ ਦੋਸ਼ ਹੈ ਕਿ ਉਸ ਨੇ ਰੇਲ ਮੰਤਰੀ ਹੁੰਦਿਆਂ ਜ਼ਮੀਨ ਬਦਲੇ ਨੌਕਰੀਆਂ ਵੰਡੀਆਂ ਸਨ। ਈ ਡੀ ਦੇ ਦੋਸ਼ ਪੱਤਰ ਵਿੱਚ ਉਕਤ ਦੋਵਾਂ ਤੋਂ ਇਲਾਵਾ ਲਾਲੂ ਦੀ ਪਤਨੀ ਤੇ ਬੇਟੀ ਦਾ ਨਾਂਅ ਵੀ ਸ਼ਾਮਲ ਹੈ।*

*ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਤੇ ਕਾਂਗਰਸੀ ਆਗੂ ਭੁਪਿੰਦਰ ਹੁੱਡਾ ਤੋਂ ਵੀ ਮਨੀ ਲਾਂਡਰਿੰਗ ਮਾਮਲੇ ਵਿੱਚ ਈ ਡੀ ਨੇ ਸੋਮਵਾਰ ਨੂੰ 7 ਘੰਟੇ ਪੁੱਛਗਿੱਛ ਕੀਤੀ। ਬੀਤੇ 12 ਦਿਨਾਂ ਦੌਰਾਨ ਇਹ ਦੂਜੀ ਵਾਰ ਸੀ, ਜਦੋਂ ਈ ਡੀ ਨੇ ਹੁੱਡਾ ਨੂੰ ਸੱਦਿਆ ਸੀ। ਕਰਨਾਟਕ ਦੇ ਉਪ ਮੁੱਖ ਮੰਤਰੀ ਡੀ ਕੇ ਸ਼ਿਵ ਕੁਮਾਰ ਨੂੰ ਵੀ ਈ ਡੀ ਨੇ 12 ਜਨਵਰੀ ਨੂੰ ਸੱਦ ਕੇ ਪੁੱਛਗਿੱਛ ਕੀਤੀ ਸੀ। ਇਸ ਤੋਂ ਪਹਿਲਾਂ ਦੋ ਜਨਵਰੀ ਤੇ ਪਿਛਲੇ ਸਾਲ 23 ਦਸੰਬਰ ਨੂੰ ਵੀ ਉਨ੍ਹਾ ਤੋਂ ਪੁੱਛਗਿੱਛ ਕੀਤੀ ਗਈ ਸੀ।*

*ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ ਤੇ ਉਨ੍ਹਾ ਦੇ ਬੇਟੇ ਵੈਭਵ ਗਹਿਲੋਤ ਈ ਡੀ ਦੇ ਰਾਡਾਰ 'ਤੇ ਹਨ। ਪਿਛਲੇ ਨਵੰਬਰ ਵਿੱਚ ਈ ਡੀ ਨੇ ਵੈਭਵ ਗਹਿਲੋਤ ਤੋਂ ਪੁੱਛਗਿੱਛ ਕੀਤੀ ਸੀ। ਵੈਭਵ ਨੇ ਮੀਡੀਆ ਨੂੰ ਦੱਸਿਆ ਸੀ ਕਿ ਉਸ ਨੂੰ ਫੇਮਾ ਤਹਿਤ ਸੰਮਨ ਕੀਤਾ ਗਿਆ ਸੀ, ਜਿਸ ਨਾਲ ਉਨ੍ਹਾ ਦਾ ਕੋਈ ਵਾਸਤਾ ਨਹੀਂ ਹੈ। ਇਸ ਕੇਸ ਵਿੱਚ ਈ ਡੀ ਨੇ ਪ੍ਰਦੇਸ਼ ਕਾਂਗਰਸ ਪ੍ਰਧਾਨ ਗੋਬਿੰਦ ਸਿੰਘ ਤੇ ਕਾਂਗਰਸੀ ਆਗੂ ਓਮ ਪਕਾਸ਼ ਹੁਡਲਾ ਦੇ ਟਿਕਾਣਿਆਂ ਉੱਤੇ ਵੀ ਛਾਪੇਮਾਰੀ ਕੀਤੀ ਸੀ।*

*ਈ ਡੀ ਨੇ ਸ਼ਿਵ ਸੈਨਾ ਠਾਕਰੇ ਦੇ ਆਗੂ ਸੰਜੇ ਰਾਊਤ ਦੇ ਛੋਟੇ ਭਰਾ ਸੰਦੀਪ ਰਾਊਤ ਨੂੰ ਪਿਛਲੇ ਮੰਗਲਵਾਰ ਸੱਦ ਕੇ ਪੁੱਛਗਿੱਛ ਕੀਤੀ। ਇਸ ਕੇਸ ਵਿੱਚ ਸੰਜੇ ਰਾਊਤ ਵੀ ਈ ਡੀ ਦੇ ਨਿਸ਼ਾਨੇ ਉੱਤੇ ਹਨ। ਉਨ੍ਹਾ ਨੂੰ 1 ਅਗਸਤ 2022 ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਸੀ, ਪਰ ਉਨ੍ਹਾ ਦੀ ਤਿੰਨ ਮਹੀਨੇ ਬਾਅਦ ਜ਼ਮਾਨਤ ਹੋ ਗਈ ਸੀ। ਈ ਡੀ ਦੀ ਹਾਲੀਆ ਸਰਗਰਮੀ ਤੋਂ ਲਗਦਾ ਹੈ ਕਿ ਉਨ੍ਹਾ ਵਿਰੁੱਧ ਨਵੇਂ ਕੇਸ ਦੀ ਤਿਆਰੀ ਹੋ ਰਹੀ ਹੈ। ਨੈਸ਼ਨਲਿਸਟ ਕਾਂਗਰਸ ਪਾਰਟੀ ਦੇ ਮੁਖੀ ਸ਼ਰਦ ਪਵਾਰ ਦੇ ਪਰਵਾਰ 'ਤੇ ਵੀ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਉਨ੍ਹਾ ਦੇ ਪੋਤੇ ਰੋਹਿਤ ਪਵਾਰ ਵਿਧਾਇਕ ਨੂੰ ਈ ਡੀ ਨੇ 24 ਜਨਵਰੀ ਨੂੰ ਤਲਬ ਕੀਤਾ ਸੀ। ਬੀਤੇ ਮਹੀਨੇ ਰੋਹਿਤ ਪਵਾਰ ਦੀ ਕੰਪਨੀ ਬਾਰਾਮਤੀ ਐਗਰੋ ਦੇ 6 ਟਿਕਾਣਿਆਂ ਉੱਤੇ ਈ ਡੀ ਨੇ ਛਾਪੇਮਾਰੀ ਕੀਤੀ ਸੀ।*

*ਤ੍ਰਿਣਮੂਲ ਕਾਂਗਰਸ ਦੇ ਸਾਂਸਦ ਅਭਿਸ਼ੇਕ ਬੈਨਰਜੀ ਵੀ ਅਖੌਤੀ ਸਕੂਲ ਰੁਜ਼ਗਾਰ ਘੁਟਾਲੇ ਦੇ ਸੰਬੰਧ ਵਿੱਚ ਈ ਡੀ ਸਾਹਮਣੇ ਪੇਸ਼ ਹੋ ਚੁੱਕੇ ਹਨ। ਇਸ ਤੋਂ ਇਲਾਵਾ ਈ ਡੀ ਵੱਲੋਂ ਦਰਜ ਕੇਸ ਵਿੱਚ ਕਾਂਗਰਸ ਆਗੂ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਜ਼ਮਾਨਤ 'ਤੇ ਹਨ। ਇਹ ਸਪੱਸ਼ਟ ਹੈ ਕਿ ਮੋਦੀ ਦੀਆਂ ਏਜੰਸੀਆਂ ਦੀਆਂ ਅਜਿਹੀਆਂ ਕਾਰਵਾਈਆਂ ਵਿਰੋਧੀ ਦਲਾਂ ਨੂੰ ਬਦਨਾਮ ਕਰਨ ਤੇ ਦਬਾਅ ਪਾ ਕੇ ਤੋੜਨ ਲਈ ਹੋ ਰਹੀਆਂ ਹਨ। ਇੱਕ ਸਮਾਂ ਸੀ, ਜਦੋਂ ਭਾਜਪਾ ਨੇ ਕਾਂਗਰਸੀ ਆਗੂ ਹਿਮੰਤ ਬਿਸਵਾ ਸਰਮਾ ਨੂੰ ਭ੍ਰਿਸ਼ਟ ਕਹਿ ਕੇ ਉਸ ਵਿਰੁੱਧ ਸਫੈਦ ਪੱਤਰ ਜਾਰੀ ਕੀਤਾ ਸੀ, ਪਰ ਜਦੋਂ ਉਹ ਭਾਜਪਾ ਵਿੱਚ ਸ਼ਾਮਲ ਹੋ ਗਿਆ ਤਾਂ ਦੁੱਧ-ਧੋਤਾ ਬਣ ਗਿਆ। ਅੱਜ ਉਹ ਅਸਾਮ ਦਾ ਮੁੱਖ ਮੰਤਰੀ ਹੈ। ਇਸੇ ਤਰ੍ਹਾਂ ਸ਼ਰਦ ਪਵਾਰ ਦੇ ਭਤੀਜੇ ਅਜੀਤ ਪਵਾਰ ਉੱਤੇ ਖੁਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਸਨ। ਇੱਕ ਹ਼ਫਤੇ ਬਾਅਦ ਜਦੋਂ ਉਹ ਐਨ ਸੀ ਪੀ ਨੂੰ ਤੋੜ ਕੇ ਭਾਜਪਾ ਦੀ ਛਤਰੀ ਹੇਠ ਆ ਗਿਆ ਤਾਂ ਉਸ ਨੂੰ ਮਹਾਰਾਸ਼ਟਰ ਦਾ ਉਪ ਮੁੱਖ ਮੰਤਰੀ ਬਣਾ ਦਿੱਤਾ ਗਿਆ। ਬੰਗਾਲ ਦੇ ਕਈ ਆਗੂ ਹਨ, ਜਿਹੜੇ ਸ਼ਾਰਦਾ ਚਿੱਟ ਫੰਡ ਘੁਟਾਲੇ ਵਿੱਚ ਸ਼ਾਮਲ ਸਨ, ਪਰ ਹੁਣ ਉਹ ਭਾਜਪਾ ਵਿੱਚ ਹਨ, ਇਸ ਲਈ ਕੋਈ ਕਾਰਵਾਈ ਨਹੀਂ ਹੋ ਰਹੀ। ਅਸਲ ਵਿੱਚ ਇਸ ਸਮੇਂ ਭਾਜਪਾ 'ਇੰਡੀਆ' ਗਠਜੋੜ ਤੋਂ ਏਨਾ ਡਰ ਚੁੱਕੀ ਹੈ ਕਿ ਉਹ ਧੱਕੇਸ਼ਾਹੀ ਉੱਤੇ ਉੱਤਰ ਆਈ ਹੈ। ਚੰਡੀਗੜ੍ਹ ਦੇ ਮੇਅਰ ਦੀ ਚੋਣ ਵਿੱਚ ਜਿਸ ਤਰ੍ਹਾਂ ਲੋਕਤੰਤਰ ਦੀ ਹੱਤਿਆ ਕੀਤੀ ਗਈ, ਇਹ ਸਾਰੇ ਦੇਸ਼ ਨੇ ਦੇਖੀ ਹੈ। ਭਾਜਪਾ ਨੂੰ ਲਗਦਾ ਹੈ ਕਿ ਰਾਮ ਮੰਦਰ ਦਾ ਜਾਦੂ ਚੱਲ ਨਹੀਂ ਸਕਿਆ ਤੇ ਹਰ ਵਰਗ, ਕਿਸਾਨ, ਮਜ਼ਦੂਰ, ਨੌਜਵਾਨ ਤੇ ਔਰਤਾਂ ਉਸ ਵਿਰੁੱਧ ਸੰਘਰਸ਼ ਦੇ ਮੈਦਾਨ ਮੱਲ ਰਹੇ ਹਨ। ਈ ਡੀ ਦੀ ਦੁਰਵਰਤੋਂ ਉਸ ਅੰਦਰ ਘਰ ਕਰ ਚੁੱਕਾ ਹਾਰ ਦਾ ਡਰ ਹੈ।*

**-ਚੰਦ ਫਤਿਹਪੁਰੀ**

# 16 ਫਰਵਰੀ ਨੂੰ ਦੇਸ਼-ਵਿਆਪੀ ਹੜਤਾਲ ਕਿਉਂ ?



ਵੇਦ ਪ੍ਰਕਾਸ਼

ਕੇਂਦਰੀ ਤੇ ਰਾਜ ਸਰਕਾਰੀ ਮੁਲਾਜ਼ਮ ਪਿਛਲੇ ਲੰਮੇ ਸਮੇਂ ਤੋਂ ਦੇਸ਼ ਵਿਆਪੀ ਅੰਦੋਲਨ ਦੇ ਰਾਹ 'ਤੇ ਹਨ । ਇਹ ਦੇਸ਼ ਵਿਆਪੀ ਸੰਘਰਸ਼ ਕੇਂਦਰੀ, ਰਾਜ ਸਰਕਾਰੀ ਤੇ ਅਰਧ ਸਰਕਾਰੀ ਮੁਲਾਜ਼ਮਾਂ, ਮਜ਼ਦੂਰਾਂ ਅਤੇ ਅਧਿਆਪਕਾਂ ਦੀਆਂ ਸਾਂਝੀਆਂ ਮੰਗਾਂ ਲਈ ਕੀਤਾ ਜਾ ਰਿਹਾ ਹੈ । ਦੇਸ਼ ਭਰ ਵਿੱਚ ਧਰਨੇ, ਪ੍ਰਦਰਸ਼ਨ ਅਤੇ ਜਥਾ ਮਾਰਚ ਕਰਨ ਤੋਂ ਬਾਅਦ ਵੀ ਜਦੋਂ ਹਾਕਮਾਂ ਨੇ ਗੱਲਬਾਤ ਰਾਹੀਂ ਕਿਸੇ ਮੁੱਦੇ ਦਾ ਕੋਈ ਹੱਲ ਨਹੀਂ ਕੀਤਾ ਤਾਂ ਦੇਸ਼ ਦੀਆਂ 10 ਕੇਂਦਰੀ ਟਰੇਡ ਯੂਨੀਅਨਾਂ, ਕਨਫੈਡਰੇਸ਼ਨ ਆਫ ਸੈਂਟਰਲ ਗਵਰਨਮੈਂਟ ਇੰਪਲਾਈਜ਼ ਅਤੇ ਰਾਜ ਸਰਕਾਰੀ ਮੁਲਾਜ਼ਮ ਫੈਡਰੇਸ਼ਨਾਂ ਨੇ ਸਾਂਝੇ ਤੌਰ 'ਤੇ 16 ਫਰਵਰੀ ਨੂੰ ਦੇਸ਼ ਵਿਆਪੀ ਹੜਤਾਲ ਦਾ ਸਾਂਝਾ ਸੱਦਾ ਦਿੱਤਾ ਹੈ। ਮਜ਼ਦੂਰਾਂ, ਮੁਲਾਜ਼ਮਾਂ ਤੇ ਮਿਹਨਤਕਸ਼ ਲੋਕਾਂ ਵੱਲੋਂ ਕੀਤੀ ਜਾ ਰਹੀ ਹੜਤਾਲ ਦਾ ਦੇਸ਼ ਭਰ ਦੀਆਂ ਕਿਸਾਨ ਜਥੇਬੰਦੀਆਂ 'ਤੇ ਅਧਾਰਿਤ ਸੰਯੁਕਤ ਕਿਸਾਨ ਮੋਰਚਾ ਨੇ ਸਮਰਥਨ ਕਰਦਿਆਂ 16 ਫਰਵਰੀ ਨੂੰ ਪਿੰਡਾਂ ਤੇ ਕਸਬਿਆਂ ਤੱਕ ਨੂੰ ਬੰਦ ਕਰਨ ਦਾ ਸੱਦਾ ਦਿੱਤਾ ਹੈ ।

ਅੰਤਰ-ਰਾਸ਼ਟਰੀ ਮੁਦਰਾ ਫੰਡ ਅਤੇ ਵਰਲਡ ਬੈਂਕ ਦੇ ਦਬਾਅ ਹੇਠ 1996 ਤੋਂ ਲਾਗੂ ਨਵਉਦਾਰਵਾਦੀ ਨੀਤੀਆਂ ਨੇ ਪਬਲਿਕ ਸੈਕਟਰ ਨੂੰ ਅੱਖੋਂ-ਪਰੋਖੇ ਕਰ ਦਿੱਤਾ ਹੈ । ਪਬਲਿਕ ਸੈਕਟਰ ਦਾ ਦੇਸ਼ ਦੇ ਸਨਅਤੀਕਰਨ ਕਰਨ ਅਤੇ ਆਰਥਿਕ ਤੌਰ 'ਤੇ ਆਤਮ ਨਿਰਭਰ ਬਣਾਉਣ ਵਿੱਚ ਬੜਾ ਵੱਡਾ ਯੋਗਦਾਨ ਰਿਹਾ ਹੈ, ਜਿਸ ਨਾਲ ਖੇਤਰੀ ਵਿਕਾਸ ਹੁੰਦਾ ਸੀ। ਪਬਲਿਕ ਸੈਕਟਰ ਅਤੇ ਉਸ ਦੀ ਵਿੱਤੀ ਸੰਪਤੀ ਦੇਸ਼ ਦੀ ਦੌਲਤ ਹੈ। ਇਸ ਦਾ ਪਸਾਰਾ ਕਰਨ ਦੀ ਥਾਂ ਉਸ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ। ਵਿਸ਼ਵ ਬੈਂਕ ਦੀਆਂ ਵਪਾਰ ਕਰਨ ਦੀਆਂ ਨੀਤੀਆਂ Ease of doing business" ਕਾਰਨ ਕੇਂਦਰ ਤੇ ਰਾਜ ਸਰਕਾਰਾਂ ਨੇ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਅਨੁਸਾਰ ਚੰਗੀਆਂ ਸੇਵਾਵਾਂ ਪ੍ਰਦਾਨ ਕਰਨ ਤੋਂ ਹੱਥ ਪਿੱਛੇ ਖਿੱਚ ਲਿਆ। ਕੇਂਦਰ ਤੇ ਰਾਜ ਸਰਕਾਰਾਂ ਇੱਕ ਜਾਂ ਦੂਜੇ ਢੰਗ ਨਾਲ ਸਰਕਾਰੀ ਵਿਭਾਗਾਂ ਦੀ ਅਕਾਰ ਘਟਾਈ ਕਰਦੀਆਂ ਜਾ ਰਹੀਆਂ ਹਨ ।

ਦੇਸ਼ ਭਰ 'ਚ ਬੇਰੁਜ਼ਗਾਰੀ ਸਿਖਰਾਂ ਛੂਹ ਰਹੀ ਹੈ । ਪੜ੍ਹੇ-ਲਿਖੇ ਲੱਖਾਂ ਨੌਜਵਾਨ ਡਿਗਰੀਆਂ ਹੱਥਾਂ 'ਚ ਫੜੀ ਬੇਰੁਜ਼ਗਾਰ ਘੁੰਮ ਰਹੇ ਹਨ । ਪੰਜਾਬ ਸਮੇਤ ਕਈ ਰਾਜਾਂ ਦੇ ਨੌਜਵਾਨ ਬੜੀਆਂ ਮੁਸ਼ਕਲ ਹਾਲਤਾਂ ਵਿੱਚ ਪ੍ਰਵਾਸ ਕਰਕੇ ਵਿਦੇਸ਼ਾਂ ਨੂੰ ਜਾ ਰਹੇ ਹਨ ।ਕੇਂਦਰ ਸਰਕਾਰ ਦੇ ਵੱਖ-ਵੱਖ ਵਿਭਾਗਾਂ ਅਧੀਨ ਕਰੀਬ 12 ਲੱਖ ਅਤੇ ਸੂਬਾਈ ਸਰਕਾਰਾਂ ਦੇ ਵਿਭਾਗਾਂ ਵਿੱਚ ਤਕਰੀਬਨ 40 ਲੱਖ ਤੋਂ ਵੱਧ ਆਸਾਮੀਆਂ ਖਾਲੀ ਹਨ । ਖਾਲੀ ਆਸਾਮੀਆਂ ਪੂਰੇ ਗਰੇਡਾਂ ਵਿੱਚ ਭਰਤੀ ਕਰਨ ਦੀ ਥਾਂ ਉਨ੍ਹਾਂ ਨੂੰ ਨਾਲੋਂ-ਨਾਲ ਖਤਮ ਕੀਤਾ ਜਾ ਰਿਹਾ ਹੈ । ਦਿਹਾੜੀਦਾਰ, ਠੇਕਾ ਜਾਂ ਆਊਟ ਸੋਰਸ ਉਪਰ ਨਿਗੂਣੇ ਵੇਤਨ 'ਤੇ ਕੱਚੇ ਮੁਲਾਜ਼ਮ ਰੱਖ ਕੇ ਬੁੱਤਾ ਸਾਰਿਆ ਜਾ ਰਿਹਾ ਹੈ। ਇੱਕ ਨਵੀਂ ਵੰਨਗੀ ਮਾਣ ਭੱਤਾ ਜਾਂ ਕਮਿਸ਼ਨ ਆਧਾਰ ਉਪਰ ਆਂਗਣਵਾੜੀ, ਆਸ਼ਾ ਵਰਕਰ ਅਤੇ ਮਿਡ-ਡੇ-ਮੀਲ ਕਾਮਿਆਂ ਦੀ ਹੈ, ਜਿਸ ਨੂੰ ਮਜ਼ਦੂਰ ਉਪਰ ਲਾਗੂ ਘੱਟੋ-ਘੱਟ ਉਜਰਤ ਵੀ ਨਹੀਂ ਦਿੱਤੀ ਜਾ ਰਹੀ । ਪਹਿਲਾਂ ਦਰਜਾ-4 ਅਤੇ ਦਰਜਾ-3 ਦੀਆਂ ਆਸਾਮੀਆਂ ਉਪਰ ਠੇਕੇ 'ਤੇ ਭਰਤੀ ਹੁੰਦੀ ਸੀ, ਹੁਣ ਦਰਜਾ-2 ਅਤੇ 1 ਵਰਗੀਆਂ ਉੱਚ ਆਸਾਮੀਆਂ ਉਪਰ ਵੀ ਠੇਕੇ 'ਤੇ ਨਿਯੁਕਤੀ ਹੋ ਰਹੀ ਹੈ । ਵੱਖ-ਵੱਖ ਰਾਜਾਂ ਅੰਦਰ ਲੰਮੇ ਸਮੇਂ ਤੋਂ ਕੰਮ ਰਹੇ ਇਨ੍ਹਾਂ ਠੇਕਾ ਤੇ ਆਊਟ ਸੋਰਸ ਮੁਲਾਜ਼ਮਾਂ ਨੂੰ ਪੱਕੇ ਨਹੀਂ ਕੀਤਾ ਜਾ ਰਿਹਾ। ਖੁਦ ਤੰਗੀ 'ਚ ਜੀਵਨ ਬਸਰ ਕਰ ਰਹੇ ਇਹ ਕੱਚੇ, ਮਾਣ ਭੱਤਾ ਜਾਂ ਆਊਟ ਸੋਰਸ ਮੁਲਾਜ਼ਮ ਲੋਕਾਂ ਨੂੰ ਤਸੱਲੀਬਖਸ਼ ਸੇਵਾਵਾਂ ਕਿਵੇਂ ਦੇ ਸਕਦੇ ਹਨ ? ਕਈ ਰਾਜ ਸਰਕਾਰਾਂ ਕੱਚੇ ਮੁਲਾਜ਼ਮਾਂ ਨੂੰ ਪੂਰੇ ਤਨਖਾਹ ਸਕੇਲਾਂ ਉਪਰ ਪੱਕੇ ਕਰਨ ਦੀ ਥਾਂ ਸੀ.ਐੱਸ.ਆਰ. ਨੂੰ ਪਾਸੇ ਰੱਖ ਕੇ ਉੱਕੀ-ਪੁੱਕੀ ਤਨਖਾਹ ਵਧਾ ਕੇ ਅਤੇ 58 ਸਾਲ ਦੀ ਉਮਰ ਤੱਕ ਠੇਕਾ ਵਧਾ ਕੇ ਉਨ੍ਹਾਂ ਨੂੰ 'ਪੱਕੇ' ਕਰਨ ਦਾ ਕੁਕਰਮ ਕਰ ਰਹੀਆਂ ਹਨ । ਇਸ ਲਈ 16 ਫਰਵਰੀ ਦੀ ਹੜਤਾਲ ਮੁੱਖ ਤੌਰ 'ਤੇ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਵਾਉਣ ਲਈ ਹੀ ਕੀਤੀ ਜਾ ਰਹੀ ਹੈ ।

16 ਫਰਵਰੀ ਦੀ ਹੜਤਾਲ ਦਾ ਅਹਿਮ ਮੁੱਦਾ ਪੈਨਸ਼ਨ ਸੁਧਾਰਾਂ ਦੇ ਨਾਂਅ ਹੇਠ ਮੁਲਾਜ਼ਮਾਂ ਨਾਲ ਕੀਤੀ ਜਾ ਰਹੀ ਵੱਡੀ ਠੱਗੀ ਹੈ । ਸਾਬਕਾ ਪ੍ਰਧਾਨ ਮੰਤਰੀ ਵਾਜਪਾਈ ਦੇ ਕਾਰਜ-ਕਾਲ ਸਮੇਂ ਪੀ.ਐੱਫ.ਆਰ.ਡੀ.ਏ. ਦਾ ਗਠਨ ਕੀਤਾ ਗਿਆ ਸੀ । ਬੜੇ ਧੂਮ-ਧੜੱਕੇ ਨਾਲ ਪ੍ਰਚਾਰ ਕੀਤਾ ਗਿਆ ਸੀ ਕਿ ਸਮਾਜਿਕ ਸੁਰੱਖਿਆ ਤਹਿਤ ਬੁਢਾਪੇ ਵਿੱਚ ਸਭ ਨੂੰ ਗੁਜ਼ਾਰੇ ਜੋਗੀ ਪੈਨਸ਼ਨ ਮੁਹੱਈਆ ਕੀਤੀ ਜਾਵੇਗੀ। ਇੰਝ ਲੱਗਦਾ ਸੀ ਕਿ ਹੁਣ ਮੁਲਾਜ਼ਮਾਂ ਦੇ ਨਾਲ-ਨਾਲ ਆਮ ਲੋਕਾਂ ਨੂੰ ਵੀ ਪੈਨਸ਼ਨ ਦੀ ਸਹੂਲਤ ਮਿਲਣ ਲੱਗ ਪਵੇਗੀ । ਪਰ ਐੱਨ.ਡੀ.ਏ. ਸਰਕਾਰ ਨੇ 26 ਦਸੰਬਰ 2003 ਨੂੰ ਨੋਟੀਫਿਕੇਸ਼ਨ ਜਾਰੀ ਕਰਕੇ 1 ਜਨਵਰੀ 2004 ਤੋਂ ਭਰਤੀ ਹੋਣ ਵਾਲਿਆਂ ਉਪਰ ਘਾਟੇ ਵਾਲੀ ਨਵੀਂ ਪੈਨਸ਼ਨ ਸਕੀਮ ਲਾਗੂ ਕਰ ਦਿੱਤੀ । ਕੇਂਦਰ ਸਰਕਾਰ ਨੇ ਸੂਬਾ ਸਰਕਾਰਾਂ ਨੂੰ ਵੀ ਇਹ ਘਾਟੇਵੰਦੀ ਨਵੀਂ ਪੈਨਸ਼ਨ ਸਕੀਮ ਲਾਗੂ ਕਰਨ ਦਾ ਸੁਝਾਅ ਦਿੱਤਾ। ਪਹਿਲੀ ਯੂ.ਪੀ.ਏ. ਸਰਕਾਰ ਸਮੇਂ ਖੱਬੀਆਂ ਪਾਰਟੀਆਂ ਦੇ ਵਿਰੋਧ ਕਾਰਨ ਇਸ ਸਬੰਧੀ ਬਿੱਲ ਪਾਸ ਨਹੀਂ ਹੋ ਸਕਿਆ, ਪਰ ਦੂਸਰੀ ਯੂ.ਪੀ.ਏ. ਸਰਕਾਰ ਸਮੇਂ ਮੁੱਖ ਵਿਰੋਧੀ ਧਿਰ ਭਾਜਪਾ ਦੇ ਸਹਿਯੋਗ ਨਾਲ ਇਹ ਬਿੱਲ 4 ਸਤੰਬਰ 2013 ਨੂੰ ਲੋਕ ਸਭਾ ਅਤੇ 6 ਸਤੰਬਰ 2013 ਨੂੰ ਰਾਜ ਸਭਾ ਵਿੱਚ ਪਾਸ ਕਰ ਦਿੱਤਾ ਗਿਆ । 13 ਸਤੰਬਰ 2013 ਨੂੰ ਪੀ.ਐੱਫ.ਆਰ.ਡੀ.ਏ. ਨੇ ਐਕਟ ਦਾ ਰੂਪ ਧਾਰਨ ਕਰ ਲਿਆ । ਬਾਅਦ ਵਿੱਚ ਮੁਲਾਜ਼ਮਾਂ ਦੇ ਸੰਘਰਸ਼ਾਂ ਦੇ ਦਬਾਅ ਹੇਠ ਰਾਜਸਥਾਨ, ਝਾਰਖੰਡ, ਛਤੀਸ਼ਗੜ੍ਹ ਅਤੇ ਹਿਮਾਚਲ ਪ੍ਰਦੇਸ਼ ਦੀਆਂ ਸਰਕਾਰਾਂ ਪੁਰਾਣੀ ਪੈਨਸ਼ਨ ਪ੍ਰਣਾਲੀ ਮੁੜ ਬਹਾਲ ਕਰਨ ਲਈ ਮਜਬੂਰ ਹੋਈਆਂ, ਪਰ ਪੰਜਾਬ ਸਰਕਾਰ ਇਸ ਸੰਬੰਧੀ ਅਧੂਰੀ ਨੋਟੀਫਿਕੇਸ਼ਨ ਕਰਨ ਉਪਰੰਤ ਵੀ ਪੁਰਾਣੀ ਪੈਨਸ਼ਨ ਪ੍ਰਣਾਲੀ ਬਹਾਲ ਕਰਨ ਤੋਂ ਆਨਾਕਾਨੀ ਕਰ ਰਹੀ ਹੈ। 16 ਫਰਵਰੀ ਦੀ ਹੜਤਾਲ 'ਤੇ ਜਾਣ ਵਾਲੀਆਂ ਜਥੇਬੰਦੀਆਂ ਅਤੇ ਮੁਲਾਜ਼ਮਾਂ ਦੀ ਮੰਗ ਹੈ ਕਿ ਸਮੁੱਚੇ ਮੁਲਾਜ਼ਮਾਂ ਤੇ ਈ.ਪੀ.ਐੱਸ-95 'ਤੇ ਵੀ ਪੁਰਾਣੀ ਪੈਨਸ਼ਨ ਪ੍ਰਣਾਲੀ ਲਾਗੂ ਕੀਤੀ ਜਾਵੇ ਅਤੇ ਫੰਡ ਮੈਨੇਜਰ ਉਸ ਪਾਸ ਜਮ੍ਹਾਂ ਹੋਇਆ ਫੰਡ ਸੰਬੰਧਤ ਰਾਜ ਸਰਕਾਰਾਂ ਨੂੰ ਬਿਨਾਂ ਦੇਰੀ ਵਾਪਸ ਕਰਨ। ਇਹ ਵੀ ਮੰਗ ਹੈ ਕਿ ਰਾਜਸਥਾਨ ਤੇ ਛਤੀਸਗੜ੍ਹ ਵਿਚ ਪੁਰਾਣੀ ਪੈਨਸ਼ਨ ਪ੍ਰਣਾਲੀ ਬਹਾਲ ਰੱਖੀ ਜਾਵੇ।

16 ਫਰਵਰੀ 2024 ਦੀ ਹੜਤਾਲ ਅੱਠਵੇਂ ਕੇਂਦਰੀ ਤਨਖਾਹ ਕਮਿਸ਼ਨ ਦੀ ਸਥਾਪਨਾ ਲਈ ਵੀ ਕੀਤੀ ਜਾ ਰਹੀ ਹੈ । ਦੇਸ਼ ਭਰ ਵਿੱਚ ਮੁਲਾਜ਼ਮਾਂ ਦੀ ਤਨਖਾਹ ਦੁਹਰਾਈ ਸੰਬੰਧੀ ਕੋਈ ਸਮਾਨਤਾ ਨਹੀਂ ਹੈ । ਕੇਂਦਰ ਅਤੇ ਬਹੁਤ ਸਾਰੀਆਂ ਰਾਜ ਸਰਕਾਰਾਂ ਵੱਲੋਂ ਅਕਸਰ ਦਸ ਸਾਲਾਂ ਬਾਅਦ ਤਨਖਾਹ ਦੁਹਰਾਈ ਜਾਂਦੀ ਹੈ । ਆਂਧਰਾ ਪ੍ਰਦੇਸ਼, ਕਰਨਾਟਕਾ, ਕੇਰਲਾ, ਤੇਲੰਗਾਨਾ ਆਦਿ ਰਾਜਾਂ ਵਿੱਚ ਇਹ ਦੁਹਰਾਈ ਪੰਜ ਸਾਲਾਂ ਬਾਅਦ ਕੀਤੀ ਜਾਂਦੀ ਹੈ । ਕੇਂਦਰੀ ਅਤੇ ਰਾਜ ਸਰਕਾਰੀ ਮੁਲਾਜ਼ਮਾਂ ਦੇ ਤਨਖਾਹ ਸਕੇਲਾਂ ਦੀ ਦੁਹਰਾਈ ਹਰ ਪੰਜ ਸਾਲ ਬਾਅਦ ਹੋਣੀ ਚਾਹੀਦੀ ਹੈ । ਕੇਂਦਰ ਅਤੇ ਕਈ ਰਾਜ ਸਰਕਾਰਾਂ ਵੱਲੋਂ ਕੋਰੋਨਾ ਕਾਲ ਦਾ ਅਠਾਰਾਂ ਮਹੀਨੇ ਦਾ ਮਹਿੰਗਾਈ ਭੱਤੇ ਦਾ ਬਕਾਇਆ ਵੀ ਰੋਕ ਕੇ ਰੱਖਿਆ ਹੋਇਆ ਹੈ। ਕਈ ਰਾਜ ਸਰਕਾਰਾਂ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਕੇਂਦਰ ਸਰਕਾਰ ਦੇ ਨਾਲ ਦੇਣ ਦੀ ਬਜਾਏ ਦੇਰ ਨਾਲ ਦਿੰਦੀਆਂ ਹਨ ਅਤੇ ਤਨਖਾਹ ਦੁਹਰਾਈ ਦੇ ਬਕਾਏ ਦੀ ਅਦਾਇਗੀ ਕਰਨ ਤੋਂ ਪਾਸਾ ਵੱਟਦੀਆਂ ਹਨ। ਬਣਦੇ ਮਹਿੰਗਾਈ ਭੱਤੇ ਦੇ ਬਕਾਏ ਦੇਣਾ ਵੀ ਮੰਗਾਂ ਵਿੱਚ ਸ਼ਾਮਲ ਹੈ।

16 ਫਰਵਰੀ 2024 ਦੀ ਹੜਤਾਲ ਦੀਆਂ ਮੰਗਾਂ ਵਿੱਚ ਨਵੀਂ ਸਿੱਖਿਆ ਨੀਤੀ ਰੱਦ ਕਰਨਾ ਵੀ ਸ਼ਾਮਲ ਹੈ । ਕੇਂਦਰ ਸਰਕਾਰ ਨੇ ਇੱਕ ਛੁਪੇ ਏਜੰਡੇ ਅਧੀਨ ਨਵੀਂ ਸਿੱਖਿਆ ਨੀਤੀ ਲਿਆਂਦੀ ਹੈ । ਉਹ ਸਿੱਖਿਆ ਦੇ ਵਪਾਰੀਕਰਨ ਅਤੇ ਸਿਲੇਬਸ ਦੇ ਭਗਵੇਂਕਰਨ ਵੱਲ ਵਧ ਰਹੀ ਹੈ । ਨਵੀਂ ਸਿੱਖਿਆ ਵਿਦਿਆਰਥੀਆਂ ਵਿੱਚੋਂ ਤਰਕ ਅਤੇ ਵਿਗਿਆਨਕ ਨਜ਼ਰੀਆ ਖਤਮ ਕਰੇਗੀ ਅਤੇ ਅੰਧ-ਵਿਸ਼ਵਾਸ ਫੈਲਾਏਗੀ । ਬਿਨਾਂ ਕਿਸੇ ਆਧਾਰ ਦੇ ਇਤਿਹਾਸ ਬਦਲਣ ਦਾ ਯਤਨ ਕੀਤਾ ਜਾ ਰਿਹਾ ਹੈ ਅਤੇ ਮਿਥਿਹਾਸ ਨੂੰ ਇਤਿਹਾਸ ਕਹਿ ਕੇ ਪੜ੍ਹਾਉਣ ਦਾ ਯਤਨ ਕੀਤਾ ਜਾ ਰਿਹਾ ਹੈ । ਨਵੀਂ ਸਿੱਖਿਆ ਨੀਤੀ ਰਾਹੀਂ ਇਤਿਹਾਸ, ਰਾਜਨੀਤੀ ਵਿਗਿਆਨ ਅਤੇ ਸਮਾਜਿਕ ਵਿਗਿਆਨ ਵਿੱਚ ਵੱਡੀਆਂ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ । ਡਾਰਵਿਨ ਦੇ ਸਿਧਾਂਤ ਨੂੰ ਸਿਲੇਬਸ ਵਿੱਚੋਂ ਹਟਾ ਦਿੱਤਾ ਗਿਆ ਹੈ ।

ਕੇਂਦਰ ਤੇ ਕੁਝ ਰਾਜ ਸਰਕਾਰਾਂ ਦੇ ਮੁਲਾਜ਼ਮਾਂ ਦੇ ਸੰਗਠਨਾਂ ਦੇ ਜਮਹੂਰੀ ਅਧਿਕਾਰਾਂ ਉਪਰ ਪਾਬੰਦੀਆਂ ਲਗਾ ਰਹੀਆਂ ਹਨ । ਮਜ਼ਦੂਰਾਂ ਦੇ ਜਥੇਬੰਦ ਹੋਣ, ਸੰਘਰਸ਼ ਕਰਨ ਅਤੇ ਹੜਤਾਲ ਕਰਨ ਦਾ ਅਧਿਕਾਰ ਖੋਹਣ ਹਿੱਤ ਚਾਲੀ ਕਿਰਤ ਕਾਨੂੰਨਾਂ ਨੂੰ ਚਾਰ ਕਿਰਤ ਕੋਡਾਂ ਵਿੱਚ ਬਦਲਿਆ ਗਿਆ ਹੈ । ਸੰਵਿਧਾਨ ਦੀ ਧਾਰਾ 310, 311 (2), ਏ, ਬੀ, ਸੀ ਜਿਸ ਅਧੀਨ ਮੁਲਾਜ਼ਮਾਂ ਨੂੰ ਬਿਨਾਂ ਕੁਝ ਦੱਸੇ, ਬਿਨਾਂ ਕੁਝ ਪੁੱਛੇ ਨੌਕਰੀ ਤੋਂ ਬਰਖਾਸਤ ਕੀਤਾ ਜਾ ਸਕਦਾ ਹੈ, ਨੂੰ ਰੱਦ ਨਹੀਂ ਕੀਤਾ ਜਾ ਰਿਹਾ । ਹੜਤਾਲ ਇਸ ਲਈ ਵੀ ਕੀਤੀ ਜਾ ਰਹੀ ਹੈ ਕਿ ਦੇਸ਼ ਦੇ ਹਾਕਮ ਵਧ ਰਹੀ ਮਹਿੰਗਾਈ ਨੂੰ ਨੱਥ ਪਾਉਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਏ ਹਨ । ਮਹਿੰਗਾਈ ਸੂਚਕ ਅੰਕ ਲਗਾਤਾਰ ਉਪਰ ਜਾ ਰਿਹਾ ਹੈ । ਦੇਸ਼ ਦੇ ਹਾਕਮਾਂ ਵੱਲੋਂ ਗਰੀਬਾਂ ਨੂੰ ਮਿਲਦੀਆਂ ਸਬਸਿਡੀਆਂ ਬੰਦ ਕੀਤੀਆਂ ਜਾ ਰਹੀਆਂ ਹਨ । ਮਜ਼ਦੂਰਾਂ, ਮੁਲਾਜ਼ਮਾਂ ਨੂੰ ਮਿਲਦੀਆਂ ਸਹੂਲਤਾਂ ਵਿੱਚ ਭਾਰੀ ਕਟੌਤੀ ਕੀਤੀ ਜਾ ਰਹੀ ਹੈ । ਇਸ ਦੇ ਉਲਟ ਕਾਰਪੋਰੇਟ ਘਰਾਣਿਆਂ ਅਤੇ ਉਦਯੋਗਪਤੀਆਂ ਨੂੰ ਵਿਸ਼ੇਸ਼ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ। ਇਨ੍ਹਾਂ ਦੇ 25 ਲੱਖ ਕਰੋੜ ਰੁਪਏ ਦੇ ਕਰਜ਼ੇ ਮੁਆਫ ਕੀਤੇ ਗਏ ਹਨ, ਪਰ ਖੁਦਕੁਸ਼ੀਆਂ ਦੇ ਰਾਹ ਪਏ ਕਿਸਾਨਾਂ ਦੇ ਕਰਜ਼ਿਆਂ ਉਪਰ ਲੀਕ ਨਹੀਂ ਫੇਰੀ ਜਾ ਰਹੀ । ਇਸੇ ਲਈ ਦੇਸ਼ ਦੀਆਂ ਸਮੁੱਚੀਆਂ ਕਿਸਾਨ ਜਥੇਬੰਦੀਆਂ ਦੇ ਮੁੱਖ ਸੰਗਠਨ 'ਸੰਯੁਕਤ ਕਿਸਾਨ ਮੋਰਚਾ' ਨੇ ਇਸ ਦੇਸ਼ ਵਿਆਪੀ ਹੜਤਾਲ ਵਿੱਚ ਹਿੱਸਾ ਲੈਣ ਦਾ ਫੈਸਲਾ ਕੀਤਾ । ਸੋ ਦੇਸ਼ ਦੇ ਸਮੁੱਚੇ ਮਿਹਨਤਕਸ਼ ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਅਤੇ ਆਮ ਲੋਕਾਂ ਨੂੰ ਇਸ ਇਤਿਹਾਸਕ ਹੜਤਾਲ ਵਿੱਚ ਪੂਰੀ ਤਨਦੇਹੀ ਨਾਲ ਹਿੱਸਾ ਲੈਣਾ ਚਾਹੀਦਾ ਹੈ।

*# ਸੰਪਰਕ : 94176-46777*

# ਰਿਹਾਇਸ਼ੀ ਘਰਾਂ ਦੀ ਸਮੱਸਿਆ ਕੈਨੇਡਾ ਦੀਆਂ ਬੁਨਿਆਦੀ ਸਮੱਸਿਆਵਾਂ 'ਚੋਂ ਇੱਕ

**ਮਨਦੀਪ**

ਕੈਨੇਡਾ ਦੇ ਇੱਕ ਮੰਤਰੀ ਜਿਲ ਡਨਲੌਪ ਨੇ ਸ਼ੁੱਕਰਵਾਰ ਨੂੰ ਐਲਾਨ ਕੀਤਾ ਕਿ ਓਨਟਾਰੀਓ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਨੂੰ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਰਿਹਾਇਸ਼ ਦੀ ਗਰੰਟੀ ਦੇਣ ਦੀ ਲੋੜ ਹੋਵੇਗੀ ।ਉਹਨਾਂ ਕਿਹਾ ਕਿ ਸਰਕਾਰ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵੱਡੀ ਸੰਖਿਆ ਵਾਲੀਆਂ ਪੋਸਟ-ਸੈਕੰਡਰੀ ਸੰਸਥਾਵਾਂ ਦੀ ਵੀ ਸਮੀਖਿਆ ਕਰੇਗੀ ਅਤੇ ਨਵੇਂ ਪਬਲਿਕ ਕਾਲਜ ਅਤੇ ਪ੍ਰਾਈਵੇਟ ਭਾਈਵਾਲੀ 'ਤੇ ਰੋਕ ਲਗਾਵੇਗੀ ।ਉਹਨਾਂ ਨੇ ਵਿਦਿਆਰਥੀਆਂ ਲਈ ਨਾਕਾਫ਼ੀ ਰਿਹਾਇਸ਼ ਲਈ ਵੀ ਚਿੰਤਾ ਜ਼ਾਹਰ ਕੀਤੀ । ਇਸ 'ਤੇ 'ਮੌਂਟਰੀਅਲ ਯੂਥ ਸਟੂਡੈਂਟ ਆਰਗੇਨਾਈਜੇਸ਼ਨ' (ਮਾਇਸੋ) ਦੇ ਆਗੂ ਖੁਸ਼ਪਾਲ ਗਰੇਵਾਲ, ਮਨਪ੍ਰੀਤ ਕੌਰ, ਵਰੁਣ ਖੰਨਾ, ਹਰਿੰਦਰ ਮਹਿਰੋਕ ਤੇ ਮਨਦੀਪ ਨੇ ਕਿਹਾ ਕਿ ਪਿਛਲੇ ਸਾਲ ਰਿਹਾਇਸ਼ੀ ਸਮੱਸਿਆ ਨੂੰ ਲੈ ਕੇ ਮਾਇਸੋ ਵੱਲੋਂ ਓਨਟਾਰੀਓ ਦੇ ਨੌਰਥਬੇਅ ਸ਼ਹਿਰ ਵਿੱਚ ਕੈਨਾਡੋਰ ਕਾਲਜ ਅੰਦਰ ਸੰਘਰਸ਼ ਕੀਤਾ ਗਿਆ ਸੀ, ਜਿਸ ਵਿੱਚ ਕਾਲਜ ਤੇ ਸਰਕਾਰੀ ਮੰਤਰੀਆਂ ਨੂੰ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਰਿਹਾਇਸ਼ ਦੀ ਸਮੱਸਿਆ ਤੇ ਨਿੱਜੀ ਕਾਲਜਾਂ ਦੀਆਂ ਨਾਕਾਮੀਆਂ ਤੋਂ ਜਾਣੂ ਕਰਵਾਉਂਦਿਆਂ ਵਿਦਿਆਰਥੀਆਂ ਲਈ ਪੱਕੀ ਤੇ ਸਸਤੀ ਰਿਹਾਇਸ਼ ਦੀ ਮੰਗ ਕੀਤੀ ਗਈ ਸੀ ।ਮਾਇਸੋ ਵੱਲੋਂ ਨਿੱਜੀ ਕਾਲਜਾਂ ਵੱਲੋਂ ਵਿਦਿਆਰਥੀਆਂ ਨਾਲ ਕੀਤੇ ਜਾਂਦੇ ਝੂਠੇ ਵਾਅਦਿਆਂ,ਕਾਲਜਾਂ ਨੂੰ ਰੈਗੂਲੇਟ ਕਰਨ, ਮਹਿੰਗੀਆਂ ਫੀਸਾਂ ਤੇ ਘੱਟ ਸਹੂਲਤਾਂ ਆਦਿ ਮੰਗਾਂ ਨੂੰ ਲੈ ਕੇ ਲਗਾਤਾਰ ਅਵਾਜ਼ ਉਠਾਈ ਜਾ ਰਹੀ ਹੈ। ਸ਼ੁੱਕਰਵਾਰ ਨੂੰ ਸਰਕਾਰ ਵੱਲੋਂ ਨਾਕਾਫੀ ਰਿਹਾਇਸ਼ ਤੇ ਕਾਲਜਾਂ ਨੂੰ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਰਿਹਾਇਸ਼ ਦੀ ਗਰੰਟੀ ਦੇਣ ਦੇ ਦਿੱਤੇ ਬਿਆਨ ਨੇ ਇਸ ਗੱਲ 'ਤੇ ਮੋਹਰ ਲਾ ਦਿੱਤੀ ਕਿ ਰਿਹਾਇਸ਼ੀ ਸਮੱਸਿਆ ਨੂੰ ਲੈ ਕੇ ਕੀਤੇ ਵਿਦਿਆਰਥੀ ਸੰਘਰਸ਼ ਤੇ ਮੰਗਾਂ ਜਾਇਜ਼ ਸਨ । ਦੂਸਰਾ ਵਿਦਿਆਰਥੀ ਸੰਘਰਸ਼ ਦੇ ਨਤੀਜੇ ਵਜੋਂ ਸਰਕਾਰ ਨੂੰ ਰਿਹਾਇਸ਼ੀ ਸਮੱਸਿਆ ਨੂੰ ਸੰਬੋਧਤ ਹੋਣ ਦੀ ਲੋੜ ਪੈਦਾ ਹੋਈ ।

ਵਿਦਿਆਰਥੀ ਆਗੂਆਂ ਨੇ ਕਿਹਾ ਕਿ ਭਾਵੇਂ ਸਰਕਾਰ ਨੇ ਕਾਲਜਾਂ ਨੂੰ ਰਿਹਾਇਸ਼ ਦੀ ਗਰੰਟੀ ਦੇਣ ਦੀ ਤਾੜਨਾ ਕੀਤੀ ਹੈ, ਪਰ ਇਹ ਕਾਫੀ ਨਹੀਂ ਹੈ । ਸਰਕਾਰ ਨੇ ਕਿਸੇ ਵੀ ਤਰ੍ਹਾਂ ਦੇ ਫੰਡ ਜਾਂ ਰਾਹਤ ਦਾ ਅਮਲੀ ਐਲਾਨ ਨਹੀਂ ਕੀਤਾ ।

ਸਿਹਤ, ਸਿੱਖਿਆ, ਰੋਟੀ, ਕੱਪੜਾ ਅਤੇ ਮਕਾਨ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਹਨ, ਪਰੰਤੂ ਬਹੁਗਿਣਤੀ ਇਹਨਾਂ ਬੁਨਿਆਦੀ ਸਹੂਲਤਾਂ ਤੋਂ ਸੱਖਣੀ ਹੈ । ਕੈਨੇਡਾ ਵਿੱਚ ਇੱਕ ਪਾਸੇ ਸ਼ਹਿਰੀ ਕੇਂਦਰਾਂ ਵਿੱਚ ਰੀਅਲ ਅਸਟੇਟ ਦਾ ਵੱਡਾ ਮਾਫੀਆ ਵੱਡੀਆਂ-ਵੱਡੀਆਂ ਰਿਹਾਇਸ਼ੀ ਇਮਾਰਤਾਂ 'ਤੇ ਕਾਬਜ਼ ਹੈ ਤੇ ਦੂਜੇ ਪਾਸੇ ਬਹੁਗਿਣਤੀ ਬੇਘਰ ਤੇ ਕਿਰਾਏ 'ਤੇ ਰਹਿ ਕੇ ਗੁਜ਼ਰ-ਬਸਰ ਕਰ ਰਹੀ ਹੈ । ਵੱਡੇ ਸ਼ਹਿਰਾਂ ਵਿੱਚ ਛੋਟੇ-ਛੋਟੇ ਕਮਰੇ ਤੇ ਬੇਸਮੈਂਟਾਂ ਵਿਦਿਆਰਥੀਆਂ ਅਤੇ ਪ੍ਰਵਾਸੀਆਂ ਨਾਲ ਖਚਾ-ਖਚ ਭਰੇ ਪਏ ਹਨ । ਥੋੜ੍ਹ ਚਿਰੀ ਤੇ ਭੁਲੇਖਿਆਂ ਭਰੀ ਖੁਸ਼ਹਾਲੀ ਦੀ ਭਾਲ ਬੇਸਮੈਂਟਾਂ ਦੀ ਘੁੱਟਣ ਹੇਠ ਦਬ ਰਹੀ ਹੈ । ਸਰਕਾਰੀ ਨੀਤੀਆਂ ਤੇ ਠੋਸ ਵਿਉਂਤਬੰਦੀ ਦੀ ਘਾਟ ਕਾਰਨ ਪੈਦਾ ਹੋਏ ਰਿਹਾਇਸ਼ੀ ਸੰਕਟ ਦਾ ਤੋੜਾ ਵਿਦਿਆਰਥੀਆਂ 'ਤੇ ਝਾੜਿਆ ਜਾ ਰਿਹਾ ਸੀ । ਕੁਝ ਮਹੀਨੇ ਪਹਿਲਾਂ ਰਿਹਾਇਸ਼ ਮੰਤਰੀ ਸ਼ਾਨ ਫਰੇਜ਼ਰ ਦਾ ਬਿਆਨ ਸੀ ਕਿ ਕੈਨੇਡਾ ਵਿਚ ਘਰਾਂ ਦੀ ਕਿੱਲਤ ਨੂੰ ਪੂਰਾ ਕਰਨ ਲਈ ਅੰਤਰਰਾਸ਼ਟਰੀ ਵਿਦਿਆਰਥੀਆਂ ਉੱਪਰ ਰੋਕ ਲਗਾਉਣੀ ਪਵੇਗੀ। ਨਵੇਂ ਪ੍ਰਵਾਸੀਆਂ ਦੀ ਆਮਦ 'ਤੇ ਮੌਜੂਦਾ ਮੰਗ ਮੁਤਾਬਕ ਕੈਨੇਡਾ ਵਿੱਚ 22 ਲੱਖ ਘਰਾਂ ਦੀ ਲੋੜ ਹੈ ਪਰੰਤੂ ਵਧੀਆਂ ਵਿਆਜ ਦਰਾਂ ਅਤੇ ਰੀਅਲ ਅਸਟੇਟ ਦੇ ਫਰਜ਼ੀ ਗੁਬਾਰੇ ਕਾਰਨ ਕੈਨੇਡਾ ਵਿੱਚ ਘਰ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਹੇ ਹਨ। ਅਮਨ-ਚੈਨ ਨਾਲ ਰਹਿਣ ਲਈ ਮਨੁੱਖ ਘਰ ਬਣਾਉਂਦਾ ਹੈ, ਪਰ ਕੈਨੇਡਾ ਵਿੱਚ ਆਮ ਬੰਦੇ ਲਈ ਘਰ ਖਰੀਦਣਾ ਜ਼ਿੰਦਗੀ ਭਰ ਦੀ ਸਿਰਦਰਦੀ ਬਣ ਰਿਹਾ ਹੈ।

ਉਧਰ ਕੈਨੇਡਾ ਦੇ ਕਾਲਜ-ਯੂਨੀਵਰਸਿਟੀਆਂ ਨੇ ਮਹਿੰਗੀਆਂ ਟਿਊਸ਼ਨ ਫੀਸਾਂ ਦੇ ਨਾਲ-ਨਾਲ ਰਿਹਾਇਸ਼ੀ ਇਮਾਰਤਾਂ ਉਸਾਰ ਕੇ ਮੋਟੇ ਮੁਨਾਫੇ ਬਟੋਰਨ ਦਾ ਧੰਦਾ ਸ਼ੁਰੂ ਕਰ ਦਿੱਤਾ ਹੈ । ਇੱਥੇ ਕੈਨੇਡਾ ਦੇ ਸੂਬੇ ਓਨਟਾਰੀਓ ਦੇ ਇੱਕ ਕਾਲਜ ਦੀ ਉਦਾਹਰਨ ਨਾਲ ਰੌਂਗਟੇ ਖੜੇ ਕਰਨ ਵਾਲੇ ਤੱਥਾਂ ਨਾਲ ਬਾਕੀ ਕਾਲਜਾਂ-ਯੂਨੀਵਰਸਿਟੀਆਂ ਦੀ ਹਾਲਤ ਨੂੰ ਸੌਖਿਆਂ ਸਮਝਿਆ ਜਾ ਸਕਦਾ ਹੈ । ਕੈਨਾਡੋਰ ਕਾਲਜ ਤੇ ਨਿਪਸਿੰਗ ਯੂਨੀਵਰਸਿਟੀ ਨੇ 'ਰੈਣ ਬਸੇਰਾ' ਨਾਂਅ ਹੇਠ ਵੱਡੀਆਂ ਇਮਾਰਤਾਂ ਉਸਾਰੀਆਂ ਹੋਈਆਂ ਹਨ ਤੇ ਉਹਨਾਂ ਵਿੱਚ ਪ੍ਰਤੀ ਵਿਦਿਆਰਥੀ ਮਹੀਨਾਵਾਰ £650-£1000 ਡਾਲਰ ਰਿਹਾਇਸ਼ ਦੇ ਵਸੂਲੇ ਜਾਂਦੇ ਹਨ, ਜਿੱਥੇ ਖਾਣੇ ਦਾ ਕੋਈ ਪ੍ਰਬੰਧ ਨਹੀਂ । ਇੱਕ ਪਾਸੇ ਅੰਤਰਰਾਸ਼ਟਰੀ ਵਿਦਿਆਰਥੀਆਂ ਤੋਂ ਬਟੋਰੀਆਂ ਮਹਿੰਗੀਆਂ ਫੀਸਾਂ ਨਾਲ ਕਾਲਜ ਪ੍ਰਬੰਧਕਾਂ ਦੀਆਂ ਤਨਖਾਹਾਂ ਵਿੱਚ ਹਰ ਸਾਲ ਵਾਧਾ ਕੀਤਾ ਜਾਂਦਾ ਹੈ ਤੇ ਏਜੰਟਾਂ ਨੂੰ ਮੋਟੇ ਕਮਿਸ਼ਨ ਦਿੱਤੇ ਜਾਂਦੇ ਹਨ, ਦੂਜੇ ਪਾਸੇ ਵਿਦਿਆਰਥੀਆਂ ਨੂੰ ਟਿਊਸ਼ਨ ਫੀਸਾਂ ਤੇ ਰਿਹਾਇਸ਼ ਵਿੱਚ ਰਿਆਇਤ ਤਾਂ ਦੂਰ ਦੀ ਗੱਲ ਉਹਨਾਂ ਨੂੰ ਸੜਕਾਂ 'ਤੇ ਰੁਲਣ ਲਈ ਛੱਡਿਆ ਜਾ ਰਿਹਾ ਹੈ । ਉਹਨਾਂ ਕਿਹਾ ਕਿ ਰਿਹਾਇਸ਼ੀ ਘਰਾਂ ਦੀ ਸਮੱਸਿਆ ਕੈਨੇਡਾ ਦੀ ਵੱਡੀ ਤੇ ਬੁਨਿਆਦੀ ਸਮੱਸਿਆ ਹੈ, ਜਿਸ ਨੂੰ ਮਹਿਜ਼ ਬਿਆਨਾਂ ਨਾਲ ਸੌਖਿਆਂ ਹੀ ਹੱਲ ਨਹੀਂ ਕੀਤਾ ਜਾ ਸਕਦਾ । ਇਹ ਸਮੱਸਿਆ ਰੀਅਲ ਅਸਟੇਟ ਦੇ ਸੰਕਟ ਅਤੇ ਵੱਡੇ ਕਾਰੋਬਾਰੀਆਂ ਦੀ ਇਜਾਰੇਦਾਰੀ ਦੀ ਪੈਦਾਇਸ਼ ਹੈ।

ਉਹਨਾਂ ਵਿਦਿਆਰਥੀਆਂ ਨੂੰ ਪੱਕੀ ਤੇ ਸਸਤੀ ਰਿਹਾਇਸ਼, ਟਿਊਸ਼ਨ ਫੀਸਾਂ ਘਟਾਉਣ ਤੇ ਹੋਰ ਹੱਕੀ ਮੰਗਾਂ ਲਈ ਜੱਥੇਬੰਦ ਤੇ ਚੇਤੰਨ ਹੋਣ ਦਾ ਸੱਦਾ ਦਿੱਤਾ।

**ਸੰਪਰਕ:** (+1 438 924 2052)
**ਮੌਂਟਰੀਅਲ ਯੂਥ ਸਟੂਡੈਂਟ ਆਰਗੇਨਾਈਜ਼ੇਸ਼ਨ** (ਮਾਇਸੋ)

# ਅਯੁੱਧਿਆ ਰਾਹੀਂ ਹਿੰਦੂ ਰਾਸ਼ਟਰ ਵੱਲ ਜਾਂਦੀ ਸੜਕ

**ਨਰਭਿੰਦਰ**

ਜੇਮਜ਼ ਮਿਲ ਦੀ ਰੂਹ ਨੂੰ ਸਕੂਨ ਮਿਲ ਗਿਆ ਹੋਊ। ਉਹਨੇ ਪਾੜੋ ਤੇ ਰਾਜ ਕਰੋ ਦੀ ਨੀਤੀ ਨਾਲ ਜਿਸ ਕਲਪਿਤ ਰਾਮ ਮੰਦਰ ਦੀ ਸਿਰਜਨਾ ਕੀਤੀ ਸੀ। ਉਥੇ ਮੋਦੀ ਨੇ 170 ਸਾਲ ਪਿੱਛੋਂ ਉਸ ਨੂੰ ਸਥਾਪਤ ਕਰ ਦਿੱਤਾ ਅਤੇ ਉਹਦੇ ਮੁਤਾਬਕ ਉਹਨੂੰ ਦੁਨੀਆ ਦੇਖ ਰਹੀ ਹੈ। ਹਕੀਕਤ ਇਹ ਕਿ ਬੌਧਿਕ ਕੰਗਾਲੀ ਦੇ ਦੀਵਾਲੀਆਪਨ ਉੱਤੇ ਹੱਸ ਰਹੀ ਹੈ।

ਅਯੁੱਧਿਆ 'ਚ ਮਸਜਿਦ ਦਾ ਨਿਰਮਾਣ 1528 ਵਿੱਚ ਹੋਇਆ ਸੀ। ਉਦੋਂ ਰਾਜ ਬਾਬਰ ਦਾ ਸੀ। ਮਸਜਿਦ ਦਾ ਨਿਰਮਾਣ ਕਰਾਉਣ ਵਾਲਾ ਮੀਰ ਬਾਕੀ ਸੀ। ਉਸ ਨੇ ਹੀ ਇਸ ਨੂੰ ਬਾਬਰੀ ਮਸਜਿਦ ਦਾ ਨਾਂਅ ਦਿੱਤਾ। ਮੁਗਲ ਕਾਲ ਦੇ ਦੌਰ ਪਿੱਛੋਂ 1751 ਵਿੱਚ ਅਯੁੱਧਿਆ, ਮਥਰਾ, ਕਾਸ਼ੀ ਮਰਾਠਿਆਂ ਦੇ ਰਾਜ ਅਧੀਨ ਵੀ ਰਹੇ, ਪਰ 1853 ਤੱਕ ਇਸ 'ਤੇ ਕਿਸੇ ਨੂੰ ਇਤਰਾਜ਼ ਨਹੀਂ ਸੀ ਕਿ ਇਹ ਮਸਜਿਦ ਕਿਸੇ ਹਿੰਦੂ ਮੰਦਰ ਨੂੰ ਤੋੜ ਕੇ ਬਣਾਈ ਗਈ ਹੋਵੇ। ਹਾਲਾਂਕਿ ਅਯੁੱਧਿਆ ਵਿੱਚ ਹੀ ਮੁਗਲ ਕਾਲ ਦੌਰਾਨ ਕਈ ਮੰਦਰ ਬਣੇ ਅਤੇ ਕੁਝ ਮੰਦਰਾਂ ਨੂੰ ਤਾਂ ਮੁਗਲ ਹਾਕਮਾਂ ਨੇ ਜ਼ਮੀਨ ਵੀ ਦਿੱਤ । 330 ਸਾਲ ਪਿੱਛੋਂ ਜਦੋਂ ਇਸ ਖੇਤਰ ਵਿੱਚ ਬਰਤਾਨਵੀ ਕੰਪਨੀ ਈਸਟ ਇੰਡੀਆ ਨੇ ਕਬਜ਼ਾ ਕੀਤਾ ਤਾਂ ਉਸ ਦੇ ਇਕ ਅਧਿਕਾਰੀ ਜੇਮਜ਼ ਮਿਲ ਜਿਹਨੇ 'ਬ੍ਰਿਟਿਸ਼ ਰੂਲ ਇਨ ਇੰਡੀਆ' ਨਾਂਅ ਹੇਠ ਛੇ ਕਿਤਾਬਾਂ ਲਿਖੀਆਂ। ਉਹਨੇ ਕਲਪਿਤ ਕਥਾਵਾਂ ਤੇ ਜੁਮਲਿਆਂ ਦੇ ਆਧਾਰ 'ਤੇ ਭਾਰਤ ਦਾ ਜੋ 'ਇਤਿਹਾਸ' ਲਿਖਿਆ, ਉਸ ਨੂੰ ਤਿੰਨ ਕਾਲ ਖੰਡਾਂ ਵਿੱਚ ਵੰਡਿਆ। ਪਹਿਲਾ ਹਿੰਦੂ, ਦੂਸਰਾ ਮੁਸਲਮ ਕਾਲ ਤੇ ਤੀਸਰਾ ਬ੍ਰਿਟਿਸ਼ ਕਾਲ। ਉਹ ਲਿਖਦਾ ਹੈ ਕਿ ਬ੍ਰਿਟਿਸ਼ ਦੇ ਆਉਣ ਤੋਂ ਪਹਿਲਾਂ ਭਾਰਤੀ ਅਸਭਿਅਕ ਸਨ, ਜਾਂਗਲੀ ਸਨ, ਸਮਾਜਿਕ ਬੁਰਾਈਆਂ ਨਾਲ ਚਿੰਬੜੇ ਹੋਏ ਸਨ। ਅੰਗਰੇਜ਼ਾਂ ਦੇ ਆਉਣ ਉੱਤੇ ਉਨ੍ਹਾਂ ਨੂੰ ਸੱਭਿਅਕ ਬਣਾਉਣ ਦਾ ਸਿਲਸਲਾ ਸ਼ੁਰੂ ਹੋਇਆ। ਉਹਦੇ ਲਿਖਣ ਦਾ ਮਨੋਰਥ ਭਾਰਤ ਵਿੱਚ ਅੰਗਰੇਜ਼ੀ ਰਾਜ ਨੂੰ ਜਾਇਜ਼ ਠਹਿਰਾਉਣਾ ਵੀ ਸੀ ਅਤੇ ਇਹਨੂੰ ਫਿਰਕਾਪ੍ਰਸਤੀ ਅਤੇ ਅਲੱਗ-ਅਲੱਗ ਪਹਿਚਾਨਾਂ ਦੇ ਆਧਾਰ ਉਤੇ ਵੰਡਣਾ ਵੀ ਸੀ। ਵੈਸੇ ਹਾਸਲ ਸਰੋਤਾਂ ਮੁਤਾਬਕ ਉਹ ਕਦੇ ਭਾਰਤ ਨਹੀਂ ਆਇਆ। ਉਹਨੇ ਈਸਟ ਇੰਡੀਆ ਕੰਪਨੀ ਦੇ ਮੁਲਾਜ਼ਮਾਂ, ਅਧਿਕਾਰੀਆਂ ਵੱਲੋਂ ਇਕੱਠੇ ਕੀਤੇ ਸਰੋਤਾਂ ਦੇ ਅਧਾਰ 'ਤੇ ਹੀ ਇਹ ਕਲਪਿਤ ਇਤਿਹਾਸ ਲਿਖਿਆ। ਜਿਹਨੂੰ ਇਤਿਹਾਸ ਮੰਨਣਾ ਵੀ ਗੁਨਾਹ ਹੈ, ਕਿਉਂਕਿ ਇਹ ਲਿਖੇ ਗ੍ਰੰਥ ਇਤਿਹਾਸ ਦੀ ਦ੍ਰਿਸ਼ਟੀ ਤੋਂ ਨਹੀਂ, ਰਾਜ ਕਰਨ ਦੀ ਦ੍ਰਿਸ਼ਟੀ ਤੋਂ ਹੀ ਲਿਖੇ ਗਏ ਹਨ। ਹਿੰਦੂ-ਮੁਸਲਮ ਵਿਵਾਦ ਦੇ ਕੰਡਿਆਲੇ ਬੀਜ ਬੀਜਣ ਵਾਲੇ ਜੇਮਜ਼ ਮਿਲ ਕੇ ਭਾਰਤੀ ਇਤਿਹਾਸ ਤੇ ਸਮਾਜ ਨੂੰ ਜਿੰਨਾ ਨੁਕਸਾਨ ਪਹੁੰਚਾਇਆ ਤੇ ਪਹੁੰਚਾ ਰਿਹਾ ਹੈ, ਇਹਦੀ ਭਰਪਾਈ ਛੇਤੀ ਹੋਣੀ ਸੰਭਵ ਨਹੀਂ। ਉਹਦੀ ਕਿਤਾਬ 'ਬ੍ਰਿਟਿਸ਼ ਭਾਰਤ ਦਾ ਇਤਿਹਾਸ' 1817 ਵਿੱਚ ਪ੍ਰਕਾਸ਼ਿਤ ਹੋਈ ਸੀ। ਉਹਨੇ ਕੋਈ ਵੀ ਭਾਰਤੀ ਭਾਸ਼ਾ ਨਹੀਂ ਸਿੱਖੀ, 1836 ਵਿੱਚ ਉਹ ਮਰ ਗਿਆ। ਅੰਗਰੇਜ਼ੀ ਰਾਜ ਨੂੰ ਸਥਾਪਤ ਕਰਨ ਦੀ ਦ੍ਰਿਸ਼ਟੀ ਤੋਂ ਹੀ ਜੇਮਜ਼ ਮਿਲ ਨੇ ਜੋ ਲਿਖਿਆ, ਉਹਦਾ ਮਨੋਰਥ ਭਾਰਤੀ ਸਮਾਜ ਵਿੱਚ ਦੀਵਾਰਾਂ ਖੜੀਆਂ ਕਰਨਾ ਸੀ। ਉਸ ਵੱਲੋਂ ਲਿਖੇ ਇਤਿਹਾਸ ਨੂੰ ਹੀ ਬ੍ਰਿਟਿਸ਼ ਅਧਿਕਾਰੀਆਂ, ਜਿਹੜੇ ਭਾਰਤ ਵਿੱਚ ਆਉਂਦੇ ਸਨ, ਨੂੰ ਪੜ੍ਹਾਇਆ ਜਾਂਦਾ ਸੀ। ਉਹਨੇ ਹੀ ਭਾਰਤ ਵਿੱਚ ਹਿੰਦੂ-ਮੁਸਲਮ ਦੋ ਫਿਰਕਿਆਂ ਦੀ ਵੰਡ ਕੀਤੀ ਸਹਿਜੇ-ਸਹਿਜੇ ਦੋ ਕੌਮਾਂ ਦੇ ਸਿਧਾਂਤ ਤੱਕ ਵਿਕਸਤ ਹੋ ਗਈ। ਉਹਨੇ ਇਹ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਕਿ ਹਿੰਦੂ ਭਾਰਤ ਦੇ ਮੂਲ ਨਾਗਰਿਕ ਸਨ। ਅਤੇ ਮੁਸਲਮਾਨ ਬਾਹਰੋਂ ਆਏ ਹਮਲਾਵਰ। ਦਰਅਸਲ 1757 ਤੋਂ ਪਿੱਛੋਂ ਬ੍ਰਿਟਿਸ਼ ਅਧਿਕਾਰੀ ਜਾਣ ਚੁੱਕੇ ਸਨ ਕਿ ਦੋਹਾਂ ਫਿਰਕਿਆਂ ਨੂੰ ਜੇ ਆਪਸ ਵਿੱਚ ਨਾ ਲੜਾਇਆ ਗਿਆ ਤਾਂ ਲੰਮੇ ਸਮੇਂ ਲਈ ਰਾਜ ਕਰਨਾ ਅਸੰਭਵ ਹੈ। ਪੰਜਾਬ 'ਚ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿੱਚ ਉਸ ਦੇ ਰਾਜ-ਭਾਗ ਵਿੱਚ ਸਿੱਖ ਸਿਰਫ਼ 7 ਫ਼ੀਸਦੀ ਹੀ ਸਨ। 93 ਫ਼ੀਸਦੀ ਆਬਾਦੀ ਵਿੱਚ ਮੁਸਲਮਾਨ ਵੀ ਸਨ, ਹਿੰਦੂ ਵੀ ਸਨ ਤੇ ਹੋਰ ਵੀ, ਬਹੁਤ ਸਾਰੇ ਸਰਵੁੱਚ ਅਹੁਦਿਆਂ ਉਤੇ ਮੁਸਲਮਾਨ ਤੇ ਹਿੰਦੂ ਬਿਰਾਜਮਾਨ ਸਨ। ਹਰ ਰਾਜਾ-ਮਹਾਰਾਜਾ, ਵਫਾਦਾਰੀ ਤੇ ਯੋਗਤਾ ਦੇ ਆਧਾਰ ਨੂੰ ਪਹਿਲ ਦਿੰਦਾ ਰਿਹਾ। ਮੁਗਲ ਹਾਕਮਾਂ ਨੇ ਵੀ ਆਪਣੇ ਜਰਨੈਲ ਹਿੰਦੂ ਰੱਖੇ ਸਨ। ਇਹ ਹੀ ਨਹੀਂ, ਆਵਾਮ ਵਿੱਚ ਵੀ ਕੋਈ ਫ਼ਰਕ ਨਹੀਂ ਸੀ। ਧਰਮ ਆਪਣਾ-ਆਪਣਾ ਸੀ, ਭਾਈਚਾਰਾ ਸਾਂਝਾ ਸੀ। ਇਹਦੀ ਮਿਸਾਲ ਅਯੁੱਧਿਆ ਦੀ ਹੀ ਦਿੱਤੀ ਜਾ ਸਕਦੀ ਹੈ। ਮੁਗਲ ਕਾਲ ਵਿੱਚ ਅਯੁੱਧਿਆ 'ਚ ਜਿਹੜੇ ਮੰਦਰ ਉਸਾਰੇ, ਉਨ੍ਹਾਂ ਵਿੱਚ ਪ੍ਰਮੁੱਖ-ਹਨੂੰਮਾਨ ਮੰਦਰ, ਕੋਪ ਭਵਨ, ਸੁਮਿਤਰਾ ਮੰਦਰ, ਦਸ਼ਰਥ ਭਵਨ, ਸੀਤਾ ਰਸੋਈ, ਗਲੇਲਾ ਮੰਦਰ ਬਸ਼ਿਸ਼ਟ ਮੰਦਰ, 'ਇਹ ਸਾਰੇ ਮੰਦਰ ਮੁਗਲਾਂ ਦੇ 400-500 ਸਾਲ ਦੇ ਰਾਜ-ਕਾਲ ਵਿੱਚ ਹੀ ਹੋਂਦ ਵਿੱਚ ਆਏ। ਇੱਥੋਂ ਤੱਕ ਕਿ ਗਲੇਲਾ ਮੰਦਰ, ਨੂੰ ਮੁਗਲ ਹਾਕਮਾਂ ਨੇ 500 ਵਿਘਾ ਜ਼ਮੀਨ ਵੀ ਦਿੱਤੀ, ਜਿਸ ਦਾ ਪ੍ਰਮਾਣਿਕ ਦਸਤਾਵੇਜ਼ ਇਸ ਮੰਦਰ ਵਿੱਚ ਅਜੇ ਤੱਕ ਮੌਜੂਦ ਹੈ। ਇੱਥੇ ਹੀ ਇੱਕ ਅਗਰਵਾਲਾਂ ਦਾ ਮੰਦਰ ਹੈ, ਜਿਸ ਦੀ ਉਸਾਰੀ ਲਈ ਰਾਜਾ ਹੁਸੈਨ ਅਲੀ ਖਾਂ ਨੇ ਜ਼ਮੀਨ ਹੀ ਨਹੀਂ, ਸਾਰੀਆਂ ਇੱਟਾਂ ਵੀ ਦਿੱਤੀਆਂ, ਜਿਸ ਦੀਆਂ ਇੱਟਾਂ 'ਤੇ 786 ਅੰਕ ਅੰਕਿਤ ਹੈ। ਦਿਗੰਬਰ ਅਖਾੜੇ ਲਈ ਮੁਗਲਾਂ ਵੱਲੋਂ ਜ਼ਮੀਨ ਦੇਣ ਦੇ ਦਸਤਾਵੇਜ਼ਾਂ ਤੋਂ ਇਲਾਵਾ ਨਿਰਮੋਹੀ ਅਖਾੜੇ ਲਈ ਨਵਾਬ ਸਿਰਾਜੂਦੌਲਾ ਵੱਲੋਂ ਜ਼ਮੀਨ ਦੇਣ ਦੇ ਪ੍ਰਮਾਣਿਕ ਦਸਤਾਵੇਜ਼ ਵੀ ਗਵਾਹ ਹਨ। ਹੈਰਾਨੀ ਦੀ ਗੱਲ ਇਹ ਕਿ ਮੰਦਰਾਂ ਵਿੱਚ ਉਪਾਸਨਾ ਕਰਨ ਵਾਲੇ ਹਿੰਦੂ ਹੀ ਨਹੀਂ, ਮੁਸਲਮਾਨ ਵੀ ਸਨ। ਅਯੁੱਧਿਆ ਦੀ ਤਹਿਜ਼ੀਬ ਦੀ ਇੱਕ ਮਿਸਾਲ ਦੇਣੀ ਜ਼ਰੂਰੀ ਹੈ ਕਿ ਕਿਵੇਂ ਸਾਂਝਾ ਭਾਈਚਾਰਾ ਵਿਕਸਤ ਹੋਇਆ ਸੀ, ਉਥੇ ਸੁੰਦਰ ਭਵਨ ਮੰਦਰ ਦਾ ਪ੍ਰਬੰਧ ਚਾਰ ਸਦੀਆਂ ਤੋਂ ਮੁਸਲਮਾਨਾਂ ਦੇ ਕੋਲ ਹੀ ਰਿਹਾ। 23 ਦਸੰਬਰ 1949 ਨੂੰ ਇਸ ਦੇ ਕੰਮ ਨੂੰ ਸੰਭਾਲਣ ਵਾਲਾ ਮਨੂੰ ਮੀਆਂ ਸੀ। ਮੁਸਲਮਾਨ ਹੋਣ ਦੇ ਬਾਵਜੂਦ ਉਹ ਹਰ ਰੋਜ਼ ਆਰਤੀ ਉਤਾਰਨ ਸਮੇਂ ਖੜਤਾਲਾਂ ਵਜਾਉਂਦੇ ਹੁੰਦੇ ਸਨ।

ਬਾਬਰੀ ਮਸਜਿਦ ਬਾਰੇ ਪਹਿਲੀ ਵਾਰ ਬ੍ਰਿਟਿਸ਼ ਰਾਜ ਕਾਲ ਵਿੱਚ ਹੀ ਸੁਆਲ ਖੜਾ ਹੋਇਆ। ਜੇਮਜ਼ ਮਿਲ ਵੱਲੋਂ ਕਿਤਾਬ ਲਿਖੇ ਜਾਣ ਪਿੱਛੋਂ 1853 ਵਿੱਚ ਕੁਝ ਹਿੰਦੂਆਂ ਨੇ ਇਹ ਇਤਰਾਜ਼ ਉਠਾਇਆ ਕਿ ਬਾਬਰ ਦੇ ਸ਼ਾਸਨ ਕਾਲ ਵਿੱਚ ਮਸਜਿਦ ਨੂੰ ਰਾਹ ਬਣਾਉਣ ਲਈ ਇੱਕ ਮੰਦਰ ਤੋੜਿਆ ਗਿਆ ਸੀ। ਉਦੋਂ ਮੁੱਦਾ ਮਸਜਿਦ ਨਹੀਂ ਸੀ। 1853 ਤੋਂ ਪਹਿਲਾਂ ਕੋਈ ਵਿਵਾਦ ਨਹੀਂ। ਜਿਵੇਂ ਅਸੀਂ ਜ਼ਿਕਰ ਕੀਤਾ ਹੈ ਕਿ 1751 ਵਿੱਚ ਮਰਹੱਟਿਆਂ ਦੇ ਅਧੀਨ ਵੀ ਅਯੁੱਧਿਆ, ਕਾਸ਼ੀ, ਮਥਰਾ ਰਹੇ, ਪਰ ਕਿਸੇ ਹਿੰਦੂ ਨੇ ਇਹ ਸੁਆਲ ਹੀ ਨਹੀਂ ਉਠਾਇਆ। ਕਿਉਂਕਿ ਇੱਕ ਭਾਈਚਾਰਕ ਸਾਂਝ ਸੀ ਤੇ ਧਰਮ ਦੇ ਮੁੱਦੇ ਨਿੱਜੀ ਸਨ, ਰਾਜਸੀ ਨਹੀਂ ਸਨ। ਫਿਰ 1855-56 ਵਿੱਚ ਇੱਕ ਅਖਾੜੇ ਦੇ ਸੰਨਿਆਸੀਆਂ ਨੇ ਆ ਕੇ ਮਸਜਿਦ ਦੇ ਅੱਗੇ ਖੁੱਲ੍ਹੀ ਥਾਂ ਵਿੱਚ ਇੱਕ ਥੜ੍ਹਾ ਬਣਾ ਲਿਆ ਤੇ ਚਬੂਤਰੇ ਉਤੇ ਪੂਜਾ-ਪਾਠ ਕਰਨ ਲੱਗੇ। ਚੁਆਤੀ ਲਗ ਚੁੱਕੀ ਸੀ। ਅੰਗਰੇਜ਼ ਹਾਕਮ ਸਫ਼ਲ ਹੋ ਚੁੱਕੇ ਸਨ। 1857 'ਚ ਜਦੋਂ ਪੂਰੇ ਦੇਸ਼ ਵਿੱਚ ਬਰਤਾਨਵੀ ਕੰਪਨੀ ਦੇ ਖ਼ਿਲਾਫ਼ ਬਗਾਵਤ ਉੱਠ ਰਹੀ ਸੀ ਅਤੇ ਇਸ 'ਚ ਹਿੰਦੂ-ਮੁਸਲਮ ਸਾਂਝੇ ਤੌਰ 'ਤੇ ਲੜ ਰਹੇ ਸਨ ਤਾਂ ਅਯੁੱਧਿਆ ਅਛੂਤਾ ਨਹੀਂ ਰਿਹਾ। ਅਵਧ ਦਾ ਵਿਦਰੋਹ ਬਰਕਤ ਅਹਿਮਦ ਅਤੇ ਮੌਲਵੀ ਅਹਿਮਦ ਉੱਲਾ ਸ਼ਾਹ ਦੀ ਅਗਵਾਈ ਹੇਠ ਲੜਿਆ ਗਿਆ ਸੀ। ਫੈਜ਼ਾਬਾਦ ਜਿਹੜਾ ਧਾਰਮਿਕ ਏਕਤਾ ਦਾ ਪ੍ਰਤੀਕ ਸੀ, ਵਿੱਚ ਸਾਂਝੇ ਭਾਈਚਾਰੇ ਵੱਲੋਂ ਅੰਗਰੇਜ਼ੀ ਫੌਜਾਂ ਦੇ ਵਿਰੁੱਧ ਲੜਾਈ ਲੜੀ ਗਈ। ਨਾਨਾ ਸਾਹਿਬ, ਖਾਨ ਬਹਾਦਰ ਖਾਂ ਇਕੱਠੇ ਲੜ ਰਹੇ ਸਨ। 1857 ਵਿੱਚ ਮੌਲਵੀ ਅਹਿਮਦਉੱਲਾ ਸ਼ਾਹ ਨੇ ਨਾਨਾ ਸਾਹਿਬ ਅਤੇ ਅਰਾ ਦੇ ਕੁੰਵਰ ਸਿੰਘ ਨਾਲ ਮਿਲ ਕੇ ਬਰਤਾਨਵੀ ਸੈਨਾਵਾਂ ਵਿਰੁੱਧ ਲੜਾਈ ਲੜੀ ਸੀ। ਅਯੁੱਧਿਆ ਦੀ ਇਹ ਸਾਂਝੀ ਤਹਿਜ਼ੀਬ ਸੀ, ਪਰ ਉਧਰ ਇਸੇ ਸਾਲ ਹੀ ਹਿੰਦੂ ਅਖਾੜੇ ਦੇ ਮਹੰਤਾਂ ਵੱਲੋਂ ਚਬੂਤਰਾ ਵਿਵਾਦ ਨੂੰ ਹੋਰ ਤੂਲ ਦਿੱਤੀ ਗਈ। ਇਸ ਦੌਰਾਨ ਚਬੂਤਰੇ ਉਤੇ ਉਸਾਰੀ ਦਾ ਮੁੱਦਾ ਵੀ ਉੱਠਿਆ, ਪਰ ਬਰਤਾਨਵੀ ਹਾਕਮਾਂ ਨੇ ਇਸ ਦੀ ਇਜਾਜ਼ਤ ਨਹੀਂ ਦਿੱਤੀ। 1860 ਤੋਂ ਲੈ ਕੇ 1884 ਦੇ ਦਰਮਿਆਨ ਮੁਸਲਿਮ ਚੌਧਰੀਆਂ ਨੇ ਵੀ ਹਿੰਦੂ ਮਹੰਤਾਂ ਵੱਲੋਂ ਕੀਤੇ ਜਾ ਰਹੇ ਮਸਜਿਦ ਦੇ ਖਾਲੀ ਥਾਂ ਉਤੇ ਕਬਜ਼ੇ ਨੂੰ ਲੈ ਕੇ ਅੰਗਰੇਜ਼ ਪ੍ਰਭੂਆਂ ਦੇ ਅੱਗੇ ਅਰਜੋਈਆਂ ਕੀਤੀਆਂ, ਪਰ ਇਹਦਾ ਹੱਲ ਕੱਢਣ ਦੀ ਥਾਂ, ਅੰਗਰੇਜ਼ਾਂ ਨੇ ਇਸ ਨੂੰ ਸੁਲਝਾਉਣ ਦੀ ਥਾਂ ਲਮਕਾਉਣ ਵਿੱਚ ਹੀ ਭਲਾ ਸਮਝਿਆ। 1857 ਦੇ ਗਦਰ ਪਿਛੋਂ ਭਾਰਤੀ ਲੋਕਾਂ ਉਤੇ ਅਥਾਹ ਜ਼ੁਲਮ ਢਾਹੁਣ ਪਿਛੋਂ ਬਰਤਾਨਵੀ ਹਾਕਮਾਂ ਲਈ ਜਿੱਥੇ ਧਾਰਮਿਕ ਵਿਵਾਦਾਂ ਨੂੰ ਉਲਝਾਉਣ ਦੀ ਸ਼ਾਤਰਾਨਾ ਚਾਲ ਚੱਲੀ ਜਾ ਰਹੀ ਸੀ, ਉਥੇ ਭਾਰਤੀ ਲੋਕਾਈ ਦੇ ਉੱਚ ਤੇ ਖਾਂਦੇ-ਪੀਂਦੇ ਵਰਗ ਨੂੰ ਆਪਣਾ ਚਾਪਲੂਸ ਬਣਾਉਣ ਲਈ ਵੀ ਬੁਰਕੀਆਂ ਸੁੱਟੀਆਂ ਜਾ ਰਹੀਆਂ ਸਨ। ਇਹੀ ਦੌਰ ਹੈ, ਜਦੋਂ ਭਾਰਤ ਨੂੰ ਸਿੱਖਿਅਤ ਕਰਨ ਲਈ (ਜੇਮਜ਼ ਦੇ ਮੁਤਾਬਕ ਸਭਿਅਕ ਬਣਾਉਣ ਲਈ) ਸਕੂਲ ਤੇ ਉੱਚ ਵਿੱਦਿਆ ਦੇ ਅਦਾਰੇ ਖੜੇ ਹੁੰਦੇ ਹਨ ਤੇ ਪੂਰੇ ਪ੍ਰਸ਼ਾਸਨਕ ਢਾਂਚੇ ਨੂੰ ਉਸਾਰਿਆ ਜਾਂਦਾ ਹੈ। ਵਿਸ਼ੇਸ਼ ਕਰਕੇ 1857 ਦੇ ਗਦਰ ਪਿੱਛੋਂ ਭਾਰਤ ਵਿੱਚ ਈਸਟ ਇੰਡੀਆ ਕੰਪਨੀ ਤੋਂ ਰਾਜ ਖੋਹ ਕੇ ਸਿੱਧਾ ਰਾਣੀ ਦੇ ਹੱਥ ਚਲਾ ਜਾਂਦਾ ਹੈ। ਇਹੀ ਦੌਰ ਹੈ, ਜਦੋਂ ਨਵੇਂ ਪੜ੍ਹੇ-ਲਿਖੇ ਵਰਗ ਦੀ ਇੱਕ ਸਾਂਝੀ ਟੋਲੀ ਕਾਂਗਰਸ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ। ਜਿਸ ਵਿੱਚ ਸਹਿਜੇ-ਸਹਿਜੇ ਹਿੰਦੂ ਬਹੁ-ਗਿਣਤੀ ਦੀ ਧਿਰ ਭਾਰੂ ਹੁੰਦੀ ਜਾ ਰਹੀ ਹੈ। ਉਹ ਅਜਿਹੇ ਅਯੁੱਧਿਆ ਵਰਗੇ ਮਸਲਿਆਂ ਨੂੰ ਸੁਲਝਾਉਣ ਦੀ ਥਾਂ ਹਾਕਮਾਂ ਵੱਲ ਦੇਖਦੀ ਹੈ। 1857 ਤੋਂ ਪਿੱਛੋਂ ਅੰਗਰੇਜ਼ਾਂ ਨੇ ਭਾਰਤੀ ਸ਼ਾਸਨ ਪ੍ਰਣਾਲੀ ਵਿੱਚ ਹਿੰਦੂਆਂ ਨੂੰ ਪਹਿਲ ਇਸ ਕਰਕੇ ਦਿੱਤੀ ਕਿ ਉਹ ਬਰਤਾਨਵੀਆਂ ਲਈ ਵੱਧ ਭਰੋਸੇਯੋਗ ਸਨ। ਵਿਦੇਸ਼ਾਂ ਵਿੱਚ ਵਿਸ਼ੇਸ਼ ਕਰਕੇ ਇੰਗਲੈਂਡ ਵਿੱਚ ਪੜ੍ਹਨ ਜਾਣ ਵਾਲਿਆਂ ਵਿੱਚ ਵੀ ਹਿੰਦੂ ਵਿਦਿਆਰਥੀ ਵਧੇਰੇ ਸਨ। ਸੰਪੰਨ ਮੁਸਲਮਾਨਾਂ ਲਈ ਮੁਸਲਮਾਨਾਂ ਵਿੱਚ ਵਿਦਿਅਕ ਜਾਗਰੂਕਤਾ ਲਿਆਉਣ ਲਈ 1886 ਵਿੱਚ ਮੁਹੰਮਦਨ ਐਜੂਕੇਸ਼ਨ ਕਾਨਫ਼ਰੰਸ ਸਥਾਪਤ ਕੀਤੀ ਗਈ। ਯਾਦ ਰਹੇ ਮਦਨ ਮੋਹਨ ਮਾਲਵੀਆ ਪਹਿਲਾਂ ਹੀ ਹਿੰਦੂ ਯੂਨੀਵਰਸਿਟੀ ਦੀ ਸਥਾਪਨਾ ਲਈ ਬਹੁਤ ਸਮਾਂ ਦੇ ਰਹੇ ਸਨ। ਹਾਲਾਂਕਿ ਉਹ ਕਾਂਗਰਸ ਵਿੱਚ ਕੰਮ ਕਰਦੇ ਸਨ। ਇਸੇ ਮੁਹੰਮਦਨ ਐਜੂਕੇਸ਼ਨ ਸੁਸਾਇਟੀ ਦੀ 1906 ਦੀ ਢਾਕਾ ਕਾਨਫ਼ਰੰਸ ਵਿੱਚ ਕੁੱਲ ਹਿੰਦ ਮੁਸਲਮ ਲੀਗ ਸਥਾਪਤ ਕਰਨ ਦਾ ਵਿਚਾਰ ਆਇਆ। ਬਰਤਾਨਵੀ ਹਕੂਮਤ ਇਸ ਸਮੇਂ ਤੱਕ ਰਾਜ ਵਿੱਚ ਭਾਰਤੀਆਂ ਦੀ ਸ਼ਮੂਲੀਅਤ ਲਈ ਵਿਧਾਨ ਪ੍ਰੀਸ਼ਦਾਂ ਦਾ ਗਠਨ ਕਰ ਰਹੀ ਸੀ ਅਤੇ 1909 ਦੀਆਂ ਚੋਣਾਂ ਵਿੱਚ ਉਹਨੇ ਧਾਰਮਿਕ ਪ੍ਰਤੀਨਿਧਤਾ ਦੇ ਨਾਂਅ ਹੇਠ ਫਿਰਕੂ ਪਾਲਾਬੰਦੀ ਦਾ ਪੱਤਾ ਖੇਡਿਆ ਹਾਲਾਂਕਿ ਇਸ ਦੌਰ ਵਿੱਚ ਵੋਟ ਦਾ ਅਧਿਕਾਰ ਮਹਿਜ਼ 10 ਤੋਂ 12 ਫ਼ੀਸਦੀ ਲੋਕਾਂ ਕੋਲ ਹੀ ਸੀ। 1919 ਵਿੱਚ ਇਸ ਨੂੰ ਹੋਰ ਵਿਸਥਾਰਿਆ ਗਿਆ।

ਉੱਧਰ 1915 ਵਿੱਚ ਅਖਿਲ ਭਾਰਤੀ ਹਿੰਦੂ ਮਹਾਂ ਸਭਾ ਦਾ ਗਠਨ ਸਾਵਰਕਰ ਦੀ ਅਗਵਾਈ ਵਿੱਚ ਹੋਇਆ ਤੇ ਇੱਧਰ ਉੱਤਰੀ ਭਾਰਤ ਵਿੱਚ ਵੀ ਹਿੰਦੂ ਮਹਾਂ ਸਭਾ ਦਾ ਗਠਨ ਮਦਨ ਮੋਹਨ ਮਾਲਵੀਆ ਤੇ ਲਾਲਾ ਲਾਜਪਤ ਰਾਏ ਦੀ ਅਗਵਾਈ 'ਚ ਹੋਇਆ। ਹਾਲਾਂਕਿ ਦੋਵਾਂ ਦੇ ਕੰਮ-ਢੰਗ ਵੱਖ-ਵੱਖ ਸਨ ਤੇ ਵਿਚਾਰਾਂ ਵਿੱਚ ਵੀ ਅੰਤਰ ਸੀ, ਪਰ ਕਾਂਗਰਸ ਨੇ ਹਿੰਦੂ ਸਭਾ ਦਾ ਮੈਂਬਰ ਬਣਨ ਉੱਤੇ ਉਸ ਸਮੇਂ ਇਤਰਾਜ਼ ਨਹੀ ਕੀਤਾ। ਇਹ ਜਾ ਕੇ 1938 ਵਿੱਚ ਮਤਾ ਪਾਸ ਕੀਤਾ ਕਿ ਹਿੰਦੂ ਮਹਾਂਸਭਾ ਦਾ ਮੈਂਬਰ ਕਾਂਗਰਸ ਦਾ ਮੈਂਬਰ ਨਹੀਂ ਬਣ ਸਕਦਾ। 1925 ਵਿੱਚ ਰਾਸ਼ਟਰੀ ਸੋਇਮ ਸੇਵਕ ਸੰਘ ਦਾ ਗਠਨ ਹੋਇਆ ਤੇ 1940 ਤੱਕ ਉਸ ਦੇ 100000 ਕਾਰਕੁੰਨ ਬਣ ਚੁੱਕੇ ਸਨ, ਹਾਲਾਂਕਿ ਇਹ ਬਰਤਾਨਵੀ ਹਕੂਮਤ ਵਿਰੁੱਧ ਕਿਸੇ ਵੀ ਲਹਿਰ ਵਿੱਚ ਨਾ ਸ਼ਾਮਲ ਹੋ ਰਹੇ ਸਨ, ਨਾ ਹੀ ਖੁਦ ਲੜ ਰਹੇ ਸਨ, ਸਗੋਂ ਇਹ ਦੂਸਰੀ ਸੰਸਾਰ ਜੰਗ ਸਮੇਂ ਵੀ ਹਿੰਦੂਆਂ ਨੂੰ ਬ੍ਰਿਟਿਸ਼ ਹਕੂਮਤ ਵਿੱਚ ਸ਼ਾਮਲ ਹੋਣ ਲਈ ਜ਼ਰੂਰ ਪ੍ਰੇਰਦੇ ਰਹੇ। ਦਿਲਚਸਪ ਗੱਲ ਇਹ ਕਿ 1933 ਵਿੱਚ ਹੀ ਇੱਕ ਵਿਦਿਆਰਥੀ ਨੇ ਪਾਕਿਸਤਾਨ ਸ਼ਬਦ ਇਜਾਦ ਕੀਤਾ ਸੀ। ਹਾਲਾਂਕਿ ਉਸ ਸਮੇਂ ਇਹਦਾ ਮੰਤਵ ਇੱਕ ਅਲੱਗ ਦੇਸ਼ ਦੀ ਮੰਗ ਨੂੰ ਲੈ ਕੇ ਨਹੀਂ ਸੀ ਕੀਤਾ ਗਿਆ, ਸਗੋਂ ਬ੍ਰਿਟਿਸ਼ ਹਕੂਮਤ ਦੀ ਪ੍ਰੀਵੀਜ਼ਨਲ ਵੰਡ ਦੇ ਹਿਸਾਬ ਨਾਲ ਹੋਇਆ ਸੀ। ਇਸ ਪ੍ਰੈਜ਼ੀਡੈਂਸੀ ਵਿੱਚ ਪੰਜਾਬ, ਅਫ਼ਗਾਨ, ਕਸ਼ਮੀਰ, ਸਿੰਧ ਤੇ ਬਲੋਚਿਸਤਾਨ ਆਉਂਦੇ ਸਨ, ਉਸ ਨੇ ਪੰਜਾਬ ਦਾ 'ਪ', ਅਫ਼ਗਾਨ ਦਾ 'ਅ', ਕਸ਼ਮੀਰ ਦਾ 'ਕ', ਸਿੰਧ ਦਾ 'ਸ' ਅਤੇ ਬਲੋਚਿਸਤਾਨ ਦਾ 'ਤਾਨ' ਲਫ਼ਜ਼ ਉਠਾ ਕੇ 'ਪਅਕਸਤਾਨ' ਲਫਜ਼ ਇਜ਼ਾਦ ਕੀਤਾ, ਜੋ ਪਿੱਛੋਂ ਉਰਦੂ ਲਹਿਜੇ 'ਚ 'ਪਾਕਿਸਤਾਨ' ਉਚਾਰਿਆ ਜਾਣ ਲੱਗਾ।

ਰੂਸੀ ਇਨਕਲਾਬ ਦੀ ਵਿਚਾਰਧਾਰਾ ਬਰਤਾਨਵੀ ਹਾਕਮਾਂ ਤੇ ਵਿਚਾਰਵਾਨਾਂ ਦੇ ਜਾਂ ਕਹੋ

☛ **ਬਾਕੀ ਸਫ਼ਾ 9 'ਤੇ**

# ਤਨਖਾਹਾਂ ਤੇ ਪੈਨਸ਼ਨਾਂ 'ਚ ਕਟੌਤੀ ਵਿਰੁੱਧ ਬਿਜਲੀ ਕਾਮਿਆਂ ਵੱਲੋਂ ਰੋਸ ਪ੍ਰਦਰਸ਼ਨ







**ਸਮਰਾਲਾ (ਸੁਰਜੀਤ ਸਿੰਘ)**

ਪੰਜਾਬ ਰਾਜ ਪਾਵਰਕਾਮ ਲਿਮ: ਮੰਡਲ ਸਮਰਾਲਾ ਦੀਆਂ ਮੁਲਾਜ਼ਮ ਤੇ ਪੈਨਸ਼ਨਰਜ਼ ਯੂਨੀਅਨਾਂ ਵੱਲੋਂ ਮਹੀਨਾ ਜਨਵਰੀ ਦੀ ਤਨਖਾਹ ਤੇ ਪੈਨਸ਼ਨ ਦੀ ਜਬਰੀ ਕਟੌਤੀ ਸਬੰਧੀ ਇੰਨਡੋਰ ਸ਼ਿਕਾਇਤ ਘਰ ਸਮਰਾਲਾ ਵਿਖੇ ਸਿਕੰਦਰ ਸਿੰਘ ਪ੍ਰਧਾਨ ਪੈਨਸ਼ਨਰ ਐਸੋ: ਦੀ ਅਗਵਾਈ ਹੇਠ ਜ਼ੋਰਦਾਰ ਨਿਖੇਧੀ ਕਰਦਿਆਂ ਵਿਸ਼ਾਲ ਰੋਸ ਧਰਨਾ ਤੇ ਮੁਜ਼ਾਹਰਾ ਕੀਤਾ ਗਿਆ। ਵਿਸ਼ਾਲ ਰੋਸ ਧਰਨੇ ਉਪਰੰਤ ਸ਼ਹਿਰ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ ਤੇ ਆਪਣੀਆਂ ਮੰਗਾਂ ਸਬੰਧੀ ਮੁੱਖ ਮੰਤਰੀ ਪੰਜਾਬ, ਚੇਅਰਮੈਨ ਪਾਵਰ ਕਾਰਪੋਰੇਸ਼ਨ, ਚੇਅਰਮੈਨ ਟ੍ਰਾਂਸਕੋ ਨੂੰ ਮੰਗ ਪੱਤਰ ਤਹਿਸੀਲਦਾਰ ਸਮਰਾਲਾ ਰਾਹੀਂ ਭੇਜਿਆ ਗਿਆ। ਤਹਿਸੀਲਦਾਰ ਨੇ ਮੰਗ ਪੱਤਰ ਪ੍ਰਾਪਤ ਕਰਦੇ ਹੋਏ ਉਕਤ ਮੰਗ ਪੱਤਰ ਅੱਗੇ ਭੇਜਣ ਦਾ ਭਰੋਸਾ ਦਿਵਾਇਆ।

ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਪੈਨਸ਼ਨਰਜ਼ ਐਸੋਸੀਏਸ਼ਨ ਮੰਡਲ ਸਮਰਾਲਾ ਦੇ ਪ੍ਰਧਾਨ ਸਿਕੰਦਰ ਸਿੰਘ ਨੇ ਦੱਸਿਆ ਕਿ ਸਰਕਾਰ ਦੀਆਂ ਲੋਕ ਤੇ ਮੁਲਾਜ਼ਮ ਵਿਰੋਧੀ ਨੀਤੀਆਂ ਕਾਰਨ ਬਿਜਲੀ ਅਦਾਰੇ ਅੰਦਰ ਆਏ ਆਰਥਿਕ ਸਮੱਸਿਆਵਾਂ ਦਾ ਭਾਰ ਮੁਲਾਜ਼ਮ ਤੇ ਪੈਨਸ਼ਨਰਾਂ ਵੱਲ ਧੱਕਿਆ ਜਾ ਰਿਹਾ ਹੈ। ਬਿਜਲੀ ਬੋਰਡ ਤੋੜਨ ਮੌਕੇ ਸਰਕਾਰਾਂ ਤੇ ਮੈਨੇਜਮੈਂਟਾਂ ਦੇ ਉਨ੍ਹਾਂ ਵਾਅਦਿਆਂ ਦੀ ਫੂਕ ਕੱਢਦੇ ਹੋਏ ਨਿੱਜੀਕਰਨ ਦੇ ਹੋਕੇ ਨੂੰ ਅੱਗੇ ਵਧਾਇਆ ਜਾ ਰਿਹਾ ਹੈ। ਪੱਕੀ ਭਰਤੀ ਨਹੀਂ ਕੀਤੀ ਜਾ ਰਹੀ, ਜਿਹੜੇ ਭਰਤੀ ਕੀਤੇ ਹਨ, ਉਨ੍ਹਾਂ ਨੂੰ ਤਿੰਨ ਤਿੰਨ ਸਾਲਾਂ ਬਾਅਦ ਵੀ ਪੱਕਾ ਨਹੀਂ ਕੀਤਾ ਜਾ ਰਿਹਾ। ਪੈਨਸ਼ਨਾਂ/ ਤਨਖਾਹਾਂ ਰੋਕਣਾ ਸਰਕਾਰ ਦੀ ਉਸੇ ਨੀਤੀ ਤਹਿਤ ਹਨ, ਕਿਉਂਕਿ ਸਰਕਾਰਾਂ ਨਿੱਜੀਕਰਨ ਦੇ ਹੱਲੇ ਨੂੰ ਅੱਗੇ ਵਧਾਉਣਾ ਚਾਹੁੰਦੇ ਹਨ, ਜਿਸ ਤਹਿਤ ਤਨਖਾਹਾਂ ਤੇ ਪੈਨਸ਼ਨਾਂ ਵਿੱਚ ਪੱਕੀ ਕਟੌਤੀ ਕਰਨ ਦੇ ਮਨਸੂਬੇ ਨੂੰ ਪੂਰਾ ਕਰਨਾ ਚਾਹੁੰਦੀ ਹੈ। ਇਸ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਮੰਗ ਕੀਤੀ ਗਈ ਕਿ ਜਬਰੀ ਤਨਖਾਹਾਂ/ਪੈਨਸ਼ਨਾਂ ਦੀ ਕਟੌਤੀ ਤੁਰੰਤ ਰਿਲੀਜ਼ ਕੀਤੀ ਜਾਵੇ, ਟ੍ਰਾਂਸਕੋ ਦੇ ਮੁਲਾਜ਼ਮਾਂ/ਪੈਨਸ਼ਨਰਾਂ ਦੀਆਂ ਤਨਖਾਹਾਂ ਤੇ ਪੈਨਸ਼ਨਾਂ ਰਿਲੀਜ਼ ਕੀਤੀਆਂ ਜਾਣ, ਮੁਲਾਜ਼ਮਾਂ/ਪੈਨਸ਼ਨਰਾਂ ਦੇ ਸਕੇਲਾਂ ਦੀ ਸੁਧਾਈ ਕਰਕੇ ਬਕਾਇਆ ਦਿੱਤਾ ਜਾਵੇ, ਮਹਿੰਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾਂ ਤੇ ਬਕਾਏ ਦਿੱਤੇ ਜਾਣ।

ਬੁਲਾਰਿਆਂ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਅੱਜ ਤਨਖਾਹਾਂ ਤੇ ਪੈਨਸ਼ਨਾਂ ਤੁਰੰਤ ਰਿਲੀਜ਼ ਨਾ ਕੀਤੀਆਂ ਤਾਂ 3 ਫਰਵਰੀ ਤੋਂ ਸਮੁੱਚੇ ਮੁਲਾਜ਼ਮ ਕੰਮਕਾਰ ਛੱਡ ਪੈਨਸ਼ਨਰਾਂ ਨਾਲ ਮਿਲ ਕੇ ਰੋਸ ਪ੍ਰਦਰਸ਼ਨ ਕਰਨਗੇ ਅਤੇ ਇਸ ਉਪਰੰਤ 5 ਫਰਵਰੀ ਨੂੰ ਮੁੱਖ ਦਫਤਰ ਪਟਿਆਲਾ ਦਾ ਘਿਰਾਓ ਕੀਤਾ ਜਾਵੇਗਾ।

ਰੋਸ ਪ੍ਰਦਰਸ਼ਨ ਨੂੰ ਅਧਿਆਪਕ ਆਗੂ ਕੁਲਵੰਤ ਤਰਕ, ਸਿਕੰਦਰ ਸਿੰਘ ਮੰਡਲ ਪ੍ਰਧਾਨ, ਭਰਪੂਰ ਸਿੰਘ ਸਰਕਲ ਪ੍ਰਧਾਨ, ਸੰਗਤ ਸਿੰਘ ਸੇਖੋਂ ਮੰਡਲ ਪ੍ਰਧਾਨ ਟੀ ਐੱਸ ਯੂ, ਸੁਖਦਰਸ਼ਨ ਸਿੰਘ ਮੰਡਲ ਸਕੱਤਰ, ਇੰਜੀ. ਪ੍ਰੇਮ ਸਿੰਘ ਸੀਨੀਅਰ ਮੀਤ ਪ੍ਰਧਾਨ, ਸਾਥੀ ਹਰਪਾਲ ਸਿੰਘ ਸਿਹਾਲਾ, ਇੰਜ: ਜੁਗਲ ਕਿਸ਼ੋਰ ਸਾਹਨੀ ਸਹਾਇਕ ਸਕੱਤਰ, ਦਰਸ਼ਨ ਸਿੰਘ ਢੰਡਾ, ਜਗਤਾਰ ਸਿੰਘ ਪ੍ਰੈੱਸ ਸਕੱਤਰ, ਪਰੇਮ ਕੁਮਾਰ ਸਰਕਲ ਆਗੂ, ਸੁਰਜੀਤ ਸਿੰਘ ਸਮਰਾਲਾ, ਦਰਸ਼ਨ ਸਿੰਘ ਕੋਟਾਲਾ, ਦਰਸ਼ਨ ਸਿੰਘ ਖਜ਼ਾਨਚੀ, ਭੁਪਿੰਦਰਪਾਲ ਸਿੰਘ ਚਹਿਲਾਂ, ਰੁਲਦਾ ਸਿੰਘ ਮੰਡਲ ਸਕੱਤਰ, ਪ੍ਰੇਮ ਸਿੰਘ ਧਨੌਲਾ ਆਦਿ ਨੇ ਸੰਬੋਧਨ ਕੀਤਾ। ਅਖੀਰ ਵਿੱਚ ਪ੍ਰਧਾਨ ਸਿਕੰਦਰ ਸਿੰਘ ਨੇ ਰੋਸ ਧਰਨੇ ਵਿੱਚ ਆਏ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਧੰਨਵਾਦ ਕੀਤਾ।

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)** : ਸਾਂਝਾ ਫੋਰਮ ਪੰਜਾਬ ਦੇ ਸੱਦੇ 'ਤੇ ਟੈਕਨੀਕਲ ਸਰਵਿਸਜ਼ ਯੂਨੀਅਨ ਵੱਲੋਂ ਲਗਾਤਾਰ ਦੂਜੇ ਦਿਨ ਵੀ ਸਬ ਡਵੀਜ਼ਨ ਗੁਰੂ ਹਰਸਹਾਏ ਵਿਖੇ ਪਾਵਰਕੌਮ ਮੈਨੇਜਮੈਂਟ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ। ਪੰਜਾਬ ਸਰਕਾਰ ਤੇ ਬਿਜਲੀ ਬੋਰਡ ਦੀ ਮੈਨੇਜਮੈਂਟ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਦੀ ਵੱਖ ਵੱਖ ਬੁਲਾਰਿਆਂ ਵੱਲੋਂ ਨਿਖੇਧੀ ਕੀਤੀ ਗਈ। ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਨਿੱਤ ਨਵੇਂ ਤੋਂ ਨਵਾਂ ਕਾਨੂੰਨ ਬਣਾ ਰਹੀ ਹੈ ਤਾਂ ਜੋ ਮੁਲਾਜ਼ਮਾਂ ਨੂੰ ਦਬਾਇਆ ਜਾ ਸਕੇ। ਜਿਵੇਂ ਜਨਵਰੀ ਮਹੀਨੇ ਦੀ ਤਨਖਾਹ ਰੋਕ ਕੇ ਮੁਲਾਜ਼ਮਾਂ ਨੂੰ ਖੱਜਲ ਖੁਆਰ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾ ਹਮੇਸ਼ਾ ਹੀ ਮਹੀਨੇ ਦੇ ਆਖਰੀ 3 ਦਿਨਾਂ ਵਿੱਚ ਤਨਖਾਹਾਂ ਰਿਲੀਜ਼ ਕਰ ਦਿੱਤੀਆਂ ਜਾਂਦੀਆਂ ਸੀ। ਹੋਲੀ ਹੋਲੀ ਤਨਖਾਹਾਂ ਲੇਟ ਹੁੰਦੀਆਂ ਅੱਜ 2 ਫਰਵਰੀ ਨੂੰ ਵੀ ਨਹੀਂ ਮਿਲ ਰਹੀਆਂ। ਬੁਲਾਰੇ ਸਾਥੀਆਂ ਨੇ ਸਰਕਾਰ ਤੇ ਮੈਨੇਜਮੈਂਟ ਤੋਂ ਮੰਗ ਕੀਤੀ ਕਿ ਬਿਜਲੀ ਮੁਲਾਜ਼ਮਾਂ ਦੀਆਂ ਪੂਰੀਆਂ ਤਨਖਾਹਾਂ ਜਾਰੀ ਕੀਤੀਆਂ ਜਾਣ, ਤੇ ਜੁਆਇੰਟ ਫੋਰਮ ਪੰਜਾਬ ਵੱਲੋਂ ਦਿੱਤੇ ਗਏ ਮੰਗ ਪੱਤਰ 'ਚ ਦਰਜ ਮੰਗਾਂ ਨੂੰ ਜਲਦੀ ਤੋਂ ਜਲਦੀ ਲਾਗੂ ਕੀਤਾ ਜਾਵੇ ਅਤੇ ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਸੰਘਰਸ਼ ਨੂੰ ਹੋਰ ਤਿੱਖਾ ਤੇ ਤੇਜ਼ ਕੀਤਾ ਜਾਵੇਗਾ, ਜਿਸ ਤੋਂ ਨਿਕਲਣ ਵਾਲੇ ਚੰਗੇ ਮਾੜੇ ਸਿੱਟਿਆਂ ਦੀ ਜ਼ਿੰਮੇਵਾਰੀ ਪਾਵਰਕਾਮ ਮੈਨੇਜਮੈਂਟ ਤੇ ਪੰਜਾਬ ਸਰਕਾਰ ਦੀ ਹੋਵੇਗੀ। ਇਸ ਰੈਲੀ ਦੀ ਪ੍ਰਧਾਨਗੀ ਸਾਥੀ ਨਾਨਕ ਚੰਦ ਪ੍ਰਧਾਨ ਸ਼ਹਿਰੀ ਸਬ ਡਵੀਜ਼ਨ ਨੇ ਕੀਤੀ। ਰੈਲੀ ਵਿੱਚ ਵੱਖ ਵੱਖ ਬੁਲਾਰਿਆਂ ਤੋਂ ਇਲਾਵਾ ਇੰਜ. ਸ਼ਿੰਗਾਰ ਚੰਦ ਮਹਿਰੋਕ ਸਰਕਲ ਸਕੱਤਰ ਫਿਰੋਜ਼ਪੁਰ, ਸੁਰਿੰਦਰ ਕੁਮਾਰ ਪ੍ਰਧਾਨ, ਬਲਵੀਰ ਕੁਮਾਰ, ਬਲਕਾਰ ਚੰਦ, ਜਸਵਿੰਦਰਪਾਲ, ਸੰਦੀਪ ਕੁਮਾਰ ਤੇ ਸੁਖਦੇਵ ਸਿੰਘ ਨੇ ਸੰਬੋਧਨ ਕੀਤਾ। ਇਸ ਤੋਂ ਇਲਾਵਾ ਪੈਨਸ਼ਨਰਜ਼ ਐਸੋਸੀਏਸ਼ਨ ਦੇ ਆਗੂ ਸਾਥੀ ਸੁਰਜੀਤ ਸਿੰਘ, ਬਲਦੇਵ ਸਿੰਘ, ਬਲਵਿੰਦਰ ਸਿੰਘ ਤੇ ਵੱਡੀ ਗਿਣਤੀ ਵਿੱਚ ਪੈਨਸ਼ਨਰ ਸਾਥੀ ਸ਼ਾਮਲ ਹੋਏ।

# ਇਨਸਾਫ਼ ਲਈ ਹਲਕਾ ਭੁੱਚੋ ਤੇ ਤਲਵੰਡੀ ਦੇ ਵਿਧਾਇਕਾਂ ਨੂੰ ਮੈਮੋਰੰਡਮ ਦਿੱਤੇ



**ਬਠਿੰਡਾ (ਬਖਤੌਰ ਢਿੱਲੋਂ)**

ਖੇਤੀਬਾੜੀ ਵਿਭਾਗ ਦੇ ਮੁਲਾਜ਼ਮਾਂ ਵੱਲੋਂ ਵਿੱਢੇ ਸੰਘਰਸ਼ ਨੂੰ ਤੇਜ਼ ਕਰਦਿਆਂ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਜਾਰੀ ਕੀਤੇ ਨੋਟਿਸ ਰੱਦ ਕਰਵਾਉਣ ਲਈ ਵਿਧਾਇਕਾਂ ਨੂੰ ਮੈਮੋਰੰਡਮ ਦੇਣ ਦੀ ਲੜੀ ਤਹਿਤ ਅੱਜ ਸ੍ਰੀ ਜਗਸੀਰ ਸਿੰਘ ਵਿਧਾਇਕ ਭੁੱਚੋ ਤੇ ਬੀਬੀ ਬਲਜਿੰਦਰ ਕੌਰ ਵਿਧਾਇਕ ਤਲਵੰਡੀ ਸਾਬੋ ਨੂੰ ਮੈਮੋਰੰਡਮ ਦਿੱਤਾ। ਸ੍ਰੀ ਮਨਜਿੰਦਰ ਸਿੰਘ ਦੀ ਅਗਵਾਈ ਵਿੱਚ ਇੱਕ ਵਫ਼ਦ ਨੇ ਸ੍ਰੀ ਜਗਸੀਰ ਸਿੰਘ ਐੱਮ ਐੱਲ ਏ ਨੂੰ ਮੈਮੋਰੰਡਮ ਰਾਹੀਂ ਦੱਸਿਆ ਕਿ ਮੁਲਾਜ਼ਮਾਂ ਨੇ ਸਬਸਿਡੀ ਤੇ ਦਿੱਤੀ ਜਾਣ ਵਾਲੀ ਮਸ਼ੀਨਰੀ ਦੀ ਸਹੀ ਵੈਰੀਫਿਕੇਸ਼ਨ ਕੀਤੀ ਸੀ। ਅਧਿਕਾਰੀਆਂ ਜਾਂ ਕਰਮਚਾਰੀਆਂ ਵੱਲੋਂ ਵਿਭਾਗ ਦੇ ਨਿਰਦੇਸ਼ਾਂ ਵਿੱਚ ਕੋਈ ਕੁਤਾਹੀ ਨਹੀਂ ਕੀਤੀ। ਕਰੀਬ ਚਾਰ ਸਾਲਾਂ ਬਾਅਦ ਦੁਬਾਰਾ ਵੈਰੀਫਿਕੇਸ਼ਨ ਕਰਨ ਤੇ ਮੁਲਾਜ਼ਮਾਂ ਨੇ ਸਿਰਫ਼ ਦਸ ਫੀਸਦੀ ਮਸ਼ੀਨਰੀ ਨਾ ਮਿਲਣ ਦੀ ਰਿਪੋਰਟ ਭੇਜੀ, ਪਰ ਵਿਭਾਗ ਨੇ ਉੱਚ ਅਧਿਕਾਰੀਆਂ ਨੇ ਆਪਣੇ ਮੁਲਾਜ਼ਮਾਂ ਨੂੰ ਹੀ ਦੋਸ਼ੀ ਮੰਨਦਿਆਂ ਨੋਟਿਸ ਜਾਰੀ ਕਰ ਦਿੱਤੇ ਹਨ। ਜਥੇਬੰਦੀ ਆਗੂਆਂ ਦਾ ਕਹਿਣਾ ਹੈ ਕਿ ਪ੍ਰਬੰਧਨ ਲਈ ਕੁੱਝ ਕਿਸਾਨਾਂ ਨੇ ਨਵੀਂ ਤਕਨੀਕ ਅਪਣਾਉਂਦਿਆਂ ਨਵੀਂ ਮਸ਼ੀਨਰੀ ਲੈਣ ਲਈ ਪੁਰਾਣੀ ਦੀ ਵਿਕਰੀ ਕੀਤੀ। ਹੁਣ ਨੋਟਿਸ ਕੱਢਣ ਨਾਲ ਕਿਸਾਨੀ ਨੂੰ ਉੱਚਾ ਚੁੱਕਣ ਲਈ ਕੰਮ ਕਰਨ ਵਾਲੇ ਅਧਿਕਾਰੀਆਂ ਮੁਲਾਜ਼ਮਾਂ ਦਾ ਮਨੋਬਲ ਡਿੱਗ ਰਿਹਾ ਹੈ। ਵਫ਼ਦ ਵਿੱਚ ਮਨਜਿੰਦਰ ਸਿੰਘ, ਵਿਕਰਮ ਸਿੰਘ, ਗੁਰਪ੍ਰੀਤ ਸਿੰਘ ਤੇ ਗੁਰਜੀਤ ਵਿਰਕ ਵੀ ਮੌਜੂਦ ਸਨ। ਇਸੇ ਤਰ੍ਹਾਂ ਬੀਬੀ ਬਲਜਿੰਦਰ ਕੌਰ ਨੂੰ ਮੈਮੋਰੰਡਮ ਦੇਣ ਵਾਲੇ ਵਫ਼ਦ ਵਿੱਚ ਸਰਵਸ੍ਰੀ ਬਲਤੇਜ ਸਿੰਘ, ਪਰਨੂਰ ਸਿੰਘ, ਸੰਦੀਪ ਸਿੰਘ, ਅਮਨਦੀਪ ਸਿੰਘ ਸ਼ਾਮਲ ਸਨ। ਦੋਵਾਂ ਵਫ਼ਦਾਂ ਨੇ ਮੰਗ ਕੀਤੀ ਕਿ ਬੇਕਸੂਰ ਮੁਲਾਜ਼ਮਾਂ ਨੂੰ ਜਾਰੀ ਕੀਤੇ ਨੋਟਿਸ ਤੁਰੰਤ ਰੱਦ ਕੀਤੇ ਜਾਣ, ਤਾਂ ਜੋ ਮੁਲਾਜ਼ਮ ਕਿਸਾਨੀ ਦੀ ਭਲਾਈ ਲਈ ਆਪਣੀ ਡਿਊਟੀ ਸੁਹਿਰਦਤਾ ਨਾਲ ਨਿਭਾਅ ਸਕਣ। ਦੋਵਾਂ ਵਿਧਾਇਕਾਂ ਨੇ ਵਫ਼ਦ ਦੀ ਮੰਗ ਸਬੰਧੀ ਪੂਰੀ ਜਾਣਕਾਰੀ ਹਾਸਲ ਕੀਤੀ ਤੇ ਇਨਸਾਫ਼ ਦੇਣ ਦਾ ਭਰੋਸਾ ਦਿੱਤਾ।

## ਕਾਤਰਾਂ

### ਡੀ ਐੱਸ ਪੀ ਜਸਜੋਤ ਸਿੰਘ ਨੇ ਸੰਭਾਲਿਆ ਚਾਰਜ



**ਜਗਰਾਉਂ (ਸੰਜੀਵ ਅਰੋੜਾ)**-ਪੰਜਾਬ ਸਰਕਾਰ ਵੱਲੋਂ ਕੀਤੀਆਂ ਗਈਆਂ ਬਦਲੀਆਂ ਦੇ ਤਹਿਤ ਡੀ ਐੱਸ ਪੀ ਜਸਜੋਤ ਸਿੰਘ ਨੇ ਜਗਰਾਉਂ ਵਿਖੇ ਆਪਣਾ ਅਹੁਦਾ ਸੰਭਾਲ ਲਿਆ। ਇਸ ਤੋਂ ਪਹਿਲਾਂ ਇਸ ਅਹੁਦੇ ਉੱਪਰ ਡੀਐੱਸਪੀ ਸਤਵਿੰਦਰ ਸਿੰਘ ਵਿਰਕ ਸੇਵਾਵਾਂ ਨਿਭਾਅ ਰਹੇ ਸਨ। ਅਹੁਦਾ ਸੰਭਾਲਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾ ਕਿਹਾ ਕਿ ਸ਼ਹਿਰ ਦੇ ਅੰਦਰ ਕਾਨੂੰਨ ਵਿਵਸਥਾ ਦਾ ਪੂਰਾ ਖਿਆਲ ਰੱਖਿਆ ਜਾਵੇਗਾ ਤੇ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇਗਾ। ਉਨ੍ਹਾ ਕਿਹਾ ਕਿ ਪੁਲਸ ਤੇ ਪਬਲਿਕ ਵਿੱਚ ਆਪਸੀ ਤਾਲਮੇਲ ਨੂੰ ਵਧੀਆ ਬਣਾਉਣ ਲਈ ਯਤਨ ਕੀਤੇ ਜਾਣਗੇ। ਉਨ੍ਹਾ ਚੋਰਾਂ, ਸਮਗਲਰਾਂ ਤੇ ਸਮਾਜ ਵਿਰੋਧੀ ਅਨਸਰਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਆਪਣੀਆਂ ਹਰਕਤਾਂ ਤੋਂ ਬਾਜ਼ ਆਉਣ, ਨਹੀਂ ਤਾਂ ਨਤੀਜੇ ਭੁਗਤਣੇ ਪੈਣਗੇ।

### ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਮੁਜ਼ਾਹਰਾ ਅੱਜ

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਭਾਨਾ ਸਿੱਧੂ ਦੀ ਆਵਾਜ਼ ਨੂੰ ਦਬਾਉਣ ਲਈ ਲਗਾਤਾਰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਕਹਿਣ 'ਤੇ ਪ੍ਰਸ਼ਾਸਨ ਵੱਲੋਂ ਲਗਾਤਾਰ ਝੂਠੇ ਮੁਕੱਦਮੇ ਦਰਜ ਕੀਤੇ ਜਾ ਰਹੇ ਹਨ, ਪਰ ਇਨ੍ਹਾਂ ਝੂਠੇ ਮੁਕੱਦਮਿਆਂ ਦੇ ਨਾਲ ਭਾਨਾ ਸਿੱਧੂ ਦੀ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਫ਼ਤਿਹ) ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਤੇ ਕਿਸਾਨ ਯੂਨੀਅਨ ਅੰਮ੍ਰਿਤਸਰ ਦੇ ਸੀਨੀਅਰ ਮੀਤ ਪ੍ਰਧਾਨ ਅੰਮ੍ਰਿਤਪਾਲ ਸਿੰਘ ਸਿੱਧੂ ਲੌਂਗੋਵਾਲ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਨੇ ਇਸ ਜਬਰ ਖਿਲਾਫ, ਜੋ 3 ਫਰਵਰੀ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਰਿਹਾਇਸ਼ ਅੱਗੇ ਇੱਕ ਵਿਸ਼ੇਸ਼ ਇਕੱਠ ਸੱਦਿਆ ਗਿਆ ਹੈ, ਉਸ ਵਿੱਚ ਸਮੁੱਚੀ ਜਥੇਬੰਦੀ ਸ਼ਮੂਲੀਅਤ ਕਰੇਗੀ।

### ਹੈਰੋਇਨ ਸਮੇਤ ਦੋ ਕਾਬੂ

**ਜਗਰਾਉਂ (ਅਮਿਤ ਖੰਨਾ)**-ਸੀ ਆਈ ਏ ਸਟਾਫ ਜਗਰਾਉਂ ਵੱਲੋਂ ਦੋ ਨਸ਼ਾ ਤਸਕਰ ਕਾਬੂ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਸੀ ਆਈ ਏ ਸਟਾਫ ਜਗਰਾਉਂ ਦੇ ਮੁਖੀ ਇੰਸਪੈਕਟਰ ਕਿੱਕਰ ਸਿੰਘ ਤੋਂ ਮਿਲੀ ਜਾਣਕਾਰੀ ਮੁਤਾਬਕ ਏਐਸਆਈ ਲਖਬੀਰ ਸਿੰਘ ਸੀ ਆਈ ਏ ਸਟਾਫ ਜਗਰਾਉਂ ਆਪਣੇ ਸਾਥੀ ਕਰਮਚਾਰੀਆਂ ਨਾਲ ਤਹਿਸੀਲ ਚੌਕ ਮੌਜੂਦ ਸਨ, ਤਾਂ ਉਨ੍ਹਾਂ ਨੂੰ ਇਤਲਾਹ ਮਿਲੀ ਕਿ ਹਰਸਿਮਰਨਜੀਤ ਸਿੰਘ ਉਰਫ ਸੀਤਾ ਪੁੱਤਰ ਗੁਰਚਰਨ ਸਿੰਘ ਅਤੇ ਰਣਜੀਤ ਸਿੰਘ ਉਰਫ ਰਿੰਕੂ ਪੁੱਤਰ ਦਰਸਨ ਸਿੰਘ ਵਾਸੀਆਨ ਪੱਤੀ ਬਾਵਾ, ਪਿੰਡ ਮਾਣੂੰਕੇ ਜੋ ਕਿ ਅੱਜਕੱਲ੍ਹ ਹੈਰੋਇਨ ਵੇਚਣ ਦਾ ਕੰਮ ਕਰਦੇ ਹਨ, ਦੋਵੇਂ ਜਾਣੇ ਸਵਿਫਟ ਡਿਜ਼ਾਇਰ ਕਾਰ ਰੰਗ ਸਿਲਵਰ ਨੰਬਰ ਪੀ ਬੀ 29 ਏ ਐੱਫ 3091 ਉੱਪਰ ਸਵਾਰ ਹੋ ਕੇ ਹੈਰੋਇਨ ਵੇਚਣ ਲਈ ਡਿਸਪੋਜ਼ਲ ਰੋਡ ਜਗਰਾਉਂ ਤੋਂ ਲੰਡੇ ਫਾਟਕ ਜਗਰਾਉਂ ਨੂੰ ਆ ਰਹੇ ਹਨ, ਜਿਨ੍ਹਾਂ ਨੂੰ ਲੰਡੇ ਫਾਟਕ ਨਾਕਾ ਲਗਾ ਕੇ ਕਾਬੂ ਕੀਤਾ ਗਿਆ ਹੈ। ਦੋਸ਼ੀਆਂ ਕੋਲੋਂ 50 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ।

# 16 ਦੇ ਭਾਰਤ ਬੰਦ ਦੇ ਸੱਦੇ ਨੂੰ ਸਫਲ ਬਣਾਉਣ ਲਈ ਵੱਖ-ਵੱਖ ਜਥੇਬੰਦੀਆਂ ਦੀ ਸਾਂਝੀ ਮੀਟਿੰਗ

## ਸਮਾਜ ਦੇ ਸਾਰੇ ਵਰਗਾਂ ਨੂੰ ਬੰਦ 'ਚ ਸ਼ਾਮਲ ਹੋਣ ਦੀ ਅਪੀਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਚਾਵਲਾ, ਪਰਮਜੀਤ ਸਿੰਘ, ਪੂਜਾ)**-ਸੰਯੁਕਤ ਕਿਸਾਨ ਮੋਰਚਾ ਤੇ ਟਰੇਡ ਯੂਨੀਅਨਾਂ ਵੱਲੋਂ ਦਿੱਤੇ 16 ਫਰਵਰੀ ਦੇ ਭਾਰਤ ਬੰਦ ਦੇ ਸੱਦੇ ਨੂੰ ਸਫਲ ਬਣਾਉਣ ਲਈ ਜ਼ੋਰਦਾਰ ਤਿਆਰੀਆਂ ਵਿੱਢਣ ਖਾਤਰ ਅੱਜ ਭਾਈ ਮਹਾਂ ਸਿੰਘ ਹਾਲ ਵਿਖੇ ਵੱਖ ਵੱਖ ਵਰਗਾਂ ਨਾਲ ਸਬੰਧਤ ਜਥੇਬੰਦੀਆਂ ਦੀ ਹੋਈ। ਇਸ ਭਰਵੀਂ ਮੀਟਿੰਗ ਵਿੱਚ ਆੜਤੀ ਐਸੋਸੀਏਸ਼ਨਾਂ, ਦੇ ਧੰਦੇ ਨਾਲ ਜੁੜੀਆਂ ਜੱਥੇਬੰਦੀਆਂ, ਪੇਂਡੂ/ਖੇਤ ਮਜ਼ਦੂਰ, ਉਸਾਰੀ ਤੇ ਮਨਰੇਗਾ ਕਾਮੇ, ਬਿਜਲੀ, ਰੋਡਵੇਜ਼, ਰੇਲਵੇ,ਬੈਂਕ, ਅਧਿਆਪਕ ਤੇ ਹੋਰ ਮੁਲਾਜ਼ਮ ਜਥੇਬੰਦੀਆਂ, ਵਿਦਿਆਰਥੀ, ਨੌਜਵਾਨ ਤੇ ਔਰਤਾਂ ਦੀਆਂ 26 ਦੇ ਲਗਭਗ ਜਥੇਬੰਦੀਆਂ ਨੇ ਮੀਟਿੰਗ ਵਿੱਚ ਸ਼ਮੂਲੀਅਤ ਕਰਕੇ 16 ਫਰਵਰੀ ਦੇ ਭਾਰਤ ਬੰਦ ਦੇ ਸੱਦੇ ਨੂੰ ਸਫਲ ਬਣਾਉਣ ਲਈ ਦਿਨ-ਰਾਤ ਇੱਕ ਕਰਨ ਦਾ ਅਹਿਦ ਲਿਆ। ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਝਬੇਲ ਵਾਲੀ, ਬੀਕੇਯੂ ਕਾਦੀਆਂ ਦੇ ਜ਼ਿਲ੍ਹਾ ਪ੍ਰਧਾਨ ਹਰਮਨਦੀਪ ਬਾਂਮ, ਕੌਮੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰੁਪਿੰਦਰ ਸਿੰਘ ਡੋਹਕ, ਬੀਕੇਯੂ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ, ਬੀਕੇਯੂ ਡਕੌਂਦਾ (ਧਨੇਰ) ਦੇ ਜ਼ਿਲ੍ਹਾ ਆਗੂ ਕੁਲਵਿੰਦਰ ਸਿੰਘ ਪੰਨੀ ਵਾਲਾ, ਬੀਕੇਯੂ ਮਾਲਵਾ ਦੇ ਜ਼ਿਲ੍ਹਾ ਆਗੂ ਸੁਖਦੇਵ ਸਿੰਘ ਨਵਾਂ ਭੁੱਲਰ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਜਨਰਲ ਸਕੱਤਰ ਸੁਖਚੈਨ ਸਿੰਘ ਪੱਕੀ ਟਿੱਬੀ, ਬੀ ਕੇ ਯੂ ਡਕੌਂਦਾ (ਬੁਰਜ ਗਿੱਲ) ਦੇ ਜ਼ਿਲ੍ਹਾ ਆਗੂ ਅਮਨਦੀਪ ਸਿੰਘ ਹਰੀਕੇ, ਕੁੱਲ ਹਿੰਦ ਕਿਸਾਨ ਸਭਾ (ਅਜੇ ਭਵਨ) ਦੇ ਜ਼ਿਲ੍ਹਾ ਪ੍ਰਧਾਨ ਚਰਨਜੀਤ ਸਿੰਘ ਵਣਵਾਲਾ, ਕੁੱਲ ਹਿੰਦ ਕਿਸਾਨ ਸਭਾ( ਪੁੰਨਾਂਵਾਲ) ਦੇ ਜ਼ਿਲ੍ਹਾ ਪ੍ਰਧਾਨ ਧਰਮਪਾਲ ਸਿੰਘ ਝਬੇਲਵਾਲੀ, ਬੀਕੇਯੂ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਗੋਬਿੰਦ ਸਿੰਘ ਕੋਟਲੀ, ਨਰੇਗਾ ਰੁਜ਼ਗਾਰ ਪ੍ਰਾਪਤੀ ਯੂਨੀਅਨ ਦੇ ਮੁੱਖ ਸੂਬਾ ਸਲਾਹਕਾਰ ਕਾਮਰੇਡ ਜਗਰੂਪ ਸਿੰਘ ਖੂਨਣ ਕਲਾਂ, ਪੰਜਾਬ ਰੋਡਵੇਜ਼ ਪਨਬੱਸ /ਪੀਆਰਟੀਸੀ ਕੰਟਰੈਕਟ ਵਰਕਰ ਯੂਨੀਅਨ 25/11ਦੇ ਸਰਪ੍ਰਸਤ ਕਮਲ ਕੁਮਾਰ, ਆੜ੍ਹਤੀਆ ਐਸੋਸੀਏਸ਼ਨ ਕੱਚਾ ਦੇ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਸਿੰਘ ਉੜਾਂਗ, ਗੌਰਮਿੰਟ ਟਰਾਂਸਪੋਰਟ ਯੂਨੀਅਨ ਦੇ ਅੰਗਰੇਜ ਸਿੰਘ, ਪੰਜਾਬ ਸੁਬਾਡੀਨੇਟ ਸਰਵਿਸ ਫੈਡਰੇਸ਼ਨ (ਵਿਗਿਆਨ) ਦੇ ਜਰਨਲ ਸਕੱਤਰ ਸੁਖਵਿੰਦਰ ਸਿੰਘ, ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਲਖਵੰਤ ਸਿੰਘ ਕਿਰਤੀ, ਨੌਜਵਾਨ ਭਾਰਤ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਖੋਖਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਕਾਕਾ ਸਿੰਘ ਖੁੰਡੇ ਹਲਾਲ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਆਗੂ ਸੁਖਵਿੰਦਰ ਕੁਮਾਰ ਮਲੋਟ, ਡੈਮੋਕਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਪਾਵਨ ਕੁਮਾਰ, ਨਰੇਗਾ ਰੁਜ਼ਗਾਰ ਪ੍ਰਾਪਤੀ ਯੂਨੀਅਨ ਦੇ ਤਰਸੇਮ ਲਾਲ, ਭਾਰਤ ਨਿਰਮਾਣ ਯੂਨੀਅਨ ਦੇ ਕੁਲਵੰਤ ਸਿੰਘ ਸੀਰਵਾਲੀ, ਜੰਗਲਾਤ ਵਰਕਰ ਯੂਨੀਅਨ ਦੇ ਜ਼ਿਲ੍ਹਾ ਆਗੂ ਮਿੰਦਾ ਸਿੰਘ, ਟੈਕਨੀਕਲ ਸਰਵਿਸ ਯੂਨੀਅਨ ਦੇ ਆਗੂ ਅਮਰਜੀਤ ਪਾਲ ਸ਼ਰਮਾ, ਇਰੀਗੇਸ਼ਨ ਇੰਪਲਾਈਜ਼ ਯੂਨੀਅਨ ਦੇ ਕਾਲਾ ਸਿੰਘ ਬੇਦੀ ਨੇ ਬੋਲਦਿਆਂ ਕਿਹਾ ਕਿ 16 ਫਰਵਰੀ ਦਾ ਭਾਰਤ ਬੰਦ ਦੇਸ ਦੇ ਖੇਤੀ ਖੇਤਰ ਸਿੱਖਿਆਂ, ਟਰਾਂਸਪੋਰਟ, ਬਿਜਲੀ ਸਮੇਤ ਪਬਲਿਕ ਸੈਕਟਰ ਉੱਪਰ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਕਾਰਪੋਰੇਟ ਪੱਖੀ ਤੇ ਤਾਨਾਸ਼ਾਹ ਨੀਤੀਆਂ ਵਿਰੁੱਧ ਸਖਤ ਰੋਹ ਦਾ ਪ੍ਰਗਟਾਵਾ ਕਰਨ ਲਈ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬੀਤੇ ਵਿੱਚ ਮੋਦੀ ਸਰਕਾਰ ਕਿਸਾਨਾਂ ਦੀਆਂ ਐਮ ਐਸ ਪੀ ਅਤੇ ਕਰਜ਼ਾ ਮੁਕਤੀ ਅਤੇ ਹੋਰ ਮੰਗਾਂ ਨਾਲ ਸਬੰਧਤ ਮਾਮਲਿਆਂ ਨੂੰ ਮੰਨਣ ਦਾ ਲਿਖਤੀ ਵਾਅਦਾ ਕਰਕੇ ਮੁੱਕਰ ਗਈ ਹੈ। ਉਸ ਨੇ ਇੱਕਲਾ ਕਿਸਾਨਾਂ ਨਾਲ ਹੀ ਵਿਸ਼ਵਾਸਘਾਤ ਨਹੀਂ ਕੀਤਾ ਬਲਕਿ ਸਮਾਜ ਦੇ ਹਰ ਤਬਕਾ ਚਾਹੇ ਉਹ ਮਜ਼ਦੂਰ ਹੋਣ, ਚਾਹੇ ਵਪਾਰੀ ਹੋਣ, ਚਾਹੇ ਮੁਲਾਜ਼ਮ, ਨੌਜਵਾਨ ਤੇ ਔਰਤਾਂ ਹੋਣ ਸੱਭ ਨੂੰ ਹੀ ਆਪਣੀਆਂ ਤਬਾਹਕੁੰਨ ਨੀਤੀਆਂ ਦਾ ਸ਼ਿਕਾਰ ਬਣਾਇਆ ਹੈ। ਉਨ੍ਹਾਂ ਸਾਰੀਆਂ ਜਥੇਬੰਦੀਆਂ ਹਰੇਕ ਵਰਗ ਤੋਂ 16 ਫਰਵਰੀ ਦੇ ਭਾਰਤ ਬੰਦ ਲਈ ਸਹਿਯੋਗ ਤੇ ਸਮਰਥਨ ਦੀ ਅਪੀਲ ਕੀਤੀ। ਮੀਟਿੰਗ ਵਿੱਚ ਹਾਜ਼ਰ ਜਥੇਬੰਦੀਆਂ ਵਿੱਚੋਂ ਬਿਜਲੀ ਤੇ ਰੋਡਵੇਜ਼ ਨਾਲ ਸਬੰਧਤ ਜੱਥੇਬੰਦੀਆਂ ਨੇ ਜਾਣਕਾਰੀ ਦਿੱਤੀ ਕਿ ਉਹ 16 ਨੂੰ ਮੁਕੰਮਲ ਹੜਤਾਲ ਲਈ ਤਿਆਰੀ ਸ਼ੁਰੂ ਕਰ ਚੁੱਕੇ ਹਨ। ਇਸ ਸਬੰਧੀ ਮਹਿਕਮੇ ਨੂੰ ਨੋਟਿਸ ਦੇ ਚੁੱਕੇ ਹਨ।

ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਪੰਜਾਬ ਦੀਆਂ ਟਰਾਂਸਪੋਰਟ ਖੇਤਰ ਨਾਲ ਜੁੜੀਆਂ ਹੋਈਆਂ ਸਾਰੀਆਂ ਜਥੇਬੰਦੀਆਂ ਤੇ ਸਮੁੱਚੇ ਵਪਾਰ ਮੰਡਲਾਂ ਤੱਕ ਪਹੁੰਚ ਕਰਕੇ ਬੰਦ ਵਿੱਚ ਸ਼ਾਮਲ ਹੋਣ ਲਈ ਅਪੀਲ ਕੀਤੀ ਜਾਵੇ। ਅਗਲੀ ਮੀਟਿੰਗ 5 ਫਰਵਰੀ ਨੂੰ ਤਹਿਸੀਲ ਪੱਧਰ 'ਤੇ ਵੀ ਕੀਤੀਆਂ ਜਾਣਗੀਆਂ। ਇਸ ਮੌਕੇ ਸੰਯੁਕਤ ਕਿਸਾਨ ਮੋਰਚਾ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਥਾਂਦੇਵਾਲਾ ਵਾਲਾ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਮੁਕਤਸਰ ਸਾਹਿਬ ਵਿੱਚ ਉਦੇਕਰਨ ਚੌਕ, ਮਲੋਟ ਬਲਾਕ ਵਿੱਚ ਗੁਰੂ ਨਾਨਕ ਚੌਕ, ਲੰਬੀ ਬਲਾਕ ਵਿੱਚ ਖਿਉਵਾਲੀ ਰੋਡ ਤੇ ਬਲਾਕ ਗਿੱਦੜਬਾਹਾ ਦੇ ਦੋਦਾ ਭਲਾਈਆਣਾ ਵਿਚਾਲੇ ਜਾਮ ਲਗਾਏ ਜਾਣਗੇ। ਆਗੂਆਂ ਨੇ ਕਿਹਾ ਕਿ 16 ਫਰਵਰੀ ਨੂੰ ਸਵੇਰ ਤੋਂ ਲੈਕੇ ਸ਼ਾਮ ਦੇ ਚਾਰ ਵਜੇ ਤੱਕ ਮੁਕੰਮਲ ਤੌਰ 'ਤੇ ਬੰਦ ਕੀਤਾ ਜਾਵੇਗਾ। ਇਸ ਮੌਕੇ ਨਿਰਮਲ ਸਿੰਘ ਸੰਗੂਧੌਣ, ਜਥੇਦਾਰ ਹਰਪ੍ਰੀਤ ਸਿੰਘ ਝਬੇਲਵਾਲੀ, ਜਗਸੀਰ ਸਿੰਘ ਚੱਕ ਦੂਹੇਵਾਲਾ, ਸ਼ਿਵਰਾਜ ਸਿੰਘ ਭੰਗਚੜ੍ਹੀ, ਬਲਦੇਵ ਸਿੰਘ ਹਰੀਕੇ, ਮੰਗਲ ਸਿੰਘ ਖੋਖਰ ਨਗਿੰਦਰ ਸਿੰਘ, ਬੋਹੜ ਸਿੰਘ, ਜਸਵਿੰਦਰ ਸਿੰਘ ਆਦਿ ਆਗੂ ਹਾਜ਼ਰ ਸਨ।

# ਸਮਾਜ ਸੇਵੀ ਤੇ ਧਾਰਮਿਕ ਕੰਮਾਂ 'ਚ ਵਰਦਾਨ ਸਾਬਿਤ ਹੋ ਰਹੇ ਹਨ ਪਦਮਸ੍ਰੀ ਰਾਜਿੰਦਰ ਗੁਪਤਾ

*ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਖੇਡਾਂ ਨੂੰ ਕਰ ਰਹੇ ਹਨ ਪ੍ਰਫੁੱਲਤ*

*ਯੰਗ ਸਪੋਰਟਸ ਐਂਡ ਵੈੱਲਫੇਅਰ ਕਲੱਬ ਫਤਿਹਗੜ੍ਹ ਛੰਨਾ ਨੂੰ 51 ਹਜ਼ਾਰ ਦੀ ਰਾਸ਼ੀ ਭੇਟ*



**ਬਰਨਾਲਾ (ਰਾਜਿੰਦਰ ਬਰਾੜ)**-ਟ੍ਰਾਈਡੈਂਟ ਗਰੁੱਪ ਦੇ ਸੰਸਥਾਪਕ ਪਦਮਸ੍ਰੀ ਰਾਜਿੰਦਰ ਗੁਪਤਾ ਧਾਰਮਿਕ ਤੇ ਸਮਾਜਿਕ ਕੰਮਾਂ 'ਚ ਹਮੇਸ਼ਾ ਹੀ ਅੱਗੇ ਰਹਿੰਦੇ ਹਨ। ਜਿੱਥੇ ਇਨ੍ਹਾਂ ਨੇ ਹਜ਼ਾਰਾਂ ਹੀ ਲੋਕਾਂ ਨੂੰ ਰੁਜ਼ਗਾਰ ਦਿੱਤਾ ਹੈ, ਉਸ ਦੇ ਨਾਲ ਨਾਲ ਉਹ ਧਾਰਮਿਕ, ਸਮਾਜਿਕ, ਪਿੰਡਾਂ ਦੇ ਸ਼ਹਿਰਾਂ ਦੇ ਵਿਕਾਸ ਦੇ ਕੰਮਾਂ 'ਚ ਵੀ ਯੋਗਦਾਨ ਦਿੰਦੇ ਰਹਿੰਦੇ ਹਨ। ਇਸੇ ਕੜੀ ਤਹਿਤ ਯੰਗ ਸਪੋਰਟਸ ਐਂਡ ਵੈੱਲਫੇਅਰ ਕਲੱਬ ਪਿੰਡ ਫਤਿਹਗੜ੍ਹ ਛੰਨਾ ਨੂੰ ਉਨ੍ਹਾਂ ਨੇ 51 ਹਜ਼ਾਰ ਰੁਪਏ ਦਿੱਤੇ ਹਨ, ਤਾਂ ਕਿ ਨੌਜਵਾਨਾਂ ਦਾ ਰੁਝਾਨ ਖੇਡਾਂ ਵੱਲ ਬਣਿਆ ਰਹੇ ਤੇ ਨਸ਼ਿਆਂ ਤੋਂ ਉਹ ਦੂਰ ਰਹਿਣ। ਕਲੱਬ ਦੇ ਕੈਸ਼ੀਅਰ ਸ਼ਮਿੰਦਰ ਸਿੰਘ, ਵਾਇਸ ਪ੍ਰਧਾਨ ਮਨਪ੍ਰੀਤ ਸਿੰਘ, ਕਲੱਬ ਮੈਂਬਰ ਜਗਦੀਪ ਸਿੰਘ, ਜੋਗਿੰਦਰ ਸਿੰਘ, ਮੰਗਾ ਸਿੰਘ ਆਦਿ ਨੇ ਪਦਮਸ੍ਰੀ ਰਾਜਿੰਦਰ ਗੁਪਤਾ ਦਾ ਹਾਰਦਿਕ ਧੰਨਵਾਦ ਕੀਤਾ ਹੈ। ਉਨ੍ਹਾ ਦੇ ਕੰਮਾਂ 'ਤੇ ਇਲਾਕਾ ਨਿਵਾਸੀਆਂ ਨੇ ਵੀ ਭਰਪੂਰ ਪ੍ਰਸ਼ੰਸਾ ਕੀਤੀ ਹੈ। ਉਨ੍ਹਾਂ ਕਿਹਾ ਕਿ ਪਦਮਸ੍ਰੀ ਰਾਜਿੰਦਰ ਗੁਪਤਾ ਹਮੇਸ਼ਾ ਹੀ ਦਾਨ ਕਰਦੇ ਰਹਿੰਦੇ ਹਨ। ਸਮੇਂ ਸਮੇਂ ਸਿਰ ਉਹ ਮੁਫਤ ਮੈਗਾ ਮੈਡੀਕਲ ਕੈਂਪ ਲਾ ਕੇ ਜ਼ਰੂਰਤਮੰਦ ਲੋਕਾਂ ਨੂੰ ਮੁਫਤ ਦਵਾਈਆਂ ਤੇ ਹੋਰ ਮੱਦਦ ਮੁਹੱਈਆ ਕਰਵਾਉਂਦੇ ਰਹਿੰਦੇ ਹਨ। ਇਲਾਕੇ ਨੂੰ ਉਨ੍ਹਾਂ ਦੀ ਕਾਰਗੁਜ਼ਾਰੀ ਤੋਂ ਬਹੁਤ ਲਾਭ ਹੋ ਰਿਹਾ ਹੈ। ਬਰਨਾਲਾ 'ਚ ਉਨ੍ਹਾਂ ਨੇ ਵੱਡੇ ਯੂਨਿਟ ਸਥਾਪਤ ਕਰਕੇ ਹਜ਼ਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਵੀ ਦਿੱਤਾ ਹੈ। ਇਸ ਗੱਲ ਦੀ ਜਿੰਨੀ ਵੀ ਪ੍ਰਸ਼ੰਸਾ ਕੀਤੀ ਜਾਵੇ, ਉਨੀ ਘੱਟ ਹੈ। ਇਸ ਮੌਕੇ ਟਰਾਈਡੈਂਟ ਗਰੁੱਪ ਦੇ ਸੀਨੀਅਰ ਅਧਿਕਾਰੀ ਸ੍ਰੀ ਪਵਨ ਸਿੰਗਲਾ ਤੇ ਦੀਪਕ ਗਰਗ ਮੌਜੂਦ ਸਨ।

# ਸਮਾਜ ਭੈੜੀਆਂ ਆਦਤਾਂ ਤੋਂ ਬਚਾਉਣ ਲਈ ਸਰਕਾਰ ਵੱਲੋਂ ਚੁੱਕੇ ਜਾ ਰਹੇ ਹਨ ਸਖਤ ਕਦਮ : ਚੇਅਰਮੈਨ

*ਸੁਖਣਾ ਅਬਲੂ ਵਿਖੇ ਨੌਜਵਾਨਾਂ ਲਈ ਓਪਨ ਜਿੰਮ ਦਾ ਉਦਘਾਟਨ*



**ਸ੍ਰੀ ਮੁਕਤਸਰ ਸਾਹਿਬ/ਗਿੱਦੜਬਾਹਾ (ਸ਼ਮਿੰਦਰਪਾਲ, ਪਰਮਜੀਤ, ਪੂਜਾ, ਚਾਵਲਾ/ਜਸਵੰਤ ਗਿੱਲ)**-ਸਮਾਜ ਨੂੰ ਨਸ਼ਿਆਂ ਵਰਗੀਆਂ ਭੈੜਿਆਂ ਆਦਤਾਂ ਤੋਂ ਬਚਾਉਣ ਲਈ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸਖਤ ਕਦਮ ਚੁੱਕੇ ਜਾ ਰਹੇ ਹਨ ਅਤੇ ਨੌਜਵਾਨ ਪੀੜ੍ਹੀ ਨੂੰ ਖੇਡਾਂ ਪ੍ਰਤੀ ਜੁੜਨ ਲਈ ਜਾਗਰੂਕ ਅਭਿਆਨ ਚਲਾਏ ਜਾ ਰਹੇ ਹਨ। ਇਸ ਗੱਲ ਦਾ ਪ੍ਰਗਟਾਵਾ ਸੁਖਜਿੰਦਰ ਸਿੰਘ ਕਾਉਣੀ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸ੍ਰੀ ਮੁਕਤਸਰ ਸਾਹਿਬ ਨੇ ਆਪਣੇ ਅਖਤਿਆਰੀ ਕੋਟੇ ਵਿੱਚੋਂ ਗਿੱਦੜਬਾਹਾ ਬਲਾਕ ਦੇ ਪਿੰਡ ਸੁਖਣਾ ਅਬਲੂ ਵਿਖੇ ਓਪਨ ਜਿੰਮ ਦੇ ਉਦਘਾਟਨ ਮੌਕੇ ਕੀਤਾ। ਉਨ੍ਹਾ ਕਿਹਾ ਕਿ ਸ੍. ਗੁਰਮੀਤ ਸਿੰਘ ਮੀਤ ਹੇਅਰ ਖੇਡ ਮੰਤਰੀ ਪੰਜਾਬ ਵੱਲੋਂ ਪੰਜਾਬ ਵਿੱਚ ਖੇਡ ਮੇਲਿਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ ਤਾਂ ਜੋ ਨੌਜਵਾਨ ਵਰਗ ਨਸ਼ੇ ਵਰਗੀਆਂ ਭੈੜੀਆਂ ਆਦਤ ਤੋਂ ਬਚ ਕੇ ਆਪਣੇ ਆਪ ਨੂੰ ਤੰਦਰੁਸਤ ਤੇ ਰਿਸ਼ਟ-ਪੁਸ਼ਟ ਰੱਖ ਸਕਣ ਅਤੇ ਆਪਣੇ ਆਪ ਨੂੰ ਖੇਡਾਂ ਨਾਲ ਜੋੜ ਸਕਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਗਮੋਹਨ ਸਿੰਘ, ਬਲਕਰਨ ਸਿੰਘ, ਕਾਲਾ ਭਲਵਾਨ ਅੰਤਰਰਾਸ਼ਟਰੀ ਕਬੱਡੀ ਖਿਡਾਰੀ, ਜਸਵਿੰਦਰ ਸਿੰਘ, ਪ੍ਰਿੰਸੀਪਲ ਭੁਪਿੰਦਰ ਸਿੰਘ ਤੇ ਆਮ ਆਦਮੀ ਪਾਰਟੀ ਦੇ ਸਮੂਹ ਵਰਕਰ ਅਤੇ ਖੇਡ ਪ੍ਰੇਮੀ ਮੌਜੂਦ ਸਨ।

# ਵਕੀਲਾਂ 'ਤੇ ਹਮਲਾ ਕਰਨ ਵਾਲੇ ਮੁਲਜ਼ਮਾਂ ਨੂੰ ਪਰਚੇ 'ਚੋਂ ਕੱਢਣ ਵਿਰੁੱਧ ਹੜਤਾਲ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਮਾਣਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਕਰਮਜੀਤ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਇਕ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਇਕ ਦਿਨ ਦੀ ਹੜਤਾਲ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਾਰ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਕਰਮਜੀਤ ਸਿੰਘ ਰੰਧਾਵਾ ਨੇ ਦੱਸਿਆ ਕਿ ਬਾਰ ਐਸੋਸੀਏਸ਼ਨ ਪਟਿਆਲਾ ਦੇ ਮੈਂਬਰ ਵਕੀਲ ਪੁਸ਼ਪਿੰਦਰ ਸਿੰਘ ਹਾਂਡਾ ਤੇ ਵਕੀਲ ਅਸੀਨ ਗੁਪਤਾ 'ਤੇ ਹਮਲਾ ਕਰਨ ਵਾਲੇ ਮੁਲਜ਼ਮਾਂ ਵਿੱਚੋਂ ਦੋ ਨੂੰ ਪੁਲਸ ਵੱਲੋਂ ਕੇਸ ਵਿੱਚੋਂ ਕੱਢਿਆ ਗਿਆ ਹੈ, ਜਿਸ ਦੇ ਰੋਸ ਵਜੋਂ ਪਟਿਆਲਾ ਬਾਰ ਐਸੋਸੀਏਸ਼ਨ ਨੇ ਸਮੁੱਚੇ ਪੰਜਾਬ ਦੇ ਵਕੀਲਾਂ ਨੂੰ ਅੱਜ ਹੜਤਾਲ ਕਰਨ ਦਾ ਸੱਦਾ ਦਿੱਤਾ ਸੀ, ਇਸ ਲਈ ਅੱਜ ਬਾਰ ਐਸੋਸੀਏਸ਼ਨ ਸਮਾਣਾ ਵੱਲੋਂ ਇਕ ਦਿਨ ਦੀ ਹੜਤਾਲ ਕੀਤੀ ਗਈ ਹੈ। ਇਸ ਮੌਕੇ ਬਾਰ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਐਡਵੋਕੇਟ ਰਿਸ਼ੀ ਚੋਪੜਾ, ਸੈਕਟਰੀ ਐਡਵੋਕੇਟ ਹਰਮਨਦੀਪ ਸਿੰਘ ਸਿੱਧੂ, ਜੁਆਇੰਟ ਸੈਕਟਰੀ ਜਗਤਾਰ ਸ਼ਰਮਾ, ਕੈਸ਼ੀਅਰ ਐਡਵੋਕੇਟ ਸੰਦੀਪ ਜਿੰਦਲ, ਲਾਇਬ੍ਰੇਰੀਅਨ ਐਡਵੋਕੇਟ ਨਿਰਲੇਪ ਕੌਰ, ਐਗਜ਼ੈਕਟਿਵ ਮੈਂਬਰ ਐਡਵੋਕੇਟ ਗੁਰਜੀਤ ਕੌਰ ਬੱਲ, ਐਡਵੋਕੇਟ ਰਾਜਵਿੰਦਰ ਗੋਇਲ, ਐਡਵੋਕੇਟ ਅਰਮਾਨ ਸਿੰਘ ਤੋਂ ਇਲਾਵਾ ਸੀਨੀਅਰ ਐਡਵੋਕੇਟਸ ਕੁਲਵੰਤ ਸਿੰਘ ਢਿੱਲੋਂ, ਦਵਿੰਦਰ ਸਿੰਘ ਢਿੱਲੋਂ, ਤਰਨਜੀਤ ਸਿੰਘ ਸੋਢੀ, ਨਵਦੀਪ ਸਿੰਘ ਢਿੱਲੋਂ, ਸੁਰੇਸ਼ ਸ਼ਰਮਾ, ਵਿਕਾਸ ਸ਼ਰਮਾ, ਇੰਦਰਜੀਤ ਸਿੰਘ ਸਲੂਜਾ, ਕੁਲਵਿੰਦਰ ਸਿੰਘ ਗਲੌਲੀ, ਕਸ਼ਮੀਰ ਸਿੰਘ ਵਿਰਕ, ਰਵਿੰਦਰ ਕੁਮਾਰ ਸਹੋਤਾ, ਸਾਹਿਬ ਸਿੰਘ ਸੇਰਗੜ੍ਹ, ਲਵਲੀ ਗਰਗ, ਵਿਸ਼ਨੂੰ, ਮੈਡਮ ਮਨਪ੍ਰੀਤ ਕੌਰ, ਅਨਰੂਪ ਗਰਗ, ਅਜੇ ਗੁਪਤਾ, ਬਘੇਲ ਸਿੰਘ, ਕੁਲਜੀਤ ਸਿੰਘ, ਵਿਕਰਮ ਭਟਨਾਗਰ, ਖੁਆਬ ਸੋਨੀ, ਕਸ਼ਮੀਰ ਸਿੰਘ ਚੂੰਬਰ ਤੋਂ ਇਲਾਵਾ ਹੋਰ ਬਹੁਤ ਸਾਰੇ ਐਡਵੋਕੇਟਸ ਹਾਜ਼ਰ ਸਨ।

# ਘਰ 'ਚੋਂ ਕੇਬਲ ਤਾਰਾਂ, ਸਟਾਟਰ ਤੇ ਗਰਿੱਪ ਚੋਰੀ ਕਰਦਾ ਕਾਬੂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਥਾਣਾ ਮੱਲਾਂਵਾਲਾ ਦੇ ਅਧੀਨ ਆਉਂਦੇ ਪਿੰਡ ਮੀਹਾਂ ਸਿੰਘ ਵਾਲਾ ਵਿਖੇ ਇੱਕ ਵਿਅਕਤੀ ਨੂੰ ਘਰ ਵਿੱਚੋਂ ਕੇਬਲ ਤਾਰਾਂ, ਸਟਾਟਰ ਤੇ ਗਰਿੱਪ ਚੋਰੀ ਕਰਦੇ ਸਮੇਂ ਕਾਬੂ ਕੀਤਾ ਹੈ। ਇਸ ਸਬੰਧੀ ਥਾਣਾ ਮੱਲਾਂਵਾਲਾ ਪੁਲਸ ਨੇ ਉਕਤ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗੁਰਦੀਪ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦਰਸ਼ਨ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਮੀਹਾਂ ਸਿੰਘ ਵਾਲਾ ਵੱਲੋਂ ਇੱਕ ਦਰਖਾਸਤ ਮੌਸੂਲ ਹੋਈ ਕਿ ਦੋਸ਼ੀ ਗੁਰਪ੍ਰੀਤ ਸਿੰਘ ਉਰਫ ਗੋਪਾ ਪੁੱਤਰ ਰਾਜ ਸਿੰਘ ਵਾਸੀ ਵਾਰਡ ਨੰਬਰ 1 ਬਸਤੀ ਮਾਛੀਆ ਜ਼ੀਰਾ ਨੂੰ ਉਸ ਦੇ ਘਰੋਂ ਕੇਬਲ ਤਾਰਾਂ, ਸਟਾਟਰ ਤੇ ਗਰਿੱਪ ਚੋਰੀ ਕਰਨ ਲੱਗੇ ਨੂੰ ਰੰਗੇ ਹੱਥੀਂ ਫੜਿਆ ਹੈ, ਜਿਸ ਨੇ ਮੰਨਿਆ ਹੈ ਕਿ ਇਹ ਪਹਿਲਾਂ ਵੀ ਮੋਟਰਾਂ ਦੀਆਂ ਤਾਰਾਂ, ਟਰਾਂਸਫਾਰਮਰ ਦਾ ਤੇਲ ਆਦਿ ਸਾਮਾਨ ਚੋਰੀ ਕਰਕੇ ਅੱਗੇ ਕਬਾੜੀਏ ਨੂੰ ਵੇਚਦਾ ਹੈ।

# ਦੋਰਾਹਾ ਤੇ ਆਸ-ਪਾਸ ਦੇ ਇਲਾਕਿਆਂ 'ਚ ਭਾਰੀ ਬਾਰਿਸ਼ ਤੇ ਗੜੇਮਾਰੀ

**ਦੋਰਾਹਾ (ਹਰਮਿੰਦਰ ਸੇਠ)**-ਬੀਤੇ ਦਿਨ ਸਥਾਨਕ ਸ਼ਹਿਰ ਤੇ ਨਾਲ ਲੱਗਦੇ ਪਿੰਡਾਂ ਵਿੱਚ ਜਿੱਥੇ ਮੀਂਹ ਨੇ ਲੋਕਾਂ ਨੂੰ ਸੁੱਕੀ ਪੈ ਰਹੀ ਠੰਢ ਤੋਂ ਨਿਜ਼ਾਤ ਦਿਵਾਈ, ਉਥੇ ਹੀ ਹੋਈ ਗੜੇਮਾਰੀ ਕਾਰਨ ਕਿਸਾਨਾਂ ਨੇ ਕਣਕ ਦੀ ਫ਼ਸਲ ਨੂੰ ਨੁਕਸਾਨ ਹੋਣ ਦਾ ਖਦਸ਼ਾ ਵੀ ਜਤਾਇਆ ਹੈ।ਭਾਵੇਂ ਕਿ ਖੇਤੀ ਮਾਹਰਾਂ ਅਨੁਸਾਰ ਇਹ ਮੀਂਹ ਕਣਕ ਦੀ ਫ਼ਸਲ ਲਈ ਕਾਫ਼ੀ ਲਾਹੇਵੰਦ ਮੰਨਿਆ ਜਾ ਰਿਹਾ ਹੈ, ਪਰ ਕਈ ਪਿੰਡਾਂ 'ਚ ਗੜੇਮਾਰੀ ਨੇ ਕਣਕ ਦੀ ਖੜ੍ਹੀ ਫ਼ਸਲ ਨੂੰ ਵੀ ਨੁਕਸਾਨ ਪਹੁੰਚਾਇਆ ਹੈ।ਜਿੱਥੇ ਮੀਂਹ ਪੈਣ ਦੇ ਨਾਲ ਮੌਸਮ ਥੋੜ੍ਹਾ ਸਾਫ ਸੁਥਰਾ ਹੋ ਗਿਆ ਤੇ ਲੋਕਾਂ ਨੂੰ ਸੁੱਕੀ ਠੰਢ ਤੋਂ ਰਾਹਤ ਮਿਲੀ, ਉੱਥੇ ਹੀ ਮੀਂਹ ਦੇ ਪਾਣੀ ਦੇ ਨਾਲ ਦੋਰਾਹਾ ਸ਼ਹਿਰ ਦੇ ਕਈ ਇਲਾਕਿਆਂ ਵਿੱਚ, ਸੜਕਾਂ ਦੇ ਉੱਪਰ ਪਾਣੀ ਖੜ ਗਿਆ।ਇਹ ਪਾਣੀ ਬੀਤੀ ਸ਼ਾਮ ਤੱਕ ਵੀ ਲੋਕਾਂ ਦੇ ਲਈ ਸਿਰਦਰਦੀ ਬਣਿਆ ਰਿਹਾ।ਸਿੱਧੂ ਹਸਪਤਾਲ ਰੋਡ ਦੇ ਉੱਪਰ ਜਿੱਥੇ ਅਕਸਰ ਹੀ ਥੋੜ੍ਹੇ ਜਿਹੇ ਮੀਂਹ ਦੇ ਬਾਅਦ ਪਾਣੀ ਖੜ ਜਾਂਦਾ, ਉੱਥੇ ਲੋਕਾਂ ਨੂੰ ਇਸ ਖੜੇ ਪਾਣੀ ਦੀ ਸਮੱਸਿਆ ਕਰਕੇ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਲੋਕ ਕਾਫੀ ਲੰਮੇ ਸਮੇਂ ਤੋਂ ਇਸ ਗੱਲ ਦੀ ਮੰਗ ਕਰ ਰਹੇ ਨੇ ਕਿ ਜੋ ਇੱਥੇ ਥੋੜ੍ਹਾ ਜਿਹਾ ਮੀਂਹ ਪੈਣ ਤੋਂ ਬਾਅਦ ਪਾਣੀ ਖੜ ਜਾਂਦਾ ਹੈ, ਇਸ ਦੀ ਨਿਕਾਸੀ ਦਾ ਸੁਚੱਜਾ ਪ੍ਰਬੰਧ ਕੀਤਾ ਜਾਵੇ।ਇਸ ਰੋਡ ਉੱਪਰ ਇੱਕ ਛੋਟਾ ਨਾਲਾ ਸੀ, ਜੋ ਅੱਗੇ ਜਾ ਕੇ ਡਰੇਨ ਵਿੱਚ ਖੁੱਲ੍ਹਦਾ ਸੀ।ਇਸ ਨਾਲੇ ਉੱਪਰ ਦੁਕਾਨਦਾਰਾਂ, ਲੋਕਾਂ ਨੇ ਨਜਾਇਜ਼ ਉਸਾਰੀਆਂ ਕਰਕੇ ਇਸ ਨਾਲੇ ਨੂੰ ਲਗਭਗ ਬੰਦ ਹੀ ਕਰ ਦਿੱਤਾ ਗਿਆ ਹੈ, ਜਿਸ ਕਰਕੇ ਪਾਣੀ ਦੀ ਨਕਾਸੀ ਬਿਲਕੁਲ ਹੀ ਬੰਦ ਹੋ ਗਈ ਹੈ ਤੇ ਮੀਂਹ ਦੇ ਖੜੇ ਪਾਣੀ ਕਰਕੇ ਸੜਕ ਬੁਰੀ ਤਰ੍ਹਾਂ ਟੁੱਟ ਚੁੱਕੀ ਹੈ।ਇਸ ਕਰਕੇ ਇਥੋਂ ਸਕੂਲੀ ਬੱਚਿਆਂ, ਮਰੀਜ਼ਾਂ ਨੂੰ ਜੋ ਪੈਦਲ ਜਾ ਰਹੇ ਹੁੰਦੇ ਨੇ, ਉਨ੍ਹਾਂ ਨੂੰ ਵੀ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ।


**OFFICE OF THE DISTRICT & SESSIONS JUDGE, JALANDHAR**

**TENDER NOTICE**

Separate tenders are invited from reputed, competent and responsible outsource companies/organizations/agencies having sufficient experience in the maintenance and cleanliness of complexes for allotment of work contract for maintenance and cleanliness of respective Judicial Courts Complexes at Jalandhar, Nakodar and Phillaur for period from 01.03.2024 to 28.02.2025. The covered area and the open area for the purpose of maintenance and cleanliness of above said Judicial Complexes is given below:-

| Sr. | Name of the Judicial Court Complex | Covered Area of Complex (including entrance lounges, Staircases/ramps, corridors, rooms, toilets etc. which is required to be cleaned by Sweepers) | Open Area (Required to be cleaned by Sweepers including internal Roads of the Complex etc.) |
|---|---|---|---|
| 1. | Judicial Courts Complex, Jalandhar | 176000 Sq Ft + Covered Area of Judicial & Sessions Record Rooms, Newly constructed building of Judicial Record Room situated in District Administrative Complex, Jalandhar and Newly constructed building of Vulnerable Witness Deposition Centre at Judicial Court Complex, Jalandhar | 127400 Sq Ft including Judicial Officer parking, lawn space, staff parking, police parking, litigants parking, etc + Open area of Record Room Complex situated in District Administrative Complex, Jalandhar |
| 2. | Judicial Courts Complex, Nakodar | 79933.19 Sq Ft | 197730.35 Sq Ft |
| 3. | Judicial Courts Complex, Phillaur | 42291.27 Sq Ft | 97414.62 Sq Ft |

Proper and efficient cleaning of the premises have to be done thrice a day and on all days of the week except Sundays, on all the floors of the Complexes including entrance lounges, Staircases/ramps, corridors, rooms, toilets etc. and all sanitary fittings therein, cleaning of windows, dusting of Court Rooms, Doors, Windows, Panes, Grills, Terraces, Protections, removal of webs, sweeping of approaching passages, car garages and parks. Tenderer will be responsible for employment of adequate no. of sweepers at Jalandhar, Nakodar and Phillaur. The detailed terms and conditions along with application form can be obtained free of cost from office of undersigned on any working day by hand/by post by sending self addressed adequately stamped envelope. Last date for receipt of tenders will be **16.02.2024**. Tenders will be opened in the presence of contractors or their authorized representatives on **19.02.2024** at 03:30 PM. This office will not take any responsibility for any postal delay and tenders received after due date will not be accepted. Any other information be obtained from this Office during working hours.

-sd
**District & Sessions Judge,**
**Jalandhar**


# ਪੰਜਾਬ ਪੁਲਸ ਵੱਲੋਂ ਕਰਵਾਏ ਖੇਡ ਮੁਕਾਬਲੇ ਯਾਦਗਾਰੀ ਹੋ ਨਿੱਬੜੇ

## ਐੱਸ ਐੱਸ ਪੀ ਭਾਗੀਰਥ ਸਿੰਘ ਮੀਨਾ ਵੱਲੋਂ ਨੌਜਵਾਨਾਂ ਨੂੰ ਖੇਡਾਂ ਨਾਲ ਜੁੜਨ ਦਾ ਸੱਦਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ, ਚਾਵਲਾ)**-ਸ੍. ਭਾਗੀਰਥ ਸਿੰਘ ਮੀਨਾ ਐੱਸ ਐੱਸ ਪੀ ਸ੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲ੍ਹਾ ਅੰਦਰ ਨਸ਼ਿਆਂ ਖਿਲਾਫ਼ ਮਹਿਮ ਵੱਡੀ ਗਈ ਹੈ, ਜਿਸ ਤਹਿਤ ਪੁਲਸ ਦੀਆਂ ਵੱਖ ਵੱਖ ਟੁੱਕੜੀਆਂ ਬਣਾ ਕੇ ਲੋਕਾਂ ਨੂੰ ਸੈਮੀਨਾਰ ਲਗਾ ਕੇ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਜਾ ਰਹੀ ਹੈ ਅਤੇ ਨਸ਼ਾ ਤਸਕਰਾਂ ਨੂੰ ਫੜ ਕੇ ਜਿੱਥੇ, ਉਨ੍ਹਾਂ ਨੂੰ ਜੇਲ੍ਹਾਂ ਅੰਦਰ ਸੁੱਟਿਆ ਜਾ ਰਿਹਾ ਹੈ, ਉੱਥੇ ਹੀ ਉਨ੍ਹਾਂ ਵੱਲੋਂ ਨਸ਼ਿਆਂ ਦੇ ਕਾਰੋਬਾਰ ਰਾਹੀਂ ਬਣਾਈਆਂ ਪ੍ਰਾਪਰਟੀਆਂ ਨੂੰ ਫਰੀਜ਼ ਕਰਵਾਇਆ ਜਾ ਰਿਹਾ ਹੈ।ਇਸੇ ਤਹਿਤ ਹੀ ਸ੍ਰੀ ਭਾਗੀਰਥ ਸਿੰਘ ਮੀਨਾ ਐੱਸ.ਐੱਸ.ਪੀ. ਸ੍ਰੀ ਮੁਕਤਸਰ ਸਾਹਿਬ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਤੇ ਖੇਡਾਂ ਨਾਲ ਜੁੜਨ ਦਾ ਸਨੇਹਾ ਦਿੰਦੇ ਹੋਏ ਖੇਡ ਮੁਕਾਬਲੇ ਕਰਵਾਏ ਗਏ।ਇਹ ਖੇਡ ਮੁਕਾਬਲੇ ਗੁਰੂ ਗੋਬਿੰਦ ਸਿੰਘ ਸਟੇਡੀਅਮ ਸ੍ਰੀ ਮੁਕਤਸਰ ਸਾਹਿਬ ਵਿਖੇ ਹੋਏ ਤੇ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਹਾਕੀ, ਬਾਸਕਟਬਾਲ, ਰੱਸਾ-ਕੱਸੀ, ਵਾਲੀਬਾਲ, 400 ਮੀਟਰ ਰੇਸ, ਕਬੱਡੀ, ਜਿਮਨਾਸਟਿਕ ਸ਼ੋ ਤੇ ਨਾਲ ਹੀ ਨਸ਼ਿਆਂ ਖਿਲਾਫ ਜਾਗਰੂਕਤਾ ਨਾਟਕ ਕਰਵਾਏ ਗਏ।ਇਸ ਮੌਕੇ ਬੱਚਿਆਂ ਨੂੰ ਆਸ਼ੀਰਵਾਦ ਦੇਣ ਲਈ ਤੇ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਸ਼੍ਰੀਮਤੀ ਬਲਜੀਤ ਕੌਰ ਸਮਾਜਿਕ ਨਿਆ ਤੇ ਵੋਮੈਨ ਚਿਲਡਰਨ ਵੈੱਲਫੇਅਰ ਕੈਬਨਿਟ ਮੰਤਰੀ ਪੰਜਾਬ ਸਰਕਾਰ, ਗੁਰਸ਼ਰਨ ਸਿੰਘ ਸੰਧੂ ਆਈ ਜੀ ਫਰੀਦਕੋਟ, ਸ੍ਰੀ ਰਾਜ ਕੁਮਾਰ ਸੈਸ਼ਨ ਜੱਜ, ਜਤਿੰਦਰਪਾਲ ਐਡੀਸ਼ਨਲ ਜੱਜ, ਸ. ਕਨਵਰਜੀਤ ਮਾਨ ਐੱਸ ਡੀ ਐੱਮ, ਜ਼ਿਲ੍ਹਾ ਸਪੋਰਟਸ ਅਫਸਰ ਅਨਿੰਦਰਵੀਰ ਕੌਰ ਬਰਾੜ, ਕੰਵਲਪ੍ਰੀਤ ਸਿੰਘ ਐੱਸ ਪੀ (ਐੱਚ), ਸਤਨਾਮ ਸਿੰਘ ਡੀ.ਐੱਸ.ਪੀ, ਜਸਪਾਲ ਸਿੰਘ ਡੀ ਐੱਸ ਪੀ, ਨਵੀਨ ਕੁਮਾਰ ਡੀ ਐੱਸ ਪੀ, ਫਤਿਹ ਸਿੰਘ ਬਰਾੜ ਡੀ ਐੱਸ ਪੀ, ਜਸਬੀਰ ਸਿੰਘ ਡੀ ਐੱਸ ਪੀ ਮੌਜੂਦ ਸਨ ਤੇ ਵੱਖ-ਵੱਖ ਜ਼ਿਲ੍ਹਿਆਂ ਵਿੱਚੋਂ ਪਹੁੰਚੇ ਵੱਖ-ਵੱਖ ਟੀਮਾਂ ਦੇ ਖਿਡਾਰੀਆਂ ਵੱਲੋਂ ਵੱਖ ਵੱਖ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ ਗਿਆ।ਇਸ ਪ੍ਰੋਗਰਾਮ ਦਾ ਅਗਾਜ਼ ਕਰਨ ਤੋਂ ਪਹਿਲਾਂ ਐੱਸ ਐੱਸ ਪੀ ਮੀਨਾ ਵੱਲੋਂ ਪਹੁੰਚੇ ਖਿਡਾਰੀਆਂ ਤੇ ਆਮ ਪਬਲਿਕ ਨੂੰ ਨਸ਼ੇ ਨਾ ਕਰਨ ਤੇ ਨਸ਼ਿਆਂ ਤੋਂ ਦੂਰ ਰਹਿ ਕੇ ਚੰਗੇ ਖਿਡਾਰੀ ਬਣਨ ਦੀ ਸਹੁੰ ਚੁਕਵਾਈ ਗਈ।ਰਿਟਾਇਰ ਪੁਲਸ ਕਰਮਚਾਰੀ ਸੁੱਖਚਰਨ ਸਿੰਘ ਨਿੱਕਾ ਵੱਲੋਂ ਪੈਰਾਗਲਾਈਡਿੰਗ ਰਾਹੀਂ ਨਸ਼ਿਆਂ ਤੋਂ ਜਾਗਰੂਕਤਾ ਪਰਚੇ ਸੁੱਟੇ ਗਏ।ਖਿਡਾਰੀਆਂ ਵੱਲੋਂ ਮਾਰਚ ਪਾਸ ਕਰਕੇ ਹੱਥਾਂ ਵਿੱਚ ਨਸ਼ਿਆਂ ਵਿਰੋਧੀ ਜਾਗਰੂਕਤਾ ਤਖਤੀਆਂ ਫੜ ਕੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦਾ ਹੋਕਾ ਦਿੱਤਾ ਗਿਆ। ਸ੍ਰੀ ਰਾਜ ਕੁਮਾਰ ਲੈਕਚਰਾਰ ਨੇ ਸਟੇਜ ਸੈਕਟਰੀ ਵਜੋਂ ਆਪਣੀ ਡਿਊਟੀ ਨਿਭਾਈ। ਐੱਸ.ਐੱਸ.ਪੀ. ਵੱਲੋਂ ਰੀਬਨ ਕੱਟ ਕੇ ਇਸ ਖੇਡ ਮੁਕਾਬਲੇ ਪ੍ਰੋਗਰਾਮ ਦਾ ਅਗਾਜ਼ ਕੀਤਾ ਤੇ ਖੇਡਾਂ ਵਿੱਚ ਭਾਗ ਲੈਣ ਆਏ ਖਿਡਾਰੀਆਂ ਨੂੰ ਟੀ-ਸ਼ਰਟ ਮੁਹੱਈਆ ਕਰਵਾਈਆਂ ਗਈਆਂ ਨਾਲ ਹੀ ਰਿਫਰੈਸ਼ਮੈਂਟ ਤੇ ਖਾਣੇ ਦਾ ਇੰਤਜ਼ਾਮ ਕਰਵਾਇਆ ਗਿਆ।ਸ੍ਰੀਮਤੀ ਬਲਜੀਤ ਕੌਰ ਕੈਬਨਿਟ ਮੰਤਰੀ, ਗੁਰਸ਼ਰਨ ਸਿੰਘ ਸੰਧੂ ਆਈ ਜੀ ਤੇ ਭਾਗੀਰਥ ਸਿੰਘ ਮੀਨਾ ਨੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ ਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ।ਇਸ ਮੌਕੇ ਐੱਸ ਐੱਸ ਪੀ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ ਤੇ ਖੇਡਾਂ ਹੀ ਹਨ, ਜਿਨ੍ਹਾਂ ਦਾ ਨਸ਼ਾ ਕਰਕੇ ਤੰਦਰੁਸਤੀ ਬਰਕਰਾਰ ਰਹਿੰਦੀ ਹੈ।ਇਸ ਮੌਕੇ ਭੰਗੇ ਵਾਲੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਨਾਟਕ ਰੰਡੇ ਭੰਡੇ ਖੇਡਿਆ ਗਿਆ।ਇਸ ਮੌਕੇ ਕੈਬਨਿਟ ਮੰਤਰੀ, ਸੈਸ਼ਨ ਜੱਜ, ਆਈ ਜੀ ਫ਼ਰੀਦਕੋਟ ਤੇ ਐੱਸ ਐੱਸ ਪੀ ਵੱਲੋਂ ਜੇਤੂ ਖਿਡਾਰੀਆਂ ਨੂੰ ਮੈਡਲ, ਸ਼ੀਲਡਾਂ ਟਰੌਫੀਆਂ, ਸਨਮਾਨ ਚਿੰਨ੍ਹ ਤੇ ਨਗਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ।

# ਪੇਂਡੂ ਭੱਤਾ ਬਹਾਲੀ ਲਈ ਆਪ ਦੇ ਸੂਬਾਈ ਕਾਰਜਕਾਰੀ ਪ੍ਰਧਾਨ ਨੂੰ ਦਿੱਤਾ ਮੰਗ ਪੱਤਰ



**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ/ਅਸ਼ੋਕ ਲਾਕੜਾ)**-ਮੁੱਖ ਅਧਿਆਪਕ ਤੇ ਕੇਂਦਰ ਮੁੱਖ ਅਧਿਆਪਕ ਜਥੇਬੰਦੀ ਪੰਜਾਬ ਵੱਲੋਂ ਸਰਕਾਰ ਤੋਂ ਪੇਂਡੂ ਭੱਤਾ ਤੁਰੰਤ ਲਾਗੂ ਕਰਨ ਦੀ ਮੰਗ ਨੂੰ ਲੈ ਕੇ ਹਲਕਾ ਬੁਢਲਾਡਾ ਦੇ ਵਿਧਾਇਕ ਬੁੱਧਰਾਮ ਤੇ ਆਮ ਆਦਮੀ ਪਾਰਟੀ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਨੂੰ ਮੰਗ ਪੱਤਰ ਦਿੱਤਾ ਗਿਆ।ਜਥੇਬੰਦੀ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਤੁਹਾਡੀ ਜਾਇਜ਼ ਮੰਗ ਨੂੰ ਵਿੱਤ ਮੰਤਰੀ ਤੱਕ ਭੇਜਿਆ ਜਾਵੇਗਾ।ਜਥੇਬੰਦੀ ਦੇ ਆਗੂ ਰਾਮਪਾਲ ਸਿੰਘ ਗੁੜੱਦੀ ਨੇ ਕਿਹਾ ਕਿ ਸ਼ਹਿਰਾਂ ਤੋਂ ਦੂਰ ਪਿੰਡਾਂ ਕੰਮ ਕਰਦੇ ਮੁਲਾਜ਼ਮਾਂ ਲਈ ਹਾਊਸ ਰੈਂਟ ਘੱਟ ਰੱਖਿਆ ਗਿਆ ਸੀ, ਪਰ ਉਨ੍ਹਾਂ ਮੁਲਾਜ਼ਮਾਂ ਨੂੰ ਸ਼ਹਿਰਾਂ ਦੇ ਮੁਲਾਜ਼ਮਾਂ ਨਾਲੋਂ ਵੱਖਰਾ ਪੇਂਡੂ ਭੱਤਾ ਦਿੱਤਾ ਜਾਂਦਾ ਸੀ ਤਾਂ ਜੋ ਅਧਿਆਪਕ ਦੂਰ-ਦੁਰਾਡੇ ਆਪਣੇ ਵਹੀਕਲਾਂ ਵਿੱਚ ਡੀਜ਼ਲ, ਪੈਟਰੋਲ ਪਵਾ ਸਕਣ।ਉਨ੍ਹਾਂ ਕਿਹਾ ਕਿ ਪੰਜਾਬ ਭਰ ਦੇ ਵਿਧਾਇਕਾਂ ਰਾਹੀਂ 1 ਫਰਵਰੀ ਤੋਂ 10 ਫਰਵਰੀ ਤੱਕ ਮੰਗ ਪੱਤਰ ਵਿੱਤ ਮੰਤਰੀ ਪੰਜਾਬ ਨੂੰ ਭੇਜੇ ਜਾਣਗੇ।ਇਸ ਸਮੇਂ ਕੁਲਵਿੰਦਰ ਸਿੰਘ ਬੱਛੂਆਣਾ, ਦਵਿੰਦਰ ਕੁਮਾਰ ਬੁਢਲਾਡਾ, ਤਰਲੋਕ ਜੈਨ ਬੋੜਾਵਾਲ, ਸੁਰਿੰਦਰ ਅਹਿਮਦਪੁਰ, ਸੁਰਿੰਦਰ ਕੁਮਾਰ ਮੱਲ ਸਿੰਘ ਵਾਲਾ, ਮਨੀਸ਼ ਕੁਮਾਰ ਬੁਢਲਾਡਾ, ਦਿਲਬਾਗ ਸਿੰਘ, ਅਵਤਾਰ ਸਿੰਘ, ਨਵਨੀਤ ਸਿੰਘ ਹਸਨਪੁਰ, ਗੁਰਜੰਟ ਬੱਛੋਆਣਾ, ਭਗਤ ਰਾਮ ਭੰਗੂ, ਬਿਹਾਰਾ ਸਿੰਘ ਦੋਦੜਾ, ਗੁਰਮੀਤ ਸਿੰਘ ਕਾਸ਼ਮਪੁਰ ਛੀਨਾ ਆਦਿ ਹਾਜ਼ਰ ਸਨ।

# ਕਿਸਾਨਾਂ-ਮਜ਼ਦੂਰਾਂ ਵੱਲੋਂ ਪਿੰਡਾਂ 'ਚ ਟਰੈਕਟਰ ਮਾਰਚ

## 13 ਤੋਂ ਦਿੱਲੀ 'ਚ ਲੱਗਣ ਵਾਲੇ ਮੋਰਚੇ ਸਬੰਧੀ ਕੀਤਾ ਜਾਗਰੂਕ



**ਮੱਖੂ (ਰਛਪਾਲ ਸਿੰਘ ਸੰਧੂ)**-ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਫਿਰੋਜ਼ਪੁਰ ਦੇ ਜ਼ੋਨ ਮਖੂ ਦੇ ਕਿਸਾਨਾਂ ਮਜ਼ਦੂਰਾਂ ਵੱਲੋਂ ਜ਼ੋਨ ਪ੍ਰਧਾਨ ਵੀਰ ਸਿੰਘ ਨਿਜ਼ਾਮਦੀਨ ਵਾਲਾ ਦੀ ਅਗਵਾਈ ਹੇਠ ਵੱਖ ਵੱਖ ਪਿੰਡਾਂ ਵਿੱਚ ਟਰੈਕਟਰ ਮਾਰਚ ਕਰਕੇ 13 ਫ਼ਰਵਰੀ ਤੋਂ ਦਿੱਲੀ 'ਚ ਦੁਬਾਰਾ ਲੱਗਣ ਵਾਲੇ ਮੋਰਚੇ ਬਾਰੇ ਲੋਕਾਂ ਨੂੰ ਜਾਗਰੂਕ ਕਰਦਿਆਂ ਮੰਗ ਕੀਤੀ ਕਿ ਡਾ: ਸਵਾਮੀਨਾਥਨ ਅਨੁਸਾਰ 23 ਫ਼ਸਲਾਂ ਦੀ 2 ਸੀ ਧਾਰਾ ਅਨੁਸਾਰ ਐਮਐਸਪੀ ਲੈਣ, ਭਾਰਤ ਡਬਲਯੂ ਟੀ ਓ ਦੀਆਂ ਨੀਤੀਆਂ ਵਿੱਚੋਂ ਬਾਹਰ ਆਵੇ, ਕਿਸਾਨਾਂ ਮਜ਼ਦੂਰਾਂ ਨੂੰ 10 ਹਜ਼ਾਰ ਪੈਨਸ਼ਨ ਦਿੱਤੀ ਜਾਵੇ, ਕਿਸਾਨਾਂ ਦੀ ਸਹਿਮਤੀ ਤੋਂ ਬਿਨਾਂ ਜ਼ਮੀਨ ਐਕਵਾਇਰ ਨਾ ਕੀਤੀ ਜਾਵੇ ਤੇ ਜ਼ਮੀਨ ਐਕਵਾਇਰ ਕਾਨੂੰਨ ਪਹਿਲੇ ਸਰੂਪ ਵਿੱਚ ਬਹਾਲ ਹੋਵੇ, ਪਹਿਲੇ ਦਿੱਲੀ ਅੰਦੋਲਨ ਦੀਆਂ ਮੰਗਾਂ ਪੂਰੀਆਂ ਤੇ ਲਖੀਮਪੁਰ ਖੀਰੀ ਕਾਂਡ ਦਾ ਇਨਸਾਫ ਦਿੱਤਾ ਜਾਵੇ, ਬਿਜਲੀ ਦਾ ਨਿੱਜੀਕਰਨ ਬੰਦ ਕਰਕੇ ਸਮਾਰਟ ਚਿਪ ਵਾਲੇ ਮੀਟਰ ਲਾਉਣੇ ਬੰਦ ਕੀਤੇ ਜਾਣ, ਕਿਸਾਨੀ ਅੰਦੋਲਨ ਦੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਨੌਕਰੀਆਂ ਤੇ ਮੁਆਵਜ਼ੇ ਦਿੱਤੇ ਜਾਣ, ਅਬਾਦਕਾਰਾਂ ਨੂੰ ਪੱਕੇ ਮਾਲਕੀ ਹੱਕ ਦਿੱਤੇ ਜਾਣ ਆਦਿ ਮੰਗਾਂ ਨੂੰ ਪੂਰਾ ਕੀਤਾ ਜਾਵੇ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ, ਬਲਜਿੰਦਰ ਸਿੰਘ ਤਲਵੰਡੀ ਨਿਪਾਲਾਂ, ਲਖਵਿੰਦਰ ਸਿੰਘ ਵਸਤੀ ਨਾਮਦੇਵ, ਕਮਲਜੀਤ ਸਿੰਘ ਮਰਹਾਣਾ, ਸਾਹਿਬ ਸਿੰਘ, ਇੰਦਰਜੀਤ ਸਿੰਘ, ਗੁਰਮੀਤ ਸਿੰਘ ਠੇਕੇਦਾਰ, ਸਵਰਨ ਸਿੰਘ, ਸੰਦੀਪ ਸਿੰਘ, ਸਾਬ ਸਿੰਘ, ਗੁਰਵਿੰਦਰ ਸਿੰਘ, ਸੂਰਤ ਸਿੰਘ, ਜਸਬੀਰ ਨਥੀਆ, ਬਲਕਾਰ ਸਿੰਘ, ਭੁਪਿੰਦਰ ਸਿੰਘ, ਜਗਰੂਪ ਸਿੰਘ, ਗੁਰਭੇਜ ਸਿੰਘ, ਬਾਜ ਸਿੰਘ, ਸੁਖਚੈਨ ਸਿੰਘ ਲੱਲੇ, ਸੁਖਚੈਨ ਸਿੰਘ, ਮਨਜੀਤ ਸਿੰਘ, ਜਸਵੰਤ ਸਿੰਘ, ਸੁਖਚੈਨ ਸਿੰਘ, ਗੁਰਮੀਤ ਸਿੰਘ ਬਸਤੀ ਨਾਮਦੇਵ ਆਦਿ ਹਾਜ਼ਰ ਸਨ।

# ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਸਰਕਾਰ ਖਿਲਾਫ ਸੰਘਰਸ਼ ਦਾ ਐਲਾਨ

## ਭਲਕੇ ਮਲੋਟ 'ਚ ਕੀਤਾ ਜਾਵੇਗਾ ਰੋਸ ਪ੍ਰਦਰਸ਼ਨ

**ਫਾਜ਼ਿਲਕਾ (ਕ੍ਰਿਸ਼ਨ ਸਿੰਘ)**

ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਨੇ ਪੰਜਾਬ ਸਰਕਾਰ ਖਿਲਾਫ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਹੈ, ਜਿਸ ਦੇ ਤਹਿਤ ਮਾਲਵਾ ਖੇਤਰ ਦੇ ਜ਼ਿਲ੍ਹਿਆਂ ਨਾਲ ਸਬੰਧਤ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ 4 ਫਰਵਰੀ ਨੂੰ ਮਲੋਟ ਵਿਖੇ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਦੇ ਬੂਹੇ ਅੱਗੇ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀ ਅਗਵਾਈ ਹੇਠ ਰੋਸ ਪ੍ਰਦਰਸ਼ਨ ਕਰਨਗੀਆਂ, ਜਦੋਂਕਿ ਦੁਆਬਾ ਤੇ ਮਾਝਾ ਖੇਤਰ ਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਇਸੇ ਦਿਨ ਆਪੋ ਆਪਣੇ ਬਲਾਕਾਂ ਵਿੱਚ ਪੰਜਾਬ ਸਰਕਾਰ ਦੇ ਪੁਤਲੇ ਫੂਕਣਗੀਆਂ। ਇਹ ਜਾਣਕਾਰੀ ਫਾਜ਼ਿਲਕਾ ਬਲਾਕ ਪ੍ਰਧਾਨ ਸ਼ੀਲਾਦੇਵੀ ਨੇ ਦਿੱਤੀ।

ਉਨ੍ਹਾ ਕਿਹਾ ਕਿ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਪਿਛਲੇਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਤੇ ਮਸਲਿਆਂ ਨੂੰ ਲੈ ਕੇ ਅਤੇ ਪੰਜਾਬ ਸਰਕਾਰ ਦੇ ਮਾੜੇ ਵਤੀਰੇ ਕਰਕੇ ਜਥੇਬੰਦੀ ਨੂੰ ਸੰਘਰਸ਼ ਕਰਨਾ ਪੈ ਰਿਹਾ ਹੈ। ਪੰਜਾਬ ਦੀਆਂ 54 ਹਜ਼ਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਮੇਂ ਸਿਰ ਤਨਖਾਹਾਂ ਨਹੀਂ ਦਿੱਤੀਆਂ ਜਾ ਰਹੀਆਂ, ਜਿਸ ਕਰਕੇ ਉਨ੍ਹਾਂ ਨੂੰ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾ ਕਿਹਾ ਕਿ ਐਨਜੀਓ ਬਲਾਕਾਂ ਵਿੱਚ ਕੰਮ ਕਰਦੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ (ਖਾਸ ਕਰਕੇ ਬਾਲ ਭਲਾਈ ਕੌਂਸਲ) ਦਾ 1 ਸਾਲ ਦਾ ਸਟੇਟ ਫੰਡ ਦਾ ਮਾਣ ਭੱਤਾ ਬਕਾਇਆ ਖੜਾ ਹੈ। ਇਸ ਤੋਂ ਇਲਾਵਾ ਸਮਾਜ ਭਲਾਈ ਬੋਰਡ ਦੀਆਂ ਵਰਕਰਾਂ ਹੈਲਪਰਾਂ ਦਾ ਸਟੇਟ ਤੇ ਸੈਂਟਰ ਦਾ ਫੰਡ ਚਾਰ ਮਹੀਨਿਆਂ ਦਾ ਬਕਾਇਆ ਖੜਾ ਹੈ। ਉਨ੍ਹਾ ਕਿਹਾ ਕਿ ਜਥੇਬੰਦੀ ਦੀ ਮੰਗ ਹੈ ਕਿ ਇਨ੍ਹਾਂ ਦਾ ਮਾਣ ਭੱਤਾ ਦਿੱਤਾ ਜਾਵੇ ਤੇ ਨਾਲ ਹੀ ਇਨ੍ਹਾਂ ਨੂੰ ਸਟੇਟ ਵੱਲੋਂ ਕੱਟੇ ਗਏ 18 ਮਹੀਨਿਆਂ ਦਾ ਏਰੀਅਰ, ਜੋ ਦੂਜੀਆਂ ਵਰਕਰਾਂ ਤੇ ਹੈਲਪਰਾਂ ਨੂੰ ਦਿੱਤਾ ਗਿਆ ਹੈ, ਉਹ ਵੀ ਤੁਰੰਤ ਦਿੱਤਾ ਜਾਵੇ। ਆਂਗਣਵਾੜੀ ਵਰਕਰ ਨੂੰ ਪ੍ਰੀ ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇ। ਆਂਗਣਵਾੜੀ ਵਰਕਰਾਂ ਦਾ ਮਾਣ ਭੱਤਾ ਦੁੱਗਣਾ ਕੀਤਾ ਜਾਵੇ। ਜ਼ਿਲ੍ਹਾ ਹੁਸ਼ਿਆਰਪੁਰ, ਫਾਜ਼ਿਲਕਾ ਤੇ ਫਿਰੋਜ਼ਪੁਰ ਵਿੱਚ, ਜੋ ਐਨਜੀਓ ਨੂੰ ਰਾਸ਼ਨ ਦਿੱਤਾ ਗਿਆ ਹੈ, ਜਥੇਬੰਦੀ ਇਸ ਦਾ ਵਿਰੋਧ ਕਰਦੀ ਹੈ ਤੇ ਇਹ ਰਾਸ਼ਨ ਵਾਪਸ ਲਿਆ ਜਾਵੇ। ਉਨ੍ਹਾ ਕਿਹਾ ਕਿ ਉਕਤ ਜ਼ਿਲ੍ਹੇ ਵਿਚੋਂ ਵੱਡੀ ਗਿਣਤੀ 'ਚ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਜਥੇਬੰਦੀ ਵੱਲੋਂ ਉਲੀਕੇ ਗਏ ਇਨ੍ਹਾਂ ਪ੍ਰੋਗਰਾਮਾਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਣਗੀਆਂ।

# ਜਥੇਦਾਰ ਤੋਤਾ ਸਿੰਘ ਦੇ ਕੀਤੇ ਕੰਮਾਂ ਕਾਰਨ ਹਲਕੇ ਦੇ ਲੋਕ ਫਿਰ ਤੋਂ ਅਕਾਲੀ ਦਲ ਲਈ ਉਤਸੁਕ : ਮੱਖਣ ਬਰਾੜ

## ਸੁਰਜੀਤ ਸਿੰਘ ਰਾਮਗੜ੍ਹ ਮੁੜ ਸਰਕਲ ਕੋਟ ਈਸੇ ਖਾਂ ਦੇ ਬਣੇ ਪ੍ਰਧਾਨ



**ਕੋਟ ਈਸੇ ਖਾਂ (ਅਰੋੜਾ)**-ਹਲਕਾ ਧਰਮਕੋਟ ਤੋਂ ਬਤੌਰ ਵਿਧਾਇਕ ਰਹੇ ਮਰਹੂਮ ਜਥੇਦਾਰ ਤੋਤਾ ਸਿੰਘ ਵੱਲੋਂ ਇਸ ਖੇਤਰ ਵਿੱਚ ਕਰਵਾਏ ਗਏ ਕਰੋੜਾਂ ਦੇ ਵਿਕਾਸ ਕਾਰਜ ਲੋਕਾਂ ਲਈ ਅੱਜ ਵੀ ਮੀਲ ਪੱਥਰ ਸਾਬਿਤ ਹੋ ਰਹੇ ਹਨ ਤੇ ਉਨ੍ਹਾਂ ਵੱਲੋਂ ਕੀਤੇ ਕੰਮਾਂ ਦਾ ਅਜੇ ਕੋਈ ਵੀ ਦੂਸਰਾ ਸਾਨੀ ਬਣਦਾ ਨਜ਼ਰ ਨਹੀਂ ਆ ਰਿਹਾ। ਇਸੇ ਕਾਰਨ ਏਥੋਂ ਦੇ ਲੋਕ ਫਿਰ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਕਾਰਗੁਜ਼ਾਰੀ ਨੂੰ ਦੁਬਾਰਾ ਤੋਂ ਵੇਖਣ ਦੇ ਮੂਡ ਵਿੱਚ ਲੱਗ ਰਹੇ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਬਾਦਲ ਵੱਲੋਂ ਹਲਕਾ ਧਰਮਕੋਟ ਤੋਂ ਨਾਮਜ਼ਦ ਕੀਤੇ ਹਲਕਾ ਇੰਚਾਰਜ ਬਰਜਿੰਦਰ ਸਿੰਘ ਮੱਖਣ ਬਰਾੜ ਵੱਲੋਂ ਉਨ੍ਹਾਂ ਦੀ ਢੋਲੇਵਾਲਾ ਰੋਡ ਧਰਮਕੋਟ ਵਿਖੇ ਸਥਿਤ ਕੋਠੀ ਵਿੱਚ ਰੱਖੀ ਪਾਰਟੀ ਦੇ ਆਗੂਆਂ ਤੇ ਵਰਕਰਾਂ ਦੀ ਇੱਕ ਅਹਿਮ ਮੀਟਿੰਗ ਨੂੰ ਸੰਬੋਧਨ ਦੌਰਾਨ ਕੀਤਾ ਗਿਆ। ਇਸ ਸਮੇਂ ਸੁਰਜੀਤ ਸਿੰਘ ਰਾਮਗੜ੍ਹ ਨੂੰ ਫਿਰ ਤੋਂ ਕੋਟ ਈਸੇ ਖਾਂ ਸਰਕਲ ਦੇ ਬਤੌਰ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ। ਇਸ ਸਮੇਂ ਪਾਰਟੀ ਸਫਾਂ ਵਿੱਚ ਉੱਚ ਕੱਦ ਦੇ ਆਗੂ ਸ੍ਰੀ ਮੱਖਣ ਬਰਾੜ ਨੇ ਕਿਹਾ ਕਿ ਅਕਾਲੀ ਦਲ ਇਕ ਬਹੁਤ ਹੀ ਪੁਰਾਣੀ ਪਾਰਟੀ ਹੈ ਜਿਸ ਵਿੱਚ ਹਰੇਕ ਆਗੂ ਤੇ ਵਰਕਰ ਦਾ ਬਣਦਾ ਮਾਨ ਸਨਮਾਨ ਕੀਤਾ ਜਾਂਦਾ ਹੈ। ਸ: ਸੁਰਜੀਤ ਸਿੰਘ ਰਾਮਗੜ੍ਹ ਨੂੰ ਕੋਟ ਈਸੇ ਖਾਂ ਸਰਕਲ ਦਾ ਦੁਬਾਰਾ ਤੋਂ ਪ੍ਰਧਾਨ ਬਨਣ ਉਪਰੰਤ ਸਮੂਹ ਪਾਰਟੀ ਵਰਕਰਾਂ ਤੇ ਸੱਜਣਾਂ ਮਿੱਤਰਾਂ ਅਤੇ ਸਨੇਹੀਆਂ ਵੱਲੋਂ ਲਗਾਤਾਰ ਵਧਾਈਆਂ ਦੇ ਸਨੇਹੇ ਸਬੰਧੀ ਧੰਨਵਾਦ ਕਰਦਿਆਂ ਰਾਮਗੜ੍ਹ ਨੇ ਪਾਰਟੀ ਨੂੰ ਵਿਸ਼ਵਾਸ ਦਿਵਾਉਂਦੇ ਹੋਏ ਕਿਹਾ ਕਿ ਉਹ ਹਮੇਸ਼ਾ ਪਾਰਟੀ ਪ੍ਰਤੀ ਕੰਮ ਕਰਨ ਲਈ ਦਿਨ ਰਾਤ ਇੱਕ ਕਰਨਗੇ ਤੇ ਪਾਰਟੀ ਨੂੰ ਹੋਰ ਪ੍ਰਫੁਲਤ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸੁਖਵਿੰਦਰ ਸਿੰਘ ਦਾਤੇਵਾਲ ਸਾਬਕਾ ਚੇਅਰਮੈਨ, ਰਣਜੀਤ ਰਾਣਾ ਮਸੀਤਾ, ਪਰਮਜੀਤ ਸਿੰਘ ਸਿੱਧੂ ਵਕੀਲ, ਜੋਗਿੰਦਰ ਸਿੰਘ ਪ੍ਰਧਾਨ ਬੀਸੀ ਵਿੰਗ, ਚਰਨਜੀਤ ਸਿੰਘ ਮੂਸੇਵਾਲ, ਅਮਨ ਗਾਬਾ ਯੂਥ ਆਗੂ, ਕਰਨੈਲ ਸਿੰਘ ਹੇਅਰ ਸੀਨੀਅਰ ਮੀਤ ਪ੍ਰਧਾਨ ਗਲੋਟੀ, ਗੁਰਜੰਟ ਸਿੰਘ ਗਲੋਟੀ ਸੀਨੀਅਰ ਮੀਤ ਪ੍ਰਧਾਨ, ਸਵਰਨ ਨਿਹਾਲਗੜ੍ਹ ਸਾਬਕਾ ਸਰਪੰਚ, ਜਰਨੈਲ ਸਿੰਘ ਬਹਿਰਾਮ ਕੇ, ਸਾਹਿਬ ਸਿੰਘ ਸੈਦ ਮੁਹੰਮਦ, ਗੁਰਪ੍ਰੀਤ ਸਿੰਘ ਭੁਲਰ ਸ਼ਹਿਰੀ ਪ੍ਰਧਾਨ, ਜਗਜੀਤ ਸਿੰਘ ਲਾਡੀ ਕੋਟ ਸਦਰ ਖਾਂ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਆਗੂ ਤੇ ਵਰਕਰ ਹਾਜ਼ਰ ਸਨ।

# ਵਿਧਾਇਕ ਤੇ ਕਮਿਸ਼ਨਰ ਵੱਲੋਂ ਫਾਇਰ ਸਟੇਸ਼ਨ ਦਾ ਉਦਘਾਟਨ



**ਲੁਧਿਆਣਾ (ਰਾਜ ਸਿੰਗਲਾ)**

ਸਨਅਤਕਾਰਾਂ ਤੇ ਲੁਧਿਆਣਾ ਪੂਰਬੀ ਹਲਕੇ ਦੇ ਵਸਨੀਕਾਂ ਦੀ ਚਿਰੋਕਣੀ ਮੰਗ ਨੂੰ ਪੂਰਾ ਕਰਦਿਆਂ ਹਲਕਾ ਲੁਧਿਆਣਾ ਪੂਰਬੀ ਦੇ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ, ਨਗਰ ਨਿਗਮ ਕਮਿਸ਼ਨਰ ਸੰਦੀਪ ਰਿਸ਼ੀ ਤੇ ਲੁਧਿਆਣਾ ਇੰਪਰੂਵਮੈਂਟ ਟਰੱਸਟ (ਐੱਲ.ਆਈ.ਟੀ) ਦੇ ਚੇਅਰਮੈਨ ਤਰਸੇਮ ਸਿੰਘ ਭਿੰਡਰ ਨੇ ਤਾਜਪੁਰ ਰੋਡ ਵਿਖੇ ਨਵੇਂ ਬਣੇ ਫਾਇਰ ਸਟੇਸ਼ਨ ਦਾ ਉਦਘਾਟਨ ਕੀਤਾ।ਇਹ ਫਾਇਰ ਸਟੇਸ਼ਨ ਸ਼ਨੀ ਮੰਦਰ ਨੇੜੇ ਤਾਜਪੁਰ ਰੋਡ ਡੇਅਰੀ ਕੰਪਲੈਕਸ ਵਿੱਚ ਸਥਾਪਤ ਕੀਤਾ ਗਿਆ ਹੈ।ਪ੍ਰੋਜੈਕਟ ਦੀ ਕੁੱਲ ਲਾਗਤ 1.95 ਕਰੋੜ ਰੁਪਏ ਹੈ ਤੇ ਇਸ ਪ੍ਰੋਜੈਕਟ ਲਈ ਐੱਲ.ਆਈ.ਟੀ. ਦੁਆਰਾ ਫੰਡ ਦਿੱਤੇ ਗਏ ਹਨ।ਵਿਧਾਇਕ ਗਰੇਵਾਲ ਨੇ ਇਸ ਮੌਕੇ ਫਾਇਰ ਸਟੇਸ਼ਨ ਦੇ ਅੰਦਰ ਬੂਟੇ ਵੀ ਲਗਾਏ।ਸਟਾਫ ਨਾਲ ਦੋ ਮੌਜੂਦਾ ਫਾਇਰ ਟੈਂਡਰ ਤਾਜਪੁਰ ਰੋਡ ਫਾਇਰ ਸਟੇਸ਼ਨ 'ਤੇ ਤਾਇਨਾਤ ਕੀਤੇ ਗਏ ਹਨ ਤੇ ਐੱਲ.ਆਈ.ਟੀ. ਪ੍ਰੋਜੈਕਟ ਦੇ ਤਹਿਤ ਦੋ ਹੋਰ ਫਾਇਰ ਟੈਂਡਰ ਖਰੀਦਣ ਲਈ ਕੰਮ ਕਰ ਰਿਹਾ ਹੈ।ਫਾਇਰ ਕੰਟਰੋਲ ਰੂਮ 0161-101 ਨਾਲ ਸੰਪਰਕ ਕਰਨ ਤੋਂ ਇਲਾਵਾ ਸ਼ਹਿਰ ਵਾਸੀ ਹੁਣ ਐਮਰਜੈਂਸੀ ਸਮੇਂ ਤਾਜਪੁਰ ਰੋਡ ਫਾਇਰ ਸਟੇਸ਼ਨ ਨਾਲ ਇਸ ਨੰਬਰ (90566-94940) 'ਤੇ ਸਿੱਧਾ ਸੰਪਰਕ ਵੀ ਕਰ ਸਕਦੇ ਹਨ।

ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸੂਬੇ ਭਰ ਵਿੱਚ ਮਿਆਰੀ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਕੰਮ ਕਰ ਰਹੀ ਹੈ।ਤਾਜਪੁਰ ਰੋਡ 'ਤੇ ਫਾਇਰ ਸਟੇਸ਼ਨ ਵਿਕਸਤ ਕਰਨਾ ਹਲਕੇ ਦੇ ਵਸਨੀਕਾਂ ਤੇ ਉਦਯੋਗਪਤੀਆਂ ਦੀ ਲੰਬੇ ਸਮੇਂ ਤੋਂ ਲਟਕਦੀ ਆ ਰਹੀ ਮੰਗ ਸੀ, ਕਿਉਂਕਿ ਤਾਜਪੁਰ ਰੋਡ, ਟਿੱਬਾ ਰੋਡ ਤੇ ਨੇੜਲੇ ਇਲਾਕਿਆਂ ਵਿੱਚ ਵੱਡੀ ਗਿਣਤੀ ਵਿੱਚ ਹੌਜ਼ਰੀ/ਟੈਕਸਟਾਈਲ ਯੂਨਿਟ ਚੱਲ ਰਹੇ ਹਨ।ਜੇਕਰ ਤਾਜਪੁਰ ਰੋਡ ਜਾਂ ਆਸ-ਪਾਸ ਦੇ ਇਲਾਕਿਆਂ 'ਚ ਅੱਗ ਲੱਗਣ ਦੀ ਸੂਚਨਾ ਮਿਲਦੀ ਹੈ ਤਾਂ ਫਾਇਰ ਬ੍ਰਿਗੇਡ ਨੂੰ ਸੁੰਦਰ ਨਗਰ ਤੇ ਸ਼ਹਿਰ ਦੇ ਵੱਖ-ਵੱਖ ਹਿੱਸਿਆਂ 'ਚ ਸਥਿਤ ਹੋਰ ਫਾਇਰ ਸਟੇਸ਼ਨਾਂ ਤੋਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੰਗਵਾਉਣੀਆਂ ਪੈਂਦੀਆਂ ਸਨ। ਵਿਧਾਇਕ ਗਰੇਵਾਲ ਨੇ ਕਿਹਾ ਕਿ ਲੁਧਿਆਣਾ ਪੂਰਬੀ ਹਲਕੇ ਵਿੱਚ ਬਿਜਲੀ ਗਰਿੱਡਾਂ ਦੀ ਸਥਾਪਨਾ, ਨਵੇਂ ਸਕੂਲਾਂ ਦੀ ਉਸਾਰੀ, ਸੜਕਾਂ ਦਾ ਪੁਨਰ ਨਿਰਮਾਣ ਆਦਿ ਸਮੇਤ ਵੱਡੀ ਗਿਣਤੀ ਵਿੱਚ ਵਿਕਾਸ ਕਾਰਜ ਕੀਤੇ ਜਾ ਰਹੇ ਹਨ।

# ਪੈਨਸ਼ਨਰਾਂ ਤੇ ਮੁਲਾਜ਼ਮਾਂ ਵੱਲੋਂ ਸਰਕਾਰ ਤੇ ਪਾਵਰਕਾਮ ਖਿਲਾਫ ਪ੍ਰਦਰਸ਼ਨ



**ਮੂਨਕ (ਰਾਜਪਾਲ ਸਿੰਗਲਾ)**-ਸ਼ਹਿਰ ਅੰਦਰ ਬਿਜਲੀ ਦਫ਼ਤਰ ਮੂਨਕ ਵਿੱਚ ਪੈਨਸ਼ਨਰਾਂ ਤੇ ਮੂਨਕ ਸਬ ਡਵੀਜ਼ਨ ਦੇ ਸਾਰੇ ਮੁਲਾਜ਼ਮਾਂ ਵੱਲੋਂ ਸਾਂਝੇ ਤੌਰ 'ਤੇ ਗੇਟ ਰੈਲੀ ਕੀਤੀ ਗਈ।ਇਸ ਰੈਲੀ ਨੂੰ ਸੰਬੋਧਨ ਕਰਦੇ ਹੋਏ ਪੈਨਸ਼ਨਰ ਆਗੂ ਜਗਰੂਪ ਸਿੰਘ ਤੇ ਬਿਜਲੀ ਮੁਲਾਜ਼ਮ ਜਗਮੋਹਨ ਸਿੰਘ ਨੇ ਕਿਹਾ ਕਿ ਇਹ ਰੈਲੀ ਪੰਜਾਬ ਸਰਕਾਰ ਤੇ ਪਾਵਰਕਾਮ ਖਿਲਾਫ ਕੀਤੀ ਗਈ, ਕਿਉਂਕਿ ਜਨਵਰੀ ਮਹੀਨੇ ਦੀ ਤਨਖਾਹ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀ ਸਮੇਂ ਸਿਰ ਨਹੀਂ ਪਾਈ ਗਈ, ਜਿਸ ਦੇ ਰੋਸ ਵਜੋਂ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਮੁਲਾਜ਼ਮਾਂ ਨੇ ਕਿਹਾ ਕਿ ਸਾਡੀ ਜਿਹੜੀ ਤਨਖਾਹ ਹੈ, ਹਰ ਮਹੀਨੇ ਦੇ ਆਖਰੀ ਦਿਨਾਂ ਦੇ ਵਿੱਚ ਪੈ ਜਾਂਦੀ ਹੈ, ਪਰ ਇਸ ਵਾਰ ਸਰਕਾਰ ਵੱਲੋਂ ਇਹ ਤਨਖਾਹ ਨੂੰ ਲੇਟ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ ਦੇਰੀ ਕੀਤੀ ਤਾਂ ਵੱਡੇ ਪੱਧਰ 'ਤੇ ਸੰਘਰਸ਼ ਕੀਤਾ ਜਾਵੇਗਾ।ਇਸ ਮੌਕੇ ਮੰਗਤ ਸਿੰਘ, ਸੋਮ ਚੰਦ, ਜਗਰੂਪ ਸਿੰਘ, ਸੀਨੀਅਰ ਮੀਤ ਪ੍ਰਧਾਨ ਡਵੀਜ਼ਨ ਲਹਿਰਾ ਪੈਨਸ਼ਨ ਐਸੋਸੀਏਸ਼ਨ ਤੇ ਮੁਲਾਜ਼ਮਾਂ ਵੱਲੋਂ ਜਗਮੋਹਨ ਕੁਮਾਰ, ਭੀਮ ਸਿੰਘ, ਰਾਮਫਲ ਸਿੰਘ, ਬਲਵਿੰਦਰ ਸਿੰਘ ਬੱਲਰਾ ਨੇ ਦੱਸਿਆ ਕਿ ਕੇਂਦਰ ਸਰਕਾਰ ਦੀਆਂ ਨੀਤੀਆਂ 'ਤੇ ਚਲਦੇ ਹੋਏ ਜਾਣਬੁੱਝ ਕੇ ਪੈਨਸ਼ਨ ਤੇ ਮੁਲਾਜ਼ਮਾਂ ਦੀਆਂ ਮੰਗਾਂ ਮਨਾਉਣ ਲਈ ਸੰਘਰਸ਼ ਜਾਰੀ ਰਹੇਗਾ।

# ਮਹਿਲਾ ਮੁਲਾਜ਼ਮਾਂ ਦੇ ਸ਼ੋਸ਼ਣ ਨੂੰ ਰੋਕਣ ਸੰਬੰਧੀ ਜਾਗਰੂਕਤਾ ਪ੍ਰੋਗਰਾਮ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਤੇ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਸਹਿਤ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ਼੍ਰੀ ਅਰੁਣ ਗੁਪਤਾ ਦੀ ਅਗਵਾਈ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਤਹਿਗੜ੍ਹ ਸਾਹਿਬ ਵੱਲੋਂ ਕੰਮ ਵਾਲੇ ਸਥਾਨ ਤੇ ਔਰਤਾਂ ਦੇ ਹੁੰਦੇ ਸ਼ੋਸ਼ਣ ਨੂੰ ਰੋਕਣ ਸਬੰਧੀ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਪੂਰੇ ਜ਼ਿਲ੍ਹੇ ਦੀਆਂ ਫੈਕਟਰੀਆਂ ਦੇ ਪ੍ਰਤੀਨਿਧੀ ਸ਼ਾਮਲ ਹੋਏ। ਇਸ ਮੌਕੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਕੱਤਰ ਸ਼੍ਰੀਮਤੀ ਮਨਪ੍ਰੀਤ ਕੌਰ ਨੇ ਇਸ ਮੌਕੇ ਹਾਜ਼ਰ ਨੁਮਾਇੰਦਿਆਂ ਨਾਲ ਵਿਚਾਰ ਵਟਾਂਦਰਾ ਕੀਤਾ ਤੇ ਉਨ੍ਹਾਂ ਨੂੰ ਅੱਜ ਦੇ ਇਸ ਪ੍ਰੋਗਰਾਮ ਸਬੰਧੀ ਜਾਣੂ ਕਰਵਾਇਆ ਗਿਆ।ਇਸ ਮੌਕੇ ਐਡਵੋਕੇਟ ਸ੍ਰੀ ਜਤਿੰਦਰਪਾਲ ਸਿੰਘ ਬੱਤਰਾ ਅਤੇ ਮੈਡਮ ਪਰਵੀਨ ਕੌਰ ਵੱਲੋਂ ਇਨ੍ਹਾਂ ਅਦਾਰਿਆਂ ਨੂੰ ਸੁਪਰੀਮ ਕੋਰਟ ਦੀ ਨਵੀਂ ਗਾਈਡਲਾਈਨ ਅਨੁਸਾਰ ਅੰਦਰੂਨੀ ਸ਼ਿਕਾਇਤ ਕਮੇਟੀਆਂ ਦੇ ਗਠਨ ਕਰਨ ਬਾਰੇ ਤੇ ਇਸ ਦੇ ਕੰਮਕਾਜ ਦੇ ਤਰੀਕਿਆਂ ਤੋਂ ਜਾਣੂ ਕਰਵਾਇਆ ਗਿਆ।

ਸ਼੍ਰੀਮਤੀ ਮਨਪ੍ਰੀਤ ਕੌਰ ਨੇ ਦੱਸਿਆ ਕਿ ਕੋਈ ਵੀ ਸਰਕਾਰੀ ਜਾਂ ਪ੍ਰਾਈਵੇਟ ਅਦਾਰਾ ਜਿੱਥੇ 10 ਜਾਂ 10 ਤੋਂ ਵੱਧ ਕਰਮਚਾਰੀ ਕੰਮ ਕਰਦੇ ਹਨ, ਉੱਥੇ ਅੰਦਰੂਨੀ ਸ਼ਿਕਾਇਤ ਕਮੇਟੀ ਬਣਨੀ ਚਾਹੀਦੀ ਹੈ, ਜਿਸ ਵਿੱਚ ਚਾਰ ਮੈਂਬਰ ਹੋਣਗੇ। ਇਨ੍ਹਾਂ ਵਿੱਚੋਂ ਦੋ ਮਹਿਲਾ ਮੈਂਬਰ ਹੋਣਗੇ ਤੇ ਕਮੇਟੀ ਦੀ ਚੇਅਰਪਰਸਨ ਮਹਿਲਾ ਹੋਣੀ ਜ਼ਰੂਰੀ ਹੈ ਅਤੇ ਇਕ ਮੈਂਬਰ ਕੋਈ ਐਨ.ਜੀ.ਓ. ਜਾਂ ਸੋਸ਼ਲ ਵਰਕਰ ਹੋ ਸਕਦਾ ਹੈ, ਜੋ ਕਿ ਆਈਆਂ ਹੋਈਆਂ ਸ਼ਿਕਾਇਤਾਂ ਦਾ ਦਿੱਤੇ ਸਮੇਂ 'ਚ ਨਿਪਟਾਰਾ ਕਰਨਗੇ ਤੇ ਇਸ ਦੀ ਸਾਲਾਨਾ ਰਿਪੋਰਟ ਤਿਆਰ ਕਰਨਗੇ।ਇਸ ਸਬੰਧੀ ਆਏ ਹੋਏ ਸਾਰੇ ਪ੍ਰਤੀਨਿਧੀਆਂ ਨੂੰ ਸੁਪਰੀਮ ਕੋਰਟ ਦੀਆਂ ਗਾਈਡਲਾਈਨ ਵੀ ਮੁਹੱਈਆ ਕਰਵਾਈਆਂ ਗਈਆਂ ਤੇ ਨਾਲ ਹੀ ਆਉਣ ਵਾਲੀ ਕੌਮੀ ਲੋਕ ਅਦਾਲਤ ਬਾਰੇ ਜਾਣਕਾਰੀ ਦਿੱਤੀ ਗਈ।

# ਬਿਜਲੀ ਮੁਲਾਜ਼ਮਾਂ ਵੱਲੋਂ ਤਨਖਾਹਾਂ ਜਾਰੀ ਨਾ ਕਰਨ ਦੇ ਰੋਸ ਵਜੋਂ ਨਾਅਰੇਬਾਜ਼ੀ



**ਸੰਗਰੂਰ (ਪ੍ਰਵੀਨ ਸਿੰਘ)**-ਜੁਆਇੰਟ ਫੋਰਮ ਪੰਜਾਬ ਤੇ ਏਕਤਾ ਮੰਚ ਵੱਲੋਂ ਬਿਜਲੀ ਮੁਲਾਜ਼ਮਾਂ ਦੀ ਜਨਵਰੀ 2024 ਦੀਆਂ ਤਨਖਾਹਾਂ ਜਾਰੀ ਨਾ ਕਰਨ ਦੇ ਰੋਸ ਵਜੋਂ ਸੰਗਰੂਰ ਦੇ ਮੁਲਾਜ਼ਮਾਂ ਵੱਲੋਂ ਸਰਕਲ ਦਫਤਰ ਸੰਗਰੂਰ ਤੇ ਮੰਡਲ ਦਫ਼ਤਰ ਸੰਗਰੂਰ ਅੱਗੇ ਜ਼ੋਰਦਾਰ ਨਾਅਰੇਬਾਜ਼ੀ ਅਤੇ ਰੋਸ ਰੈਲੀ ਕੀਤੀ ਗਈ।

ਇਸ ਰੋਸ ਰੈਲੀਆਂ ਨੂੰ ਸਰਕਲ ਆਗੂ ਜਸਪਾਲ ਸ਼ਰਮਾ, ਪੁਨੀਤ ਪਰਾਸਾਰ, ਗੌਰਵ ਜੋਸ਼ੀ, ਗੁਰਬਖਸ਼ੀਸ਼ ਸਿੰਘ, ਨਿਰਭੈ ਸਿੰਘ, ਭੋਲਾ ਸਿੰਘ ਗੱਗੜਪੁਰ, ਜੋਗਾ ਸਿੰਘ, ਪਰਮਿੰਦਰ ਸਿੰਘ ਤੇ ਕਰਨ ਸਿੰਘ ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਪਾਵਰਕਾਮ ਦੇ ਮੈਨੇਜਮੈਂਟ ਮੁਲਾਜ਼ਮਾਂ ਦੇ ਸਬਰ ਦਾ ਇਮਤਿਹਾਨ ਲੈ ਰਹੀ ਹੈ।ਮੁਲਾਜ਼ਮਾਂ ਦੀਆਂ ਵਾਜਬ ਮੰਗਾਂ ਮੰਨਣ ਦੀ ਬਜਾਏ ਮੁਲਾਜ਼ਮਾਂ ਦੀਆਂ ਤਨਖਾਹ ਰੋਕ ਰਹੀ ਹੈ, ਜਿਸ ਨੂੰ ਪੰਜਾਬ ਦੇ ਕਾਮੇ ਬਰਦਾਸ਼ਤ ਨਹੀਂ ਕਰਨਗੇ।ਆਗੂਆਂ ਨੇ ਕਿਹਾ ਜੇਕਰ ਅੱਜ ਤਨਖਾਹ ਜਾਰੀ ਨਹੀਂ ਕੀਤੀ ਤਾਂ ਆਉਣ ਵਾਲੇ ਸਮੇਂ ਵਿੱਚ ਕੰਮ ਬੰਦ ਕੀਤਾ ਜਾ ਸਕਦਾ ਹੈ ਅਤੇ ਹੋਰ ਮੰਗਾਂ ਦੀ ਪ੍ਰਾਪਤੀ ਲਈ 9 ਫਰਵਰੀ ਨੂੰ ਸਬ ਡਵੀਜ਼ਨ/ਡਵੀਜ਼ਨ ਪੱਧਰ 'ਤੇ ਰੋਸ ਰੈਲੀਆਂ ਕੀਤੀਆਂ ਜਾਣਗੀਆਂ ਅਤੇ 16 ਫਰਵਰੀ ਨੂੰ ਹੜਤਾਲ ਕੀਤੀ ਜਾਵੇਗੀ ਤੇ 20 ਫਰਵਰੀ ਨੂੰ ਬਿਜਲੀ ਮੰਤਰੀ ਦੀ ਕੋਠੀ ਅੱਗੇ ਵਿਸ਼ਾਲ ਰੋਸ ਧਰਨਾ ਦਿੱਤਾ ਜਾਵੇਗਾ।

# ਨਿਰੰਕਾਰੀ ਸੰਤ ਸਮਾਗਮ ਆਨੰਦਮਈ ਮਾਹੌਲ 'ਚ ਸਫਲਤਾਪੂਰਵਕ ਸਮਾਪਤ

## ਰੱਬੀ ਗੁਣਾਂ ਨਾਲ ਭਰਪੂਰ ਹੋ ਕੇ ਸੱਚੇ ਮਨੁੱਖ ਬਣੋ : ਮਾਤਾ ਸੁਦੀਕਸ਼ਾ



**ਸਮਾਣਾ/ਨਾਗਪੁਰ (ਇਕਬਾਲ ਸਿੰਘ ਬੱਲ)**-'ਪਿਆਰ, ਨਿਮਰਤਾ, ਮਿਠਾਸ ਵਰਗੇ ਦੈਵੀ ਗੁਣਾਂ ਨੂੰ ਅਪਣਾ ਕੇ, ਆਓ ਮਨ-ਵਚਨ-ਕਰਮਾਂ ਦੁਆਰਾ ਸੱਚੇ ਮਨੁੱਖ ਬਣੀਏ।' ਇਹ ਪਾਵਨ ਪ੍ਰਵਚਨਾਂ ਦਾ ਪ੍ਰਗਟਾਵਾ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ ਨਾਗਪੁਰ ਵਿੱਚ ਤਿੰਨ ਰੋਜ਼ਾ ਨਿਰੰਕਾਰੀ ਸੰਤ ਸਮਾਗਮ ਦੀ ਸਮਾਪਤੀ ਦੌਰਾਨ ਹਾਜ਼ਰ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤਾ। ਇਹ ਯਾਦਗਾਰ ਇਲਾਹੀ ਸੰਤ ਸਮਾਗਮ ਅਮਿੱਟ ਯਾਦਾਂ ਦੇ ਬਿਖਰਾਓ ਨਾਲ ਆਨੰਦਮਈ ਮਾਹੌਲ ਵਿੱਚ ਸਮਾਪਤ ਹੋਇਆ। ਸਤਿਗੁਰੂ ਮਾਤਾ ਜੀ ਨੇ ਸਮਰਪਣ ਦੀ ਸੱਚੀ ਭਾਵਨਾ ਦਾ ਜ਼ਿਕਰ ਕਰਦੇ ਹੋਏ ਸਮਝਾਇਆ ਕਿ ਜਦੋਂ ਅਸੀਂ ਆਪਣੀ ਮੈਂ ਤੇ ਹਉਮੈ ਨੂੰ ਤਿਆਗ ਦਿੰਦੇ ਹਾਂ ਤੇ ਪੂਰੀ ਸ਼ਰਧਾ ਨਾਲ ਪ੍ਰਮਾਤਮਾ ਨਾਲ ਇੱਕ ਹੋ ਜਾਂਦੇ ਹਾਂ, ਤਦ ਸਾਡੀ ਅੰਤਰ ਆਤਮਾ ਸਕੂਨ ਤੇ ਅਲੌਕਿਕ ਅਨੰਦ ਦਾ ਅਨੁਭਵ ਕਰਦੀ ਹੈ। ਇਹ ਪਰਮ ਆਨੰਦ ਸਾਡੇ ਵਿਹਾਰ ਵਿੱਚ ਵੀ ਦਿਸਦਾ ਹੈ। ਫਿਰ ਸਾਰੇ ਸੰਸਾਰ ਦਾ ਹਰ ਜੀਵ ਸਾਨੂੰ ਆਪਣਾ ਜਾਪਣ ਲੱਗ ਪੈਂਦਾ ਹੈ ਤੇ ਸਾਡਾ ਜੀਵਨ ਮਨੁੱਖਤਾ ਦੇ ਰੱਬੀ ਗੁਣਾਂ ਨਾਲ ਸੁਗੰਧਤ ਹੋ ਜਾਂਦਾ ਹੈ। ਸਮਾਗਮ ਦੇ ਤੀਜੇ ਦਿਨ ਦਾ ਮੁੱਖ ਆਕਰਸ਼ਨ ਬਹੁ-ਭਾਸ਼ੀ ਕਵੀ ਦਰਬਾਰ ਰਿਹਾ, ਜਿਸ ਵਿੱਚ 22 ਕਵੀਆਂ ਨੇ 'ਸਕੂਨ ਅੰਤਰਮਨ ਦਾ' ਵਿਸ਼ੇ 'ਤੇ ਮਰਾਠੀ, ਹਿੰਦੀ, ਕੋਂਕਣੀ, ਪੰਜਾਬੀ, ਭੋਜਪੁਰੀ, ਅੰਗਰੇਜ਼ੀ ਤੇ ਉਰਦੂ ਭਾਸ਼ਾਵਾਂ ਵਿੱਚ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ, ਜਿਸ ਦਾ ਸਮੂਹ ਸੰਗਤਾਂ ਨੇ ਖੂਬ ਆਨੰਦ ਮਾਣਿਆ ਤੇ ਸਾਰਿਆਂ ਵੱਲੋਂ ਪ੍ਰਸੰਸਾ ਕੀਤੀ ਗਈ।

ਸਮਾਗਮ ਦੇ ਅਖ਼ੀਰ ਵਿੱਚ ਸੰਤ ਨਿਰੰਕਾਰੀ ਮੰਡਲ ਦੇ ਮੈਂਬਰ ਇੰਚਾਰਜ (ਪ੍ਰਚਾਰ ਪ੍ਰਸਾਰ) ਸ੍ਰੀ ਮੋਹਨ ਛਾਬੜਾ ਨੇ ਨਾਗਪੁਰ ਦੀ ਨਗਰੀ ਵਿੱਚ ਸੰਤ ਸਮਾਗਮ ਦੀ ਦਾਤ ਪ੍ਰਦਾਨ ਕਰਨ ਲਈ ਸਤਿਗੁਰੂ ਮਾਤਾ ਜੀ ਤੇ ਨਿਰੰਕਾਰੀ ਰਾਜਪਿਤਾ ਜੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਨਾਲ ਹੀ ਮਹਾਰਾਸ਼ਟਰ ਦੇ ਅਗਲੇ 58ਵੇਂ ਸੰਤ ਸਮਾਗਮ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾ ਕਿਹਾ ਕਿ ਅਗਲੇ ਨਿਰੰਕਾਰੀ ਸੰਤ ਸਮਾਗਮ ਦਾ ਅਯੋਜਨ ਪੂਣੇ ਸ਼ਹਿਰ ਦੀ ਧਰਤੀ 'ਤੇ ਹੋਵੇਗਾ।

# ਵਿਧਾਇਕ ਪਰਾਸ਼ਰ ਨੇ ਵੱਖ-ਵੱਖ ਵਾਰਡਾਂ 'ਚ 1.30 ਕਰੋੜ ਦੇ ਪ੍ਰੋਜੈਕਟਾਂ ਦਾ ਕੀਤਾ ਉਦਘਾਟਨ



**ਲੁਧਿਆਣਾ (ਰਾਜ ਸਿੰਗਲਾ)**-ਹਲਕਾ ਲੁਧਿਆਣਾ ਕੇਂਦਰੀ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੇ ਹਲਕੇ ਦੇ ਵੱਖ-ਵੱਖ ਵਾਰਡਾਂ ਵਿੱਚ ਕਰੀਬ 1.30 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ।ਇਨ੍ਹਾਂ ਵਿੱਚ ਬਾਬਾ ਥਾਨ ਸਿੰਘ ਚੌਂਕ ਤੋਂ ਸਮਰਾਲਾ ਚੌਕ ਤੱਕ ਸੜਕ ਦੀ ਸੈਂਟਰਲ ਵਰਜ ਬਣਾਉਣ ਦਾ ਪ੍ਰਾਜੈਕਟ ਵੀ ਸ਼ਾਮਲ ਹੈ।ਇਹ ਪ੍ਰੋਜੈਕਟ ਲਗਭਗ 96.30 ਲੱਖ ਰੁਪਏ ਦੀ ਲਾਗਤ ਨਾਲ ਕੀਤਾ ਜਾ ਰਿਹਾ ਹੈ।ਵਿਧਾਇਕ ਪਰਾਸ਼ਰ ਨੇ ਬਰਾਊਨ ਰੋਡ (ਨੇੜੇ ਡਵੀਜ਼ਨ ਨੰਬਰ 2 ਪੁਲਸ ਸਟੇਸ਼ਨ) ਤੇ ਸਰਕੂਲਰ ਰੋਡ (ਮਾਧੋਪੁਰੀ) ਵਿੱਚ ਟਿਊਬਵੈੱਲ ਲਗਾਉਣ ਲਈ ਦੋ ਪ੍ਰੋਜੈਕਟਾਂ ਦੀ ਸ਼ੁਰੂਆਤ ਵੀ ਕੀਤੀ।ਇਸ ਤੋਂ ਇਲਾਵਾ ਵਿਧਾਇਕ ਨੇ ਘਾਟੀ ਮੁਹੱਲਾ ਤੇ ਕਲਿਆਣ ਨਗਰ (ਨੇੜੇ ਕਮਲਾ ਲੋਹਟੀਆ ਕਾਲਜ) ਵਿੱਚ ਲਗਾਏ ਗਏ ਦੋ ਟਿਊਬਵੈੱਲਾਂ ਦਾ ਉਦਘਾਟਨ ਵੀ ਕੀਤਾ।ਇਨ੍ਹਾਂ ਚਾਰਾਂ ਪ੍ਰਾਜੈਕਟਾਂ ਦੀ ਕੁੱਲ ਲਾਗਤ ਲਗਭਗ 34 ਲੱਖ ਰੁਪਏ ਹੈ।ਵਿਧਾਇਕ ਪਰਾਸ਼ਰ ਨੇ ਕਿਹਾ ਕਿ ਹਲਕਾ ਲੁਧਿਆਣਾ ਕੇਂਦਰੀ ਵਿੱਚ ਸ਼ਹਿਰ ਵਾਸੀਆਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਪੂਰਾ ਕਰਨ ਲਈ ਕਈ ਤਰ੍ਹਾਂ ਦੇ ਵਿਕਾਸ ਕਾਰਜ ਕੀਤੇ ਜਾ ਰਹੇ ਹਨ।ਵਿਧਾਇਕ ਪਰਾਸ਼ਰ ਨੇ ਅੱਗੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਲਈ ਕੰਮ ਕਰ ਰਹੀ ਹੈ।ਆਉਣ ਵਾਲੇ ਦਿਨਾਂ ਵਿੱਚ ਲੁਧਿਆਣਾ ਕੇਂਦਰੀ ਹਲਕੇ ਵਿੱਚ ਕਰੋੜਾਂ ਰੁਪਏ ਦੇ ਹੋਰ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਜਾਵੇਗਾ।

# ਬਸਪਾ ਆਗੂ ਡਾ. ਲੱਖੇਵਾਲੀ ਨਾਲ ਮਿਸ਼ਨ ਆਗੂਆਂ ਨੇ ਕੀਤਾ ਦੁੱਖ ਸਾਂਝਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)**-ਸਥਾਨਕ ਗੋਨਿਆਣਾ ਚੌਕ ਨਿਵਾਸੀ ਬਹੁਜਨ ਸਮਾਜ ਪਾਰਟੀ ਦੇ ਸਾਬਕਾ ਸੂਬਾ ਸਕੱਤਰ ਡਾ. ਗੁਰਚਰਨ ਸਿੰਘ ਲੱਖੇਵਾਲੀ ਦੀ ਧਰਮ ਪਤਨੀ ਕ੍ਰਿਸ਼ਨਾ ਦੇਵੀ ਅੱਕੂ (77) ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ। ਪੰਜਾਬ ਦੇ ਸਿਹਤ ਵਿਭਾਗ ਵਿੱਚ ਤਾਇਨਾਤ ਰਹੀ ਸਵ: ਕ੍ਰਿਸ਼ਨਾ ਦੇਵੀ ਨੇ ਆਪਣੇ ਸਮੁੱਚੇ ਜੀਵਨ ਵਿੱਚ ਸਿਹਤ ਵਿਭਾਗ ਵਿੱਚ ਹੀ ਤਾਇਨਾਤ ਆਪਣੇ ਪਤੀ ਟਕਸਾਲੀ ਬਸਪਾ ਆਗੂ ਡਾ. ਗੁਰਚਰਨ ਸਿੰਘ ਲੱਖੇਵਾਲੀ ਦਾ ਬਹੁਜਨ ਲਹਿਰ ਨੂੰ ਅੱਗੇ ਲਿਜਾਣ ਵਿੱਚ ਅਹਿਮ ਸਾਥ ਦਿੱਤਾ।ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਵ: ਸਾਹਿਬ ਕਾਂਸ਼ੀ ਰਾਮ ਤੇ ਮੌਜੂਦਾ ਸੁਪਰੀਮੋ ਭੈਣ ਮਾਇਆਵਤੀ ਜੀ ਦੀ ਵਿਚਾਰਧਾਰਾ ਨੂੰ ਘਰ ਘਰ ਪਹੁੰਚਾਉਣ ਲਈ ਸਵ: ਕ੍ਰਿਸ਼ਨਾ ਦੇਵੀ ਨੇ ਸਿਰਤੋੜ ਯਤਨ ਕੀਤਾ।ਬਹੁਜਨ ਲਹਿਰ ਨੂੰ ਸਿਖਰਾਂ ਵੱਲ ਲਿਜਾਣ ਵਾਲੀ ਸਵ: ਕ੍ਰਿਸ਼ਨਾ ਦੇਵੀ ਇਲਾਕੇ ਦੀ ਸਭ ਤੋਂ ਪਹਿਲੀ ਇਸਤਰੀ ਆਗੂ ਸਨ, ਜੋ ਆਪਣੀ ਬੇਬਾਕੀ ਤੇ ਨਿੱਡਰਤਾ ਲਈ ਸਮੁੱਚੇ ਪੰਜਾਬ ਭਰ ਵਿੱਚ ਜਾਣੇ ਜਾਂਦੇ ਸਨ।

ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਆਗੂਆਂ ਨੇ ਅੱਜ ਆਪਣੇ ਪ੍ਰਧਾਨ ਪ੍ਰਸਿਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਸਵ: ਕ੍ਰਿਸ਼ਨਾ ਦੇਵੀ ਦੇ ਗ੍ਰਹਿ ਵਿਖੇ ਜਾ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।ਇਸ ਮੌਕੇ ਮਿਸ਼ਨ ਦੇ ਚੇਅਰਮੈਨ ਇੰਜ. ਅਸ਼ੋਕ ਕੁਮਾਰ ਭਾਰਤੀ, ਸੀਨੀਅਰ ਮੀਤ ਪ੍ਰਧਾਨ ਨਿਰੰਜਣ ਸਿੰਘ ਰੱਖਰਾ, ਜਗਦੀਸ਼ ਧਵਾਲ, ਡਾ. ਸੁਰਿੰਦਰ ਗਿਰਧਰ, ਪ੍ਰਸ਼ੋਤਮ ਗਿਰਧਰ, ਓ. ਪੀ. ਖਿੱਚੀ ਤੇ ਨਰਿੰਦਰ ਕਾਕਾ ਫੋਟੋ ਗ੍ਰਾਫਰ ਆਦਿ ਸ਼ਾਮਲ ਹੋਏ। ਸਵ: ਕ੍ਰਿਸ਼ਨਾ ਦੇਵੀ ਨਮਿੱਤ ਅੰਤਿਮ ਅਰਦਾਸ ਤੇ ਪਾਠ ਦਾ ਭੋਗ 3 ਫਰਵਰੀ ਨੂੰ ਸਥਾਨਕ ਬਠਿੰਡਾ ਰੋਡ ਸਥਿਤ ਸ਼ਾਂਤੀ ਭਵਨ ਵਿਖੇ ਦੁਪਹਿਰ ਦੇ 12:00 ਤੋਂ 1:00 ਵਜੇ ਤੱਕ ਪਵੇਗਾ।

# ਸੜਕ ਸੁਰੱਖਿਆ ਨਿਯਮਾਂ ਬਾਰੇ ਜਾਗਰੂਕਤਾ ਅਭਿਆਨ ਜਾਰੀ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਸੰਗਰੂਰ ਵਿਖੇ ਸੜਕ ਸੁਰੱਖਿਆ ਨਿਯਮਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਅਭਿਆਨ ਨਿਯਮਤ ਪੱਧਰ 'ਤੇ ਜਾਰੀ ਹੈ। ਹਰੇਕ ਵਾਹਨ ਚਾਲਕ ਨੂੰ ਆਵਾਜਾਈ ਨਿਯਮਾਂ ਦੀ ਪਾਲਣਾ ਲਈ ਸੁਚੇਤ ਕਰਨ ਹਿੱਤ ਚੱਲ ਰਹੇ ਯਤਨਾਂ ਦੀ ਕੜੀ ਤਹਿਤ ਹੀ ਜ਼ਿਲ੍ਹਾ ਟ੍ਰੈਫਿਕ ਪੁਲਸ ਵੱਲੋਂ ਐੱਸ ਐੱਸ ਪੀ ਸਰਤਾਜ ਸਿੰਘ ਚਹਿਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹੇ ਦੇ ਸਮੂਹ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਵਿਖੇ ਜਾਗਰੂਕਤਾ ਸੈਮੀਨਾਰ ਕਰਵਾਏ ਜਾ ਰਹੇ ਹਨ।ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਟ੍ਰੈਫਿਕ ਐਜੂਕੇਸ਼ਨ ਇੰਚਾਰਜ ਥਾਣੇਦਾਰ ਪਵਨ ਸ਼ਰਮਾ ਨੇ ਦੱਸਿਆ ਕਿ ਸਰਕਾਰੀ ਕੰਨਿਆ ਸਮਾਰਟ ਸੀਨੀਅਰ ਸੈਕੰਡਰੀ ਸਕੂਲ ਸੰਗਰੂਰ ਤੇ ਸਪਰਿੰਗਡੇਲ ਸਕੂਲ ਵਿਖੇ ਸੈਮੀਨਾਰਾਂ ਨੂੰ ਵਿਦਿਆਰਥੀਆਂ ਨੇ ਭਰਵਾਂ ਹੁੰਗਾਰਾ ਦਿੱਤਾ ਤੇ ਟ੍ਰੈਫਿਕ ਸੈੱਲ ਦੇ ਮਾਹਰਾਂ ਨੇ ਬੱਚਿਆਂ ਨੂੰ ਸੜਕ 'ਤੇ ਚੱਲਣ ਦੇ ਨਿਯਮਾਂ, ਸੰਕੇਤਾਂ, ਟ੍ਰੈਫਿਕ ਲਾਈਟਾਂ, ਵਾਹਨ ਚਲਾਉਣ ਲਈ ਜ਼ਰੂਰੀ ਹਦਾਇਤਾਂ ਦੀ ਪਾਲਣਾ ਆਦਿ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ।ਉਨ੍ਹਾਂ ਦੱਸਿਆ ਕਿ ਇਹ ਜਾਗਰੂਕਤਾ ਅਭਿਆਨ ਨਿਰੰਤਰ ਜਾਰੀ ਰੱਖਦੇ ਹੋਏ ਹਰੇਕ ਵਿੱਦਿਅਕ ਅਦਾਰੇ ਵਿੱਚ ਪਹੁੰਚ ਕੀਤੀ ਜਾਵੇਗੀ ਤਾਂ ਜੋ ਸੜਕ ਹਾਦਸਿਆਂ ਨੂੰ ਠੱਲ੍ਹ ਪਾਈ ਜਾ ਸਕੇ।

# ਨਵਦੀਪ ਕੌਰ ਨੇ ਜਿੱਤਿਆ ਜ਼ਿਲ੍ਹਾ ਪੱਧਰੀ ਇੰਗਲਿਸ਼ ਡੈਕਲਾਮੇਸ਼ਨ ਮੁਕਾਬਲਾ



**ਬੁਢਲਾਡਾ (ਅਸ਼ੋਕ ਲਾਕੜਾ)**

ਪ੍ਰਿੰਸੀਪਲ ਅਰੁਣ ਕੁਮਾਰ ਗਰਗ ਦੀ ਯੋਗ ਅਗਵਾਈ ਅਧੀਨ ਚੱਲ ਰਹੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦਾਤੇਵਾਸ (ਮਾਨਸਾ) ਦੀ ਵਿਦਿਆਰਥਣ ਨਵਦੀਪ ਕੌਰ ਸਪੁੱਤਰੀ ਸ੍ਰ. ਨਾਇਬ ਸਿੰਘ ਨੇ ਰਾਜ ਵਿੱਦਿਅਕ ਖੋਜ ਤੇ ਸਿਖਲਾਈ ਪ੍ਰੀਸ਼ਦ ਪੰਜਾਬ ਵੱਲੋਂ ਕਰਵਾਏ ਗਏ ਜ਼ਿਲ੍ਹਾ ਪੱਧਰੀ ਇੰਗਲਿਸ਼ ਡੈਕਲਾਮੇਸ਼ਨ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ।ਇਸ ਮੌਕੇ ਜਾਣਕਾਰੀ ਦਿੰਦਿਆਂ ਸ੍ਰ. ਬਲਜਿੰਦਰ ਸਿੰਘ ਜੌੜਕੀਆਂ (ਡੀ.ਐੱਮ. ਅੰਗਰੇਜ਼ੀ) ਜ਼ਿਲ੍ਹਾ ਮਾਨਸਾ ਨੇ ਦੱਸਿਆ ਕਿ ਸਕੂਲ ਸਿੱਖਿਆ ਵਿਭਾਗ ਵਿਦਿਆਰਥੀਆਂ ਦੇ ਗੁਣਾਤਮਕ ਵਿਕਾਸ ਲਈ ਯਤਨਸ਼ੀਲ ਹੈ।ਇਸ ਕਰਕੇ ਅੰਗਰੇਜ਼ੀ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਰੁਚੀ ਵਿੱਚ ਹੋਰ ਵਾਧਾ ਕਰਨ ਹਿੱਤ ਜਮਾਤ 9ਵੀਂ ਤੋਂ 12ਵੀਂ ਦਾ ਅੰਗਰੇਜ਼ੀ ਵਿਸ਼ੇ ਦਾ ਸਕੂਲ, ਬਲਾਕ ਤੇ ਜ਼ਿਲ੍ਹਾ ਪੱਧਰੀ ਇੰਗਲਿਸ਼ ਡੈਕਲਾਮੇਸ਼ਨ ਮੁਕਾਬਲਾ ਕਰਾਇਆ ਗਿਆ ਹੈ।ਜੇਤੂ ਵਿਦਿਆਰਥੀਆਂ ਨੂੰ ਮੈਡਲ, ਸਰਟੀਫਿਕੇਟ ਤੇ ਨਕਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ।ਜ਼ਿਲ੍ਹਾ ਪੱਧਰੀ ਮੁਕਾਬਲਾ (ਹਾਈ ਵਿਭਾਗ) ਜਿੱਤਣ ਵਾਲੀ ਵਿਦਿਆਰਥਣ ਨਵਦੀਪ ਕੌਰ ਹੁਣ ਸਟੇਟ ਪੱਧਰੀ ਡੈਕਲਾਮੇਸ਼ਨ ਮੁਕਾਬਲੇ ਵਿੱਚ ਮਾਨਸਾ ਜ਼ਿਲ੍ਹੇ ਦੀ ਪ੍ਰਤੀਨਿਧਤਾ ਕਰੇਗੀ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਸ੍ਰ. ਹਰਿੰਦਰ ਸਿੰਘ ਭੁੱਲਰ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਅਸ਼ੋਕ ਕੁਮਾਰ ਤੇ ਪ੍ਰਿੰਸੀਪਲ ਡਾਇਟ ਸ੍ਰ. ਬੂਟਾ ਸਿੰਘ ਸੇਖੋਂ ਵੱਲੋਂ ਵਿਸ਼ੇਸ਼ ਤੌਰ 'ਤੇ ਜੇਤੂ ਵਿਦਿਆਰਥਣ ਨਵਦੀਪ ਕੌਰ ਨੂੰ ਵਧਾਈਆਂ ਦਿੱਤੀਆਂ ਗਈਆਂ।ਗਾਈਡ ਅਧਿਆਪਕ ਗੁਰਪ੍ਰੀਤ ਸਿੰਘ ਤੇ ਵਧਾਵਾ ਸਿੰਘ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਇੰਗਲਿਸ਼ ਡੈਕਲਾਮੇਸ਼ਨ ਮੁਕਾਬਲੇ ਵਿਦਿਆਰਥੀਆਂ ਅੰਦਰ ਮੁਕਾਬਲੇ ਦੀ ਭਾਵਨਾ ਪੈਦਾ ਕਰਦੇ ਹਨ।

ਇਨ੍ਹਾਂ ਮੁਕਾਬਲਿਆਂ ਦਾ ਮੁੱਖ ਮੰਤਵ ਬੱਚਿਆਂ ਦੇ ਉਚਾਰਨ ਲਹਿਜ਼ੇ 'ਚ ਸੰਪੂਰਨਤਾ ਲਿਆਉਣ ਤੇ ਉਨ੍ਹਾਂ 'ਚ ਸਵੈ-ਵਿਸ਼ਵਾਸ ਪੈਦਾ ਕਰਨਾ ਹੈ।ਇਸ ਮੌਕੇ ਸਮੂਹ ਸਟਾਫ ਵੱਲੋਂ ਵਿਸ਼ੇਸ਼ ਤੌਰ 'ਤੇ ਜੇਤੂ ਵਿਦਿਆਰਥਣ ਤੇ ਉਸ ਦੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ ਗਈਆਂ।

# ਅਜੈ ਸਿੰਗਲਾ ਆਲ ਪੰਜਾਬ ਟਰੱਕ ਏਕਤਾ ਦੇ ਮੁੜ ਪ੍ਰਧਾਨ ਚੁਣੇ

## ਸੌਂਪੀ ਗਈ ਜ਼ਿੰਮੇਵਾਰੀ ਤਨਦੇਹੀ ਤੇ ਮਿਹਨਤ ਨਾਲ ਨਿਭਾਵਾਂਗਾ : ਅਜੈ ਸਿੰਗਲਾ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**

ਪਿਛਲੇ ਲੰਮੇ ਸਮੇਂ ਤੋਂ ਟਰੱਕ ਆਪ੍ਰੇਟਰਾਂ ਦੇ ਹਿੱਤਾਂ ਤੇ ਹੱਕਾਂ ਲਈ ਸੰਘਰਸ਼ਸ਼ੀਲ ਨੌਜਵਾਨ ਆਗੂ ਅਜੈ ਸਿੰਗਲਾ ਨੂੰ ਸਰਬਸੰਮਤੀ ਨਾਲ ਮੁੜ 'ਆਲ ਪੰਜਾਬ ਟਰੱਕ ਏਕਤਾ' ਦਾ ਸੂਬਾ ਪ੍ਰਧਾਨ ਚੁਣ ਲਿਆ ਗਿਆ।ਮੁੜ ਪ੍ਰਧਾਨ ਬਣਨ ਤੇ ਸਾਥੀਆਂ ਦਾ ਧੰਨਵਾਦ ਕਰਦਿਆਂ ਅਜੈ ਸਿੰਗਲਾ ਨੇ ਕਿਹਾ ਕਿ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਹੈ, ਉਸ ਨੂੰ ਹੋਰ ਵੀ ਮਿਹਨਤ, ਈਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ ਅਤੇ ਟਰੱਕ ਆਪ੍ਰੇਟਰਾਂ ਦੇ ਹਿੱਤਾਂ ਲਈ ਹੋਰ ਵੀ ਤੱਕੜੇ ਹੋ ਕੇ ਕੰਮ ਕਰਨਗੇ।ਇਸੇ ਦੌਰਾਨ ਹੀ ਵਿੱਕੀ ਸੁਨਾਮ ਨੂੰ ਮੀਤ ਪ੍ਰਧਾਨ ਵੀ ਨਿਯੁਕਤ ਕੀਤਾ ਗਿਆ।ਇਸ ਮੌਕੇ ਪੰਜਾਬ ਦੇ ਕਰੀਬ ਛੇ ਦਰਜਨ ਟਰੱਕ ਯੂਨੀਅਨਾਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ। ਸ੍ਰੀ ਸਿੰਗਲਾ ਦੀ ਨਿਯੁਕਤੀ 'ਤੇ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ ਤੇ ਮੁਬਾਰਕਬਾਦ ਵੀ ਦਿੱਤੀ।

ਉਨ੍ਹਾਂ ਪੰਜਾਬ ਦੇ ਟਰੱਕ ਆਪ੍ਰੇਟਰਾਂ ਨੂੰ ਰਾਹਤ ਦੇਣ ਦੀ ਕੇਂਦਰ ਤੇ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਟਰੱਕ ਯੂਨੀਅਨਾਂ ਨੂੰ ਬਹਾਲ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਟਰਾਂਸਪੋਰਟ ਤੇ ਬੇਲੋੜੇ ਟੈਕਸਾਂ ਨੇ ਟਰੱਕ ਆਪ੍ਰੇਟਰਾਂ ਨੂੰ ਝੰਭਿਆ ਹੋਇਆ ਹੈ, ਟਰੱਕਾਂ ਦੇ ਕਾਰੋਬਾਰ ਵਿੱਚ ਸਰਕਾਰ ਨੂੰ ਨਰਮ ਦਿਲੀ ਦਿਖਾਉਂਦਿਆਂ ਰਾਹਤ ਦੇਣ ਦੀ ਲੋੜ ਹੈ।ਉਨ੍ਹਾਂ ਸਰਕਾਰ ਤੋਂ ਢੋਆ ਢੁਆਈ ਦੇ ਟੈਂਡਰ ਠੇਕੇਦਾਰਾਂ ਦੀ ਬਜਾਏ ਟਰੱਕ ਯੂਨੀਅਨਾਂ ਨੂੰ ਦੇਣ ਦੀ ਮੰਗ ਕਰਦਿਆਂ ਕਿਹਾ ਕਿ ਟਰੱਕਾਂ ਨਾਲ ਸਿੱਧੇ ਤੇ ਅਸਿੱਧੇ ਤੌਰ 'ਤੇ ਲੱਖਾਂ ਪਰਿਵਾਰ ਜੁੜੇ ਹੋਏ ਹਨ।

# ਬਾਬਾ ਫ਼ਰੀਦ ਕਾਲਜ ਆਫ਼ ਇੰਜ. ਐਂਡ ਟੈਕਨਾਲੋਜੀ ਨੇ ਨੈਕ ਗਰੇਡ ਏ ਹਾਸਲ ਕੀਤਾ

**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਬਾਬਾ ਫ਼ਰੀਦ ਕਾਲਜ ਆਫ਼ ਇੰਜ. ਐਂਡ ਟੈਕਨਾਲੋਜੀ, ਬਠਿੰਡਾ ਉੱਤਰੀ ਭਾਰਤ ਦੇ ਪਹਿਲੇ ਤਿੰਨ ਇੰਜਨੀਅਰਿੰਗ ਕਾਲਜਾਂ ਵਿੱਚੋਂ ਇੱਕ ਹੈ, ਜਿਨ੍ਹਾਂ ਨੂੰ ਨੈਸ਼ਨਲ ਅਸੈਸਮੈਂਟ ਐਂਡ ਐਕਰੀਡੇਸ਼ਨ ਕੌਂਸਲ (ਨੈਕ) ਵੱਲੋਂ 'ਏ+' ਗ੍ਰੇਡ ਨਾਲ ਮਾਨਤਾ ਦਿੱਤੀ ਗਈ ਹੈ। ਇਹ ਮਹੱਤਵਪੂਰਨ ਮਾਨਤਾ ਮੈਨੇਜਮੈਂਟ ਟੀਮ, ਸਮਰਪਤ ਫੈਕਲਟੀ ਮੈਂਬਰਾਂ ਤੇ ਮਿਹਨਤੀ ਵਿਦਿਆਰਥੀਆਂ ਦੇ ਅਣਥੱਕ ਯਤਨਾਂ ਅਤੇ ਵਚਨਬੱਧਤਾ ਦਾ ਪ੍ਰਮਾਣ ਹੈ।ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਨੈਕ ਪੀਅਰ ਟੀਮ ਨੇ ਅਕਾਦਮਿਕ ਤੇ ਹੋਰ ਸਬੰਧਤ ਗਤੀਵਿਧੀਆਂ ਅਤੇ ਸਹੂਲਤਾਂ ਦੇ ਮੁਲਾਂਕਣ ਕਰਨ ਲਈ ਕਾਲਜ ਦਾ ਦੌਰਾ ਕੀਤਾ ਸੀ, ਜਿਸ ਦੌਰਾਨ ਕਾਲਜ ਨੇ 'ਐਕਰੀਡੇਸ਼ਨ ਸਾਈਕਲ-1' ਦੀ ਪ੍ਰਕਿਰਿਆ 'ਚੋਂ ਗੁਜ਼ਰਦਿਆਂ ਇਹ ਸ਼ਾਨਦਾਰ ਗਰੇਡ ਹਾਸਲ ਕੀਤਾ ਹੈ।ਉੱਤਰੀ ਭਾਰਤ ਵਿੱਚ ਇੰਜਨੀਅਰਿੰਗ ਦੀ ਬਿਹਤਰੀਨ ਸਿੱਖਿਆ ਪ੍ਰਦਾਨ ਕਰਨ, ਵਿੱਦਿਅਕ ਗੁਣਵੱਤਾ ਤੇ ਮਿਆਰਾਂ ਨੂੰ ਵਧਾਉਣ ਲਈ ਬਾਬਾ ਫ਼ਰੀਦ ਕਾਲਜ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ ਵੱਲੋਂ ਸਥਾਪਤ ਉੱਚ ਪੱਧਰ ਦਾ ਵਿੱਦਿਅਕ ਢਾਂਚਾ, ਸਹੂਲਤਾਂ, ਲੈਬਾਰਟਰੀਆਂ, ਵਰਕਸ਼ਾਪਾਂ ਤੇ ਲਾਇਬ੍ਰੇਰੀ ਆਦਿ ਦੇ ਮੁਲਾਂਕਣ ਤੇ ਮਾਨਤਾ ਲਈ ਸੰਸਥਾ ਵੱਲੋਂ ਰਾਸ਼ਟਰੀ ਮੁਲਾਂਕਣ ਅਤੇ ਮਾਨਤਾ ਪ੍ਰੀਸ਼ਦ (ਨੈਕ) ਨੂੰ ਅਪਲਾਈ ਕੀਤਾ ਗਿਆ, ਜਿਸ ਦੇ ਨਰੀਖਣ ਤੇ ਮੁਲਾਂਕਣ ਲਈ ਨੈਕ ਪੀਅਰ ਟੀਮ ਦੇ ਚੇਅਰਪਰਸਨ ਡਾ. ਸੰਕਰਾ ਨਰਾਇਣ ਸਵਾਮੀ ਕ੍ਰਿਸ਼ਨਾ ਸਵਾਮੀ (ਸਾਬਕਾ ਡਾਇਰੈਕਟਰ, ਐੱਨ.ਆਈ.ਟੀ. ਪੁਡੂਚੇਰੀ), ਮੈਂਬਰ ਕੋਆਰਡੀਨੇਟਰ ਡਾ. ਨਸੀਬ ਸਿੰਘ ਗਿੱਲ (ਡਾਇਰੈਕਟਰ, ਡਿਜੀਟਲ ਲਰਨਿੰਗ ਸੈਂਟਰ, ਐੱਮ.ਡੀ. ਯੂਨੀਵਰਸਿਟੀ, ਰੋਹਤਕ) ਤੇ ਮੈਂਬਰ ਡਾ. ਹੇਮੰਤ ਏ.ਪਾਟਿਲ (ਪ੍ਰੋਫ਼ੈਸਰ, ਧੀਰੂ ਭਾਈਅੰਬਾਨੀ ਇੰਸਟੀਚਿਊਟ ਆਫ਼ ਇਨਫਰਮੇਸ਼ਨ ਐਂਡ ਕਮਿਊਨੀਕੇਸ਼ਨ, ਟੈਕਨਾਲੋਜੀ, ਗਾਂਧੀਨਗਰ) ਵੱਲੋਂ ਕਾਲਜ ਦਾ ਦੋ ਰੋਜ਼ਾ ਦੌਰਾ ਕੀਤਾ ਗਿਆ।ਇਸ ਉਪਰੰਤ ਆਪਣੀ ਪੂਰੀ ਤਸੱਲੀ ਲਈ ਰਾਸ਼ਟਰੀ ਮੁਲਾਂਕਣ ਤੇ ਮਾਨਤਾ ਪ੍ਰੀਸ਼ਦ (ਨੈਕ) ਨੇ ਚੇਅਰਪਰਸਨ ਪ੍ਰੋ. ਪਾਰਥਾ ਸਾਰਥੀ ਮਲਿਕ (ਪਰੋ ਵਾਈਸ ਚਾਂਸਲਰ, ਵੇਲੋਰ ਇੰਸਟੀਚਿਊਟ ਆਫ਼ਟੈਕਨਾਲੋਜੀ, ਤਾਮਿਲਨਾਡੂ), ਮੈਂਬਰ ਕੋਆਰਡੀਨੇਟਰ ਪ੍ਰੋ. ਸੰਤੋਸ਼ ਕੁਮਾਰ ਗੋਪਾਲਨ (ਪ੍ਰੋਫ਼ੈਸਰ, ਕੋਚੀਨ ਯੂਨੀਵਰਸਿਟੀ ਆਫ਼ ਸਾਇੰਸਜ਼ ਐਂਡ ਟੈਕਨਾਲੋਜੀ, ਕੇਰਲਾ) ਮੈਂਬਰ ਅਭੈ ਸ਼ਿੰਦੇ (ਪ੍ਰਿੰਸੀਪਲ, ਪ੍ਰਿਆਦਰਸ਼ਨੀ ਜੇ. ਐੱਲ. ਕਾਲਜ ਆਫ਼ ਇੰਜਨੀਅਰਿੰਗ, ਮਹਾਂਰਾਸ਼ਟਰਾ) ਵਾਲੀ ਇੱਕ ਪੀਅਰ ਟੀਮ ਦੁਬਾਰਾ ਫਿਰ ਭੇਜੀ।ਇਸ ਟੀਮ ਨੇ ਦੁਬਾਰਾ ਰੀਵਿਊ ਕੀਤਾ ਤੇ ਆਪਣੀ ਤਸੱਲੀ ਪ੍ਰਗਟ ਕਰਦਿਆਂ ਆਪਣੀ ਨਰੀਖਣ ਰਿਪੋਰਟ ਰਾਸ਼ਟਰੀ ਮੁਲਾਂਕਣ ਤੇ ਮਾਨਤਾ ਪ੍ਰੀਸ਼ਦ (ਨੈਕ) ਨੂੰ ਜਮ੍ਹਾਂ ਕਰਵਾਈ, ਜਿਸ ਦੇ ਨਤੀਜੇ ਵਜੋਂ ਬਾਬਾ ਫ਼ਰੀਦ ਕਾਲਜ ਆਫ਼ ਇੰਜ. ਐਂਡ ਟੈਕਨਾਲੋਜੀ, ਬਠਿੰਡਾ ਨੂੰ 'ਏ+' ਗਰੇਡ ਪ੍ਰਾਪਤ ਹੋਇਆ। ਕਾਲਜ ਦੀ ਪ੍ਰਿੰਸੀਪਲ ਡਾ. ਜਯੋਤੀ ਬਾਂਸਲ ਨੇ ਦੱਸਿਆ ਕਿ ਕਾਲਜ ਦੀ ਫੈਕਲਟੀ ਇਸ ਮਾਨਤਾ ਨੂੰ ਹਾਸਲ ਕਰਨ ਲਈ ਪਿਛਲੇ 5 ਸਾਲਾਂ ਤੋਂ ਦਿਨ-ਰਾਤ ਮਿਹਨਤ ਕਰ ਰਹੀ ਸੀ ਤੇ ਆਖਰਕਾਰ ਨੈਕ ਦੇ 'ਸਾਈਕਲ-1' ਦੌਰਾਨ 'ਏ+' ਗਰੇਡ ਪ੍ਰਾਪਤ ਕਰਨ 'ਚ ਸਫ਼ਲ ਹੋ ਗਈ।ਉਨ੍ਹਾਂ ਕਿਹਾ ਕਿ ਬੀ.ਐਫ.ਸੀ.ਈ.ਟੀ. ਨੇ ਇੰਜੀਨੀਅਰਿੰਗ ਕੋਰਸਾਂ ਲਈ ਨੈਕ ਵੱਲੋਂ ਮਾਨਤਾ ਪ੍ਰਾਪਤ ਕਰਕੇ ਉਚੇਰੀ ਤਕਨੀਕੀ ਸਿੱਖਿਆ ਦੇ ਖੇਤਰ ਵਿੱਚ ਉੱਚੇ ਮਿਆਰਾਂ ਨੂੰ ਕਾਇਮ ਰੱਖਿਆ ਹੈ, ਜਿਸ ਸਦਕਾ ਬਾਬਾ ਫ਼ਰੀਦ ਕਾਲਜ ਆਫ਼ ਇੰਜ. ਐਂਡ ਟੈਕਨਾਲੋਜੀ ਬਠਿੰਡਾ ਦਾ ਨਾਮ ਹੁਣ ਉੱਤਰੀ ਭਾਰਤ ਦੇ ਪਹਿਲੇ ਤਿੰਨ ਇੰਜਨੀਅਰਿੰਗ ਕਾਲਜਾਂ ਵਿੱਚ ਸ਼ੁਮਾਰ ਹੋ ਗਿਆ ਹੈ।ਇਸ ਮੌਕੇ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਬੀ.ਐੱਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਸਾਡੇ ਲਈ ਇਹ ਮਾਣ ਵਾਲੀ ਗੱਲ ਹੈ।ਉਨ੍ਹਾ ਕਿਹਾ ਕਿ ਇਸ ਕਾਲਜ ਨੇ ਬਹੁਤ ਘੱਟ ਸਮੇਂ ਵਿੱਚ ਹੀ ਇਹ ਵੱਡੀ ਪ੍ਰਾਪਤੀ ਹਾਸਲ ਕੀਤੀ ਹੈ, ਜਿਸ ਦਾ ਸਿਹਰਾ ਵਿਦਿਆਰਥੀਆਂ ਤੇ ਫੈਕਲਟੀ ਦੀ ਸਿਰਤੋੜ ਮਿਹਨਤ ਨੂੰ ਜਾਂਦਾ ਹੈ।

# ਸਤਿਨਾਮ ਸੰਧੂ ਦੇ ਰਾਜ ਸਭਾ ਮੈਂਬਰ ਚੁਣੇ ਜਾਣ ਨਾਲ ਸਿੱਖਿਆ ਖੇਤਰ ਨਾਲ ਜੁੜੀਆਂ ਸ਼ਖ਼ਸੀਅਤਾਂ ਨੂੰ ਅਹਿਮ ਮਾਣ ਮਿਲਿਆ : ਅਮਰਜੀਤ, ਬਿੱਟੂ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਿਨਾਮ ਸਿੰਘ ਸੰਧੂ ਦੇ ਦੇਸ਼ ਦੇ ਉਪਰਲੇ ਰਾਜ ਸਭਾ ਸਦਨ ਦਾ ਮੈਂਬਰ ਚੁਣੇ ਜਾਣ 'ਤੇ ਜਿੱਥੇ ਦੇਸ਼ ਭਰ ਦੀਆਂ ਸ਼ਖ਼ਸੀਅਤਾਂ ਵੱਲੋਂ ਉਨ੍ਹਾਂ ਨੂੰ ਵਧਾਈ ਦਿੱਤੀ ਜਾ ਰਹੀ ਹੈ, ਉੱਥੇ ਹੀ ਮੋਗਾ ਜ਼ਿਲ੍ਹੇ ਦੀਆਂ ਵੱਖ-ਵੱਖ ਸ਼ਖ਼ਸੀਅਤਾਂ ਵਿੱਚ ਵੀ ਇਸ ਨਿਯੁਕਤੀ 'ਤੇ ਖ਼ੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।ਅਮਰਜੀਤ ਸਿੰਘ ਮਾਣੂੰਕੇ ਸਾਬਕਾ ਬਲਾਕ ਸੰਮਤੀ ਚੇਅਰਮੈਨ, ਰਸ਼ਪਾਲ ਸਿੰਘ ਧਾਲੀਵਾਲ ਚੰਡੀਗੜ੍ਹ ਇੰਜੀਨੀਅਰਿੰਗ ਕਾਲਜ ਲਾਂਡਰਾ ਤੇ ਸੰਜੀਵ ਬਿੱਟੂ ਰੋਡੇ ਚੇਅਰਮੈਨ ਨੇ ਸ੍ਰੀ ਸੰਧੂ ਨੂੰ ਵਧਾਈ ਦਿੰਦੇ ਹੋਏ ਆਖਿਆ ਕਿ ਸਿੱਖਿਆ ਖੇਤਰ ਨਾਲ ਜੁੜੀਆਂ ਸ਼ਖ਼ਸੀਅਤਾਂ ਨੂੰ ਅਹਿਮ ਮਾਣ ਮਿਲਿਆ ਹੈ।ਉਨ੍ਹਾਂ ਕਿਹਾ ਕਿ ਸਿੱਖਿਆ ਖ਼ੇਤਰ ਵਿੱਚ ਨਵੀਆਂ ਨੀਤੀਆਂ ਘੜਨ ਦੇ ਨਾਲ ਨਾਲ ਦੇਸ਼ ਅੰਦਰ ਸਿੱਖਿਆ ਨੂੰ ਹੋਰ ਮਜ਼ਬੂਤ ਤੇ ਮਿਆਰੀ ਬਣਾਉਣ ਲਈ ਆਸ ਹੈ ਕਿ ਸ੍ਰੀ ਸੰਧੂ ਅਹਿਮ ਰੋਲ ਅਦਾ ਕਰਨਗੇ, ਕਿਉਂਕਿ ਉਨ੍ਹਾਂ ਕੋਲ ਸਿੱਖਿਆ ਖ਼ੇਤਰ ਦਾ ਲੰਮਾ ਤਜਰਬਾ ਹੈ।ਉਨ੍ਹਾਂ ਕਿਹਾ ਕਿ ਲੰਮਾਂ ਸਮਾਂ ਮੋਗਾ ਜ਼ਿਲ੍ਹੇ ਨਾਲ ਜੁੜੇ ਰਹੇ ਸ੍ਰੀ ਸੰਧੂ ਨੇ ਆਪਣੀ ਮਿਹਨਤ ਦੇ ਬਲਬੂਤੇ ਨਵੇਂ ਮੁਕਾਮ ਹਾਸਲ ਕੀਤੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਸੰਧੂ ਦਾ ਇਸ ਨਿਯੁਕਤੀ ਨਾਲ ਦੇਸ਼ ਭਰ ਅੰਦਰ ਕੱਦ ਹੋਰ ਵੀ ਵਧਿਆ ਹੈ।ਉਨ੍ਹਾਂ ਕਿਹਾ ਕਿ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਿਨਾਮ ਸਿੰਘ ਸੰਧੂ ਨੂੰ ਰਾਜ ਸਭਾ ਸਦਨ ਦਾ ਮੈਂਬਰ ਬਣਾਏ ਜਾਣ ਦੇ ਬਾਅਦ ਪੂਰੇ ਦੇਸ਼ ਵਿਚ ਮੋਗਾ ਜ਼ਿਲ੍ਹੇ ਦਾ ਨਾਮ ਰੌਸ਼ਨ ਹੋਇਆ ਹੈ।ਉਨ੍ਹਾਂ ਕਿਹਾ ਕਿ ਸਤਨਾਮ ਸੰਧੂ ਸਿਆਸੀ ਖੇਤਰ ਵਿੱਚ ਵੀ ਆਪਣਾ, ਆਪਣੇ ਪਰਿਵਾਰ ਤੇ ਆਪਣੇ ਇਲਾਕੇ ਦਾ ਨਾਂਅ ਹੋਰ ਰੌਸ਼ਨ ਕਰਨਗੇ।

# 16 ਦੇ ਭਾਰਤ ਬੰਦ ਦੀ ਸਫਲਤਾ ਲਈ ਸੰਯੁਕਤ ਕਿਸਾਨ ਮੋਰਚਾ, ਟ੍ਰੇਡ ਯੂਨੀਅਨਾਂ ਤੇ ਮੁਲਾਜ਼ਮ ਫੈਡਰੇਸ਼ਨਾਂ ਦੀ ਹੋਈ ਸਾਂਝੀ ਮੀਟਿੰਗ

**ਹੁਸ਼ਿਆਰਪੁਰ, ( ਬਲਵੀਰ ਸਿੰਘ ਸੈਣੀ, ਓ ਪੀ ਰਾਣਾ)** -ਅੱਜ ਇੱਥੇ 16 ਫਰਵਰੀ ਦੇ ਭਾਰਤ ਬੰਦ ਨੂੰ ਸਫਲ ਬਣਾਉਣ ਵਾਸਤੇ ਸੰਯੁਕਤ ਕਿਸਾਨ ਮੋਰਚਾ , ਟ੍ਰੇਡ ਯੂਨੀਅਨਾ ਅਤੇ ਮੁਲਾਜ਼ਮ ਫੈਡਰੇਸ਼ਨਾਂ ਦੀ ਸਾਂਝੀ ਮੀਟਿੰਗ ਕਿਸਾਨ ਆਗੂ ਸ਼ਿਗਾਰਾ ਸਿੰਘ ਮੁਕੀਮਪੁਰ , ਮੁਲਾਜ਼ਮ ਆਗੂ ਸਤੀਸ਼ ਰਾਣਾ ਅਤੇ ਟ੍ਰੇਡ ਯੂਨੀਅਨ ਆਗੂ ਉਂਕਾਰ ਸਿੰਘ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਮੋਦੀ ਸਰਕਾਰ ਦੀਆਂ ਮਜ਼ਦੂਰ , ਕਿਸਾਨ , ਮੁਲਾਜ਼ਮ ਤੇ ਲੋਕ ਵਿਰੋਧੀ ਨੀਤੀਆਂ ਦੇ ਖਿਲਾਫ ਵੱਡੇ ਪੱਧਰ ਤੇ ਪ੍ਰਚਾਰ ਕੀਤਾ ਜਾਵੇਗਾ ਅਤੇ ਜਿਲ੍ਹੇ ਦੇ ਸ਼ਹਿਰ ਅਤੇ ਕਸਬੇ 16 ਫਰਵਰੀ ਨੂੰ ਮੁਕਮਲ ਬੰਦ ਕਰਵਾਏ ਜਾਣਗੇ । ਆਗੂਆਂ ਆਖਿਆ ਕਿ ਇਹ ਹੜਤਾਲ ਵੱਧ ਰਹੀ ਮਹਿਗਾਈ , ਬੇਰੁਜ਼ਗਾਰੀ , ਭਰਿਸ਼ਟਾਚਾਰ, ਮਜ਼ਦੂਰ ਪੱਖੀ ਟ੍ਰੇਡ ਯੂਨੀਅਨ ਕਾਨੂਨ ਖਤਮ ਕਰਨ , ਦਿਹਾੜੀ 08 ਘੰਟੇ ਤੋਂ 12 ਘੰਟੇ ਕਰਨ , ਘੱਟੋ ਘੱਟ ਉਜ਼ਰਤ 26000 ਰੁਪਏ ਲਾਗੂ ਕਰਨ , ਫਸਲਾਂ ਦੇ ਘੱਟੋ ਘੱਟ ਮੁੱਲ ਸਵਾਮੀ ਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਲਾਗੂ ਕਰਨ ਤੇ ਸਰਕਾਰੀ ਖਰੀਦ ਦੀ ਗਰੰਟੀ ਕਰਨ, ਹਰ ਤਰ੍ਹਾਂ ਦੇ ਕੱਚੇ ਮੁਲਾਜ਼ਮ ਪੱਕੇ ਕਰਨ , ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਅਤੇ ਹਰ ਕਿਸਾਨ ਮਜ਼ਦੂਰ ਨੂੰ 60 ਸਾਲ ਬਾਅਦ 10000/- ਰੁਪਏ ਪ੍ਰਤੀ ਮਹੀਨਾ ਪੈਨਸ਼ਨ ਲਾਗੂ ਕਰਨ , ਜਨਤਕ ਖੇਤਰ ਦੇ ਅਦਾਰਿਆਂ ਦਾ ਨਿਜੀਕਰਣ ਬੰਦ ਕਰਨ , ਬਿਜਲੀ ਬਿਲ ਤੇ ਕੌਮੀ ਸਿਖਿਆ ਨਿਤੀ 2020 ਵਾਪਸ ਕਰਨ, ਅਦਾਰਿਆਂ ਅੰਦਰ ਖਾਲੀ ਅਸਾਮੀਆ ਰੈਗੂਲਰ ਭਰਤੀ ਰਾਹੀਂ ਭਰਨ ਆਦਿ ਮੁਦਿਆ ਨੂੰ ਲੈਕੇ ਕੀਤੀ ਜਾ ਰਹੀ ਹੈ । ਇਸ ਮੌਕੇ ਇੱਕ ਮਤੇ ਰਾਹੀਂ ਇਸ ਗਲ ਦੀ ਮੰਗ ਕੀਤੀ ਗਈ ਕਿ ਧਾਰਾ 295 ਤੇ 295 ਏ ਦੀ ਕੀਤੀ ਜਾ ਰਹੀ ਦੁਰਵਰਤੋ ਬੰਦ ਕੀਤੀ ਜਾਵੇ ਅਤੇ ਇਸ ਧਾਰਾ ਅਧੀਨ



ਠਾਣਾ ਗੜਸ਼ਕਰ ਅਧੀਨ ਦਵਿੰਦਰ ਕੁਮਾਰ ਰਾਣਾ ਵਾਸੀ ਮਹਿਦਵਾਣੀ ਅਤੇ ਹੋਰ ਸਾਥੀਆਂ ਦੀ ਕੀਤੀ ਗਿਰਫਤਾਰੀ ਦੀ ਸਖਤ ਸ਼ਬਦਾ ਵਿੱਚ ਨਿੱਖੇਧੀ ਕੀਤੀ ਤੇ ਮੰਗ ਕੀਤੀ ਕੀਤੀ ਕਿ ਗਿਰਫਤਾਰ ਸਾਥੀ ਤੁਰੰਤ ਰਿਹਾ ਕਿਤੇ ਜਾਣ। ਅੱਜ ਦੀ ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ 16 ਫਰਵਰੀ ਦੇ ਬੰਦ ਲਈ ਪਿੰਡਾਂ ਤੇ ਕਸਬਿਆਂ ਅੰਦਰ ਮੀਟਿੰਗਾ ਤੇ ਸਪੀਕਰ ਰਾਹੀ ਅਨਾਉਂਸਮੈਂਟ ਕਰਵਾਈ ਜਾਵੇਗੀ ਅਤੇ 05 ਫਰਵਰੀ ਨੂੰ ਤਹਿਸੀਲ ਪੱਧਰੀ ਮੀਟਿੰਗਾ ਕੀਤੀਆਂ ਜਾਣਗੀਆਂ। ਇਸ ਮੌਕੇ ਸਯੁੰਕਤ ਕਿਸਾਨ ਮੋਰਚੇ ਦੇ ਆਗੂ ਹਰਬੰਸ ਸਿੰਘ ਸੰਘਾ , ਦਵਿੰਦਰ ਸਿੰਘ ਕੱਕੋ , ਜਗਤਾਰ ਸਿੰਘ ਭਿੰਡਰ , ਹਰਮੇਸ਼ ਢੇਸੀ, ਸਤਪਾਲ ਸਿੰਘ ਮਿਰਜ਼ਾ ਪੁਰ, ਸਤਪਾਲ ਸਿੰਘ ਡਡਿਆਣਾ , ਅਮਰਜੀਤ ਸਿੰਘ , ਰਜਿੰਦਰ ਸਿੰਘ ਅਜਾਦ, ਡਾਕਟਰ ਸੁਖਦੇਵ ਸਿੰਘ ਢਿੱਲੋਂ , ਗੁਰਬਖ਼ਸ਼ ਸਿੰਘ ਸੂਸ, ਸੰਤੋਖ ਸਿੰਘ ਭੀਲੋਵਾਲ , ਇੰਦਰਪਾਲ ਸਿੰਘ , ਟ੍ਰੇਡ ਯੂਨੀਅਨ ਆਗੂ ਗੰਗਾ ਪ੍ਰਸ਼ਾਦ , ਨੋਵਲ ਗਿਲ, ਮੁਲਾਜ਼ਮ ਤੇ ਪੈਨਸ਼ਨਰਜ਼ ਆਗੂ ਗੁਰਚਰਨ ਸਿੰਘ , ਪ੍ਰਮੋਦ ਗਿਲ , ਬਲਵੀਰ ਸਿੰਘ ਸੈਣੀ , ਬਲਦੇਵ ਸਿੰਘ , ਹੰਸ ਰਾਜ ,ਪ੍ਰੀਤਮ ਸਿੰਘ ਆਦਿ ਆਗੂ ਹਾਜ਼ਰ ਸਨ।

# ਕਾਮਰੇਡ ਇੰਦਰਜੀਤ ਨਹੀਂ ਰਹੇ

**ਮਾਹਿਲਪੁਰ (ਸਫਰੀ)** – ਸੀ ਪੀ ਆਈ ਦੇ ਜੁਝਾਰੂ ਆਗੂ ਕਾਮਰੇਡ ਇੰਦਰਜੀਤ ਟੂਟੋਮਜਾਰਾ 1-2-2024 ਨੂੰ ਗੁਰੂ ਚਰਨਾਂ ਵਿਚ ਜਾ ਨਿਮਾਜੇ। ਜੋ ਕਾਫੀ ਸਮੇਂ ਤੋਂ ਚੰਡੀਗੜ੍ਹ ਤੋਂ ਆਪਣੇ ਜੱਦੀ ਪਿੰਡ ਟੂਟੋਮਜਾਰਾ ਵਿਚ ਰਹਿ ਰਹੇ ਸਨ । ਕਾਮਰੇਡ ਸਾਧੂ ਸਿੰਘ ਭੱਟੀ ਨੇ ਕਿਹਾ ਕਿ ਪਾਰਟੀ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ । ਉਨ੍ਹਾਂ ਕਿਹਾ ਕਿ ਦਿੱਲੀ ਕਿਸਾਨੀ ਘੋਲ ਵਿੱਚ ਮਰਹੂਮ ਕਾਮਰੇਡ ਇੰਦਰਜੀਤ ਜੀ ਨੇ ਅਹਿਮ ਭੂਮਿਕਾ ਨਿਭਾਈ । ਕਾਮਰੇਡ ਜੀ ਇਕ ਬਹੁਤ ਵਧੀਆ ਸਾਇਰ ਵੀ ਸਨ । ਜੋ ਪਾਰਟੀ ਵਲੋਂ ਕੀਤੇ ਸਮਾਗਮਾਂ ਵਿੱਚ ਆਪਣੇ ਇਨਕਲਾਬੀ ਸਾਇਰੀ ਰਾਹੀਂ ਸਾਥੀਆਂ ਨੂੰ ਦੇਸ ਪ੍ਰਤੀ ਜਾਗਰੂਕ ਕਰਦੇ ਸਨ। ਪਿੰਡ ਦੇ ਸਰਪੰਚ ਸਨੀਲ ਕੁਮਾਰ ਮੈਂਟੂ ਨੇ ਦੱਸਿਆ ਕਿ ਅੰਤਿਮ ਸਮੇਂ ਕਾਮਰੇਡ ਸਾਹਿਬ ਆਪਣੇ ਘਰ ਵਿਚ ਇਕੱਲੇ ਹੀ ਸਨ । ਜਦੋਂ ਸਵੇਰੇ ਸਕੇ ਸਬੰਧੀਆਂ ਵਿਚੋਂ ਕੋਈ ਚਾਹ ਲੈ ਕਿ ਆਇਆ ਤਾਂ ਕਾਮਰੇਡ ਸਾਹਿਬ ਦੁਨੀਆਂ ਨੂੰ ਅਲਵਿਦਾ ਕਹਿ ਚੁੱਕੇ ਸਨ। ਅੰਤਮ ਸੰਸਕਾਰ ਸਮੇਂ ਸਰਪੰਚ ਸਨੀਲ ਕੁਮਾਰ ਮੈਂਟੂ ਅਤੇ ਪਾਰਟੀ ਮੈਂਬਰਾਂ ਨੇ ਕਾਮਰੇਡ ਉਤੇ ਲਾਲ ਝੰਡਾ



ਪਾਇਆ। ਇਸ ਮੌਕੇ ਸਾਧੂ ਸਿੰਘ ਭੱਟੀ ਤਹਸੀਲ ਸਕੱਤਰ ਅਤੇ ਅਸਿਸਟੈਂਟ ਸਕੱਤਰ ਹੁਸ਼ਿਆਰਪੁਰ, ਬਲਜੀਤ ਕੁਮਾਰ ਮਾਹਿਲਪੁਰ , ਕਾਮਰੇਡ ਭੀਮ ਸੇਨ, ਜਿਲਾ ਕੌਂਸਲ ਮੈਂਬਰ ਸੀ ਪੀ ਆਈ ਐਮ ਦੇ ਆਗੂ ਜਿਲਾ ਸਕੱਤਰੇਤ ਮੈਂਬਰ ਮਹਿੰਦਰ ਕੁਮਾਰ ਬੱਡੋਆਣ , ਤਹਸੀਲ ਕਮੇਟੀ ਮੈਬਰ ਸ਼ੇਰ ਜੰਗ ਬਹਾਦਰ ਸਿੰਘ, ਕੈਪਟਨ ਕਰਨੈਲ ਸਿੰਘ ਤਹਸੀਲ ਕਮੇਟੀ ਮੈਬਰ , ਬਲਦੇਵ ਰਾਜ , ਨੋਨਿਹਾਲ , ਪਰਮੋਦ , ਦਲਜੀਤ ਸਿੰਘ ਪਾਰਟੀ ਮੈਬਰ ਸੀ ਪੀ ਆਈ ਐਮ , ਚਮਨ ਲਾਲ ਬੀ ਐਸ ਪੀ ਆਗੂ ਟੂਟੋਮਜ਼ਾਰਾ ਸਰਪੰਚ ਸੁਨੀਲ ਕੁਮਾਰ ਟੂਟੋਮਜ਼ਾਰਾ, ਸੁਨੀਲ ਦੱਤ , ਪਵਨ ਕੁਮਾਰ ਟੋਨੀ, ਸੁਰਿੰਦਰ ਸਿੰਘ , ਸ਼ੋਕਾ ਸਿੰਘ , ਬਲਵੰਤ ਸਿੰਘ , ਜੰਗ ਬਹਾਦਰ ਜੰਗੀ ਮਲਕੀਤ ਸਿੰਘ ਮਾਨ ਅਤੇ ਪਿੰਡ ਵਾਸੀ ਸ਼ਾਮਲ ਸਨ।

# ਸੰਯੁਕਤ ਕਿਸਾਨ ਮੋਰਚਾ, ਟਰੇਡ ਯੂਨੀਅਨਾਂ ਤੇ ਹੋਰ ਜਥੇਬੰਦੀਆਂ ਵੱਲੋਂ 16 ਦੇ ਭਾਰਤ ਬੰਦ ਦੇ ਸੱਦੇ ਨੂੰ ਸਫਲ ਬਣਾਉਣ ਲਈ ਜ਼ਿਲ੍ਹਾ ਪੱਧਰੀ ਭਰਵੀਂ ਮੀਟਿੰਗ

**ਜਲੰਧਰ (ਕੇਸਰ)**-ਸੰਯੁਕਤ ਕਿਸਾਨ ਮੋਰਚਾ ਅਤੇ ਟਰੇਡ ਯੂਨੀਅਨਾਂ ਵੱਲੋਂ ਦਿੱਤੇ 16 ਫਰਵਰੀ ਦੇ ਭਾਰਤ ਬੰਦ ਦੇ ਸੱਦੇ ਨੂੰ ਸਫਲ ਬਣਾਉਣ ਲਈ ਜ਼ੋਰਦਾਰ ਤਿਆਰੀਆਂ ਵਿੱਢਣ ਖਾਤਰ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਵੱਖ-ਵੱਖ ਵਰਗਾਂ ਨਾਲ ਸੰਬੰਧਤ ਜਥੇਬੰਦੀਆਂ ਦੀ ਭਰਵੀਂ ਮੀਟਿੰਗ ਹੋਈ। ਇਸ ਭਰਵੀਂ ਮੀਟਿੰਗ ਵਿੱਚ ਕਿਸਾਨਾਂ, ਪੇਂਡੂ/ਖੇਤ ਮਜ਼ਦੂਰਾਂ, ਉਸਾਰੀ ਅਤੇ ਮਨਰੇਗਾ ਕਾਮੇ, ਬਿਜਲੀ, ਰੋਡਵੇਜ਼, ਅਧਿਆਪਕ, ਜਮਹੂਰੀ ਅਧਿਕਾਰ ਅਤੇ ਹੋਰ ਮੁਲਾਜ਼ਮ ਜੱਥੇਬੰਦੀਆਂ, ਨੌਜਵਾਨ ਅਤੇ ਔਰਤਾਂ ਦੀਆਂ ਦੋ ਦਰਜਨ ਦੇ ਕਰੀਬ ਜੱਥੇਬੰਦੀਆਂ ਨੇ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ।

ਇਸ ਮੌਕੇ ਵਿਦਿਆਰਥੀਆਂ, ਰੇਲਵੇ, ਬੈਂਕ, ਆੜ੍ਹਤੀ ਐਸੋਸੀਏਸ਼ਨਾਂ, ਦੋਧੀ ਡੇਅਰੀ ਦੇ ਧੰਦੇ ਨਾਲ ਜੁੜੀਆਂ ਜੱਥੇਬੰਦੀਆਂ ਨੇ ਭਾਰਤ ਬੰਦ ਨੂੰ ਭਰਵਾਂ ਸਮੱਰਥਨ ਦੇਣ ਦੇ ਸੁਨੇਹੇ ਵੀ ਭੇਜੇ।

ਮੀਟਿੰਗ ਵਿੱਚ ਹਾਜ਼ਰ ਜੱਥੇਬੰਦੀਆਂ 'ਚੋਂ ਮੁਲਾਜ਼ਮ ਫੈਡਰੇਸ਼ਨਾਂ ਨੇ ਜਾਣਕਾਰੀ ਦਿੱਤੀ ਕਿ ਉਹ 16 ਨੂੰ ਮੁਕੰਮਲ ਹੜਤਾਲ ਲਈ ਤਿਆਰੀ ਸ਼ੁਰੂ ਕਰ ਚੁੱਕੇ ਹਨ, ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਸਾਂਝੇ ਫੋਰਮ ਨੇ ਦੱਸਿਆ ਕਿ ਉਨ੍ਹਾਂ ਨੇ 27 ਜਨਵਰੀ ਨੂੰ ਪੰਜਾਬ ਦੇ ਪ੍ਰਮੁੱਖ ਸਕੱਤਰ ਨੂੰ ਹੜਤਾਲ ਕਰਨ ਸੰਬੰਧੀ ਨੋਟਿਸ ਭੇਜ ਦਿੱਤਾ ਹੈ, ਹੁਣ ਜ਼ਿਲ੍ਹਿਆਂ ਵਿੱਚ ਅੱਜ ਡਿਪਟੀ ਕਮਿਸ਼ਨਰਾਂ ਰਾਹੀਂ ਵੀ ਪੰਜਾਬ ਸਰਕਾਰ ਨੂੰ ਹੜਤਾਲ ਕਰਨ ਸੰਬੰਧੀ ਨੋਟਿਸ ਭੇਜੇ ਜਾ ਰਹੇ ਹਨ। ਸਨਅਤੀ ਖੇਤਰ ਦੀਆਂ ਜੱਥੇਬੰਦੀਆਂ ਨੇ ਹੜਤਾਲ ਸੰਬੰਧੀ ਮੈਨੇਜਮੈਂਟਾਂ ਨੂੰ ਨੋਟਿਸ ਦੇਣ ਦੀ ਜਾਣਕਾਰੀ ਸਾਂਝੀ ਕੀਤੀ।

ਉਨ੍ਹਾਂ ਕਿਹਾ ਕਿ ਸਾਰੇ ਅਨਾਜ ਖਰੀਦ ਕੇਂਦਰ, ਉਨ੍ਹਾਂ ਦੇ ਮੁਨੀਮ ਅਤੇ ਮਜ਼ਦੂਰ ਭਾਰਤ ਬੰਦ ਨੂੰ ਪੂਰਾ ਸਮੱਰਥਨ ਅਤੇ ਸਹਿਯੋਗ ਦੇਣਗੇ। ਕੌਮੀ ਸਿੱਖਿਆ ਨੀਤੀ 2020 ਨੂੰ ਰੱਦ ਕਰਨ ਦੀ ਮੰਗ ਨੂੰ ਵੀ ਮੰਗਾਂ ਵਿਚ ਜੋੜਿਆ ਜਾ ਰਿਹਾ ਹੈ। ਉਸਾਰੀ ਅਤੇ ਨਿਰਮਾਣ ਖੇਤਰ ਦੀਆਂ ਜੱਥੇਬੰਦੀਆਂ ਨੇ 16 ਨੂੰ ਸਾਰੇ ਕੰਮ ਠੱਪ ਰੱਖ ਕੇ ਕਿਸਾਨਾਂ ਦੇ ਇਕੱਠਾਂ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ। ਪੇਂਡੂ ਅਤੇ ਖੇਤ ਮਜ਼ਦੂਰ ਜੱਥੇਬੰਦੀਆਂ ਨੇ ਪਿੰਡਾਂ ਵਿੱਚ ਬੰਦ ਦੇ ਪ੍ਰਚਾਰ ਨੂੰ ਲੈ ਕੇ ਜਾਣ ਦਾ ਭਰੋਸਾ ਦਿਵਾਇਆ।

ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਪੰਜਾਬ ਦੀਆਂ ਟਰਾਂਸਪੋਰਟ ਖੇਤਰ ਨਾਲ ਜੁੜੀਆਂ ਹੋਈਆਂ ਸਾਰੀਆਂ ਜੱਥੇਬੰਦੀਆਂ ਅਤੇ ਸਮੁੱਚੇ ਵਪਾਰ ਮੰਡਲਾਂ ਤੱਕ ਪਹੁੰਚ ਕਰਕੇ ਬੰਦ ਵਿੱਚ ਸ਼ਾਮਲ ਹੋਣ ਲਈ ਅਪੀਲ ਕੀਤੀ ਜਾਵੇ। ਇਸ ਨੂੰ ਜ਼ਿਲ੍ਹਾ ਤੇ ਤਹਿਸੀਲ ਪੱਧਰ 'ਤੇ ਲਾਗੂ ਕਰਨ ਲਈ ਅਜਿਹੀਆਂ ਮੀਟਿੰਗਾਂ 5 ਫਰਵਰੀ ਨੂੰ ਤਹਿਸੀਲ ਪੱਧਰ 'ਤੇ ਵੀ ਕੀਤੀਆਂ ਜਾਣਗੀਆਂ। ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਸਾਰੀਆਂ ਜੱਥੇਬੰਦੀਆਂ ਨੂੰ ਆਪਣੇ ਵੱਲੋਂ 16 ਫਰਵਰੀ ਨੂੰ ਕੀਤੇ ਜਾ ਰਹੇ ਜਾਮ ਅਤੇ ਬਾਕੀ ਗਤੀਵਿਧੀਆਂ ਦੀ ਜਾਣਕਾਰੀ ਸਾਂਝੀ ਕੀਤੀ।

ਮੀਟਿੰਗ ਵਿੱਚ ਹੋਰਨਾਂ ਤੋਂ ਬਿਨਾਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਆਗੂ ਵੀਰ ਕੁਮਾਰ ਤੇ ਰਸ਼ਪਾਲ ਕੈਲੇ, ਇਸਤਰੀ ਸਭਾ ਦੀ ਆਗੂ ਸੰਤੋਸ਼ ਬਰਾੜ, ਕਿਸਾਨ ਆਗੂ ਸੰਦੀਪ ਅਰੋੜਾ, ਐਡਵੋਕੇਟ ਰਜਿੰਦਰ ਮੰਡ ਤੇ ਸਿਕੰਦਰ ਸੰਧੂ ਹਾਜ਼ਰ ਸਨ।

ਮੀਟਿੰਗ ਦੀ ਪ੍ਰਧਾਨਗੀ ਸੰਯੁਕਤ ਕਿਸਾਨ ਮੋਰਚਾ ਦੇ ਆਗੂ ਸਰਵਸ੍ਰੀ ਬਲਵਿੰਦਰ ਸਿੰਘ ਮੱਲ੍ਹੀ ਨੰਗਲ, ਮੁਕੇਸ਼ ਚੰਦਰ ਰਾਣੀ ਭੱਟੀ, ਸੰਤੋਖ ਸਿੰਘ ਸੰਧੂ, ਟਰੇਡ ਯੂਨੀਅਨਜ਼ ਆਗੂ ਮਾਸਟਰ ਤੀਰਥ ਸਿੰਘ ਬਾਸੀ ਅਤੇ ਪੇਂਡੂ ਮਜ਼ਦੂਰ ਯੂਨੀਅਨ ਦੇ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਕੀਤੀ।

# ਇੰਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਮਨੋਰੰਜਕ ਧੁਨੀਆਂ ਨਾਲ ਗੂੰਜਿਆ

**ਜਲੰਧਰ ( ਸ਼ੈਲੀ ਐਲਬਰਟ)**:- ਇੰਨੋਸੈਂਟ ਹਾਰਟਸ ਗਰੁੱਪ ਆਫ਼ ਇੰਸਟੀਚਿਊਸ਼ਨਜ਼, ਲੋਹਾਰਾਂ, ਮਨੋਰੰਜਨ ਦੀਆਂ ਧੁਨੀਆਂ ਨਾਲ ਗੂੰਜ ਉੱਠਿਆ, ਕਿਉਂਕਿ ਆਕਾਸ਼ਵਾਣੀ ਜਲੰਧਰ ਦੇ ਆਰਜੇ ਪਰਲ ਅਤੇ ਸ਼ਿਕਸ਼ਤ ਨੇ ਵਿਦਿਆਰਥੀਆਂ ਲਈ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨ ਲਈ ਮੰਚ ਤਿਆਰ ਕੀਤਾ।। ਮਾਈਕਰੋਬਾਇਓਲੋਜੀ ਦੀ ਵਿਦਿਆਰਥਣ ਸ਼੍ਰੀਮਤੀ ਤਰਨਪ੍ਰੀਤ ਕੌਰ ਨੇ ਆਕਾਸ਼ਵਾਣੀ ਜਲੰਧਰ ਦੇ ਪ੍ਰਤੀਨਿਧੀਆਂ ਨਾਲ ਜਾਣ-ਪਛਾਣ ਕਰਾਈ ਅਤੇ ਕੈਂਪਸ ਕੈਂਪਸ ਨਾਂਅ ਦਾ ਸ਼ੋਅ ਵੀ ਪੇਸ਼ ਕੀਤਾ । ਆਰਜੇ ਨੇ ਲਾਅਨ ਵਿੱਚ ਵਿਦਿਆਰਥੀਆਂ ਨੂੰ ਸੰਬੋਧਿਤ ਕੀਤਾ ਅਤੇ ਵਾਈਬਸ ਪੈਦਾ ਕੀਤੇ ਜਿਸ ਨਾਲ ਸਾਰੇ ਵਿਦਿਆਰਥੀਆਂ ਅਤੇ ਅਧਿਆਪਨ ਫੈਕਲਟੀ ਨੇ ਇੱਕ ਵਧੀਆ ਸਮਾਂ ਬਤੀਤ ਕੀਤਾ। ਹੋਣਹਾਰ ਵਿਦਿਆਰਥੀਆਂ ਨੇ ਗੀਤ ਗਾਏ ਅਤੇ ਕਵਿਤਾਵਾਂ ਸੁਣਾਈਆਂ । ਉਨ੍ਹਾਂ ਵਿਦਿਆਰਥੀਆਂ ਨੂੰ ਦਿਲਚਸਪ ਖੇਡਾਂ ਵੀ ਕਰਵਾਈਆਂ। ਸਾਰਾ ਸ਼ੋਅ ਇੱਕ ਵਧੀਆ ਮੰਚ ਸਾਬਿਤ ਹੋਇਆ ਜਿੱਥੇ ਆਉਣ ਵਾਲੇ ਦਿਨਾਂ ਵਿੱਚ ਰੇਡੀਓ 'ਤੇ ਉਨ੍ਹਾਂ ਦੀਆਂ ਪੇਸ਼ਕਾਰੀਆਂ ਪੇਸ਼ ਕੀਤੀਆਂ ਜਾਣਗੀਆਂ। ।



# ਸਾਂਝ ਕੇਂਦਰ ਨੇ ਲੋੜਵੰਦਾਂ ਨੂੰ ਰਾਸ਼ਨ ਵੰਡਿਆ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਪੁਲਸ ਸਾਂਝ ਕੇਂਦਰ ਨੂਰਮਹਿਲ ਵਿਖੇ ਚੈਰਿਟੀ ਸੈਮੀਨਾਰ ਕਰਵਾਇਆ। ਸੈਮੀਨਾਰ ਵਿਚ ਲੋੜਵੰਦ ਪਰਵਾਰਾਂ ਨੂੰ ਘਰ ਦੀ ਜ਼ਰੂਰਤ ਦਾ ਸੁੱਕਾ ਰਾਸ਼ਨ ਤਕਸੀਮ ਕੀਤਾ। ਇਸ ਮੌਕੇ ਸਾਂਝ ਕੇਂਦਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ, ਔਰਤਾਂ ਬੱਚਿਆਂ ਤੇ ਬਜ਼ੁਰਗਾਂ ਦੀ ਸਹਾਇਤਾ ਲਈ ਪੁਲਸ ਹੈਲਪ ਲਾਈਨ ਨੰਬਰਾਂ ਦੀ ਵਰਤੋਂ ਬਾਰੇ ਤੇ ਸ਼ਕਤੀ ਐਪ ਸਬੰਧੀ ਥਾਣਾ ਮੁਖੀ ਇੰਸਪੈਕਟਰ ਵਰਿੰਦਰਪਾਲ ਸਿੰਘ ਉੱਪਲ ਨੂਰਮਹਿਲ ਵਲੋਂ ਜਾਣਕਾਰੀ ਦਿੱਤੀ ਗਈ ਤੇ ਸਬ ਡਵੀਜ਼ਨ ਨਕੋਦਰ ਇੰਚਾਰਜ ਏ. ਐਸ. ਆਈ ਰਾਜ ਸਿੰਘ ਵਲੋਂ ਨਸ਼ਿਆ ਦੇ ਮਾੜੇ ਪ੍ਰਭਾਵਾਂ ਤੇ ਇਨ੍ਹਾਂ ਤੋਂ ਬਚ ਕੇ ਰਹਿਣ ਸਬੰਧੀ ਜਾਗਰੂਕ ਕੀਤਾ। ਸੈਮੀਨਾਰ ਵਿਚ ਏ. ਐਸ. ਆਈ ਪ੍ਰੇਮ ਚੰਦ, ਸਿਪਾਹੀ ਅਕਾਸ਼ਦੀਪ ਸਿੰਘ ਸਿਪਾਹੀ ਕੁਲਦੀਪ ਸਿੰਘ ਆਦਿ ਹਾਜ਼ਰ ਸਨ।

# ਲੋਕਾਂ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਕੀਤਾ ਜਾ ਰਿਹਾ ਹੈ ਜਾਗਰੂਕ : ਡੀ ਐੱਸ ਪੀ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਸੜਕ ਸੁਰੱਖਿਆ ਮੁਹਿੰਮ ਤਹਿਤ ਪੰਜਾਬ ਪੁਲਿਸ ਵੱਲੋਂ ਅੱਜ ਬੱਸ ਸਟੈਂਡ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੱਖ ਵੱਖ ਥਾਵਾਂ ਤੇ ਵਾਹਨ ਚਾਲਕਾਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਬੱਸਾਂ, ਟਰੱਕਾਂ ਤੇ ਗੱਡੀਆਂ ਦੇ ਰਿਫਲੈਕਟਰ ਲਗਾਏ ਅਤੇ ਡਰਾਈਵਰਾਂ ਨੂੰ ਟਰੈਫਿਕ ਨਿਯਮਾਂ ਦੀ ਪਾਲਣਾ ਸਬੰਧੀ ਜਾਗਰੂਕ ਕੀਤਾ। ਅਜੇ ਸਿੰਘ ਡੀ.ਐਸ.ਪੀ ਨੇ ਦੱਸਿਆ ਕਿ ਇਹ ਮੁਹਿੰਮ 15 ਜਨਵਰੀ ਤੋ 14 ਫਰਵਰੀ ਤੱਕ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਟਰੈਫਿਕ ਨਿਯਮਾਂ ਦੀ ਪਾਲਣਾ ਕਰਨੀ ਹਰੇਕ ਨਾਗਰਿਕ ਲਈ ਅਤਿ ਜ਼ਰੂਰੀ ਹੈ, ਕਿਉਂਕਿ ਟਰੈਫਿਕ ਨਿਯਮਾਂ ਦੀ ਉਲੰਘਣਾ ਕਾਰਨ ਹੀ ਕਈ ਤਰ੍ਹਾਂ ਦੇ ਸੜਕੀ ਹਾਦਸੇ ਵਾਪਰਦੇ ਹਨ। ਉਨ੍ਹਾਂ ਕਿਹਾ ਕਿ ਹਰੇਕ ਵਿਅਕਤੀ ਨੂੰ ਕਾਰ ਚਲਾਉਣ ਸਮੇਂ ਸੀਟ ਬੈਲਟ ਲਾਉਣੀ ਜਰੂਰੀ ਹੈ ਅਤੇ ਦੋ ਪਹੀਆ ਵਾਹਨ ਚਾਲਕਾਂ ਨੂੰ ਹੈਲਮਟ ਪਹਿਨਣਾ ਜਰੂਰੀ ਹੈ। ਇਸ ਤੋਂ ਇਲਾਵਾ ਟਰੈਫਿਕ ਲਾਈਟਾਂ 'ਤੇ ਹਰੀ ਬੱਤੀ ਹੋਣ ਤੱਕ ਇੰਤਜਾਰ ਕਰਨਾ ਚਾਹੀਦਾ ਹੈ ਅਤੇ ਕਦੇ ਵੀ ਕਿਸੇ ਵਾਹਨ ਨੂੰ ਗਲਤ ਸਾਈਡ ਤੋਂ ਓਵਰਟੇਕ ਨਹੀਂ ਕਰਨਾ ਚਾਹੀਦਾ। ਇਸ ਤੋਂ ਇਲਾਵਾ ਗੱਡੀਆਂ ਪਾਰਕ ਕਰਨ ਸਮੇਂ ਵੀ ਸਹੀ ਸਥਾਨ 'ਤੇ ਹੀ ਗੱਡੀਆਂ ਪਾਰਕ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਆਉਣ ਜਾਣ ਵਾਲੀ ਟਰੈਫਿਕ ਵਿੱਚ ਵਿਘਨ ਨਾ ਪਵੇ।



# ਕੇਂਦਰੀ ਅੰਤਰਮ ਬਜਟ ਨਿਰਾਸ਼ਾਜਨਕ : ਰਾਣਾ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ )**-ਵਿਤ ਮੰਤਰੀ ਸੀਤਾ ਰਮਨ ਵੱਲੋਂ ਅੱਜ ਪੇਸ਼ ਕੀਤਾ ਗਿਆ ਅੰਤਰਿਮ ਬਜਟ ਕਿਸਾਨਾਂ ਮਜ਼ਦੂਰਾਂ ਲਈ ਨਿਰਾਸ਼ਾ ਲੈ ਕੇ ਆਇਆ ਹੈ। ਕਿਸਾਨ ਉਡੀਕ ਦੇ ਰਹ ਸੀ ਕਿ ਉਹਨਾਂ ਦੀ ਆਮਦਨ ਦੁੱਗਣੀ ਕਰਨ ਦਾ ਜੋ ਵਾਅਦਾ ਕੇਂਦਰ ਸਰਕਾਰ ਨੇ ਕੀਤਾ ਸੀ ਉਸ ਨੂੰ ਪੂਰਾ ਕੀਤਾ ਜਾਵੇਗਾ ਪਰ ਬਜਟ ਵਿੱਚ ਕੋਈ ਐਸੀ ਗੱਲ ਨਹੀਂ ਹੈ ਜਿਸ ਨਾਲ ਕਿਸਾਨਾਂ ਦੀ ਆਮਦਨ ਵਧੇ। ਪਿਛਲੇ ਇਕ ਸਾਲ ਵਿੱਚ 12 ਰੁਪਏ ਡੀਜ਼ਲ ਪੈਟਰੋਲ ਦੇ ਰੇਟਾਂ 'ਚ ਪਰ ਲੀਟਰ ਵਾਧਾ ਕੀਤਾ ਗਿਆ। ਇਸੇ ਤਰ੍ਹਾਂ ਦਾਲਾਂ ਵਿੱਚ ਇੱਕ ਸਾਲ ਵਿੱਚ 40 ਤੋਂ 50 ਰੁਪਏ ਪ੍ਰਤੀ ਕਿਲੋ ਵਾਧਾ ਕੀਤਾ ਗਿਆ ਰੇਟ ਨਹੀਂ ਘਟਾਇਆ। ਚੀਨੀ ਚਾਰ ਰੁਪਏ, ਦੁੱਧ ਚਾਰ ਰੁਪਏ, ਆਟਾ ਇਕ ਰੁਪਏ, ਆਲੂ ਪਿਆਜ਼ 12 ਰੁਪਏ ਦਾ ਵਾਧਾ ਪ੍ਰਤੀ ਕਿਲੋ ਕੀਤਾ ਗਿਆ ਇਕ ਸਾਲ ਵਿੱਚ ਪਰ ਬਜਟ ਵਿੱਚ ਕੋਈ ਰਾਹਤ ਨਹੀਂ ਦਿੱਤੀ ਗਈ। ਸਿਰਫ ਅੰਕੜਿਆਂ ਦਾ ਖੇਲ ਹੈ ਇਹ ਬਜਟ। ਕਰੋੜਾਂ ਘਰ ਬਣਾਉਣ ਦਾ ਸੁਪਨਾ ਦਿਖਾਇਆ ਗਿਆ ਹੈ। ਯੋਜਨਾਵਾਂ ਇਧਰ ਤੋਂ ਉਧਰ ਕਰਨ ਦੀਆਂ ਗੱਲਾਂ ਕੀਤੀਆਂ ਗਈਆਂ ਹਨ। ਝੂਠ ਬੋਲਿਆ ਗਿਆ ਹੈ ਕਿ 20 ਕਰੋੜ ਲੋਕਾਂ ਨੂੰ ਗਰੀਬੀ ਰੇਖਾ ਤੋਂ ਕੱਢ ਦਿੱਤਾ ਹੈ ਜਦ ਕਿ ਗਰੀਬੀ ਤੇਜ਼ੀ ਨਾਲ ਵਧ ਰਹੀ ਹੈ। ਇਸ ਕਰਕੇ ਅਸੀਂ ਮੰਗ ਕਰਦੇ ਹਾਂ ਕਿ ਬਜਟ ਨੂੰ ਕਿਸਾਨਾਂ ਮਜਦੂਰਾਂ ਨੂੰ ਰਾਹਤ ਦੇਣ ਵਾਲਾ ਬਣਾਇਆ ਜਾਵੇ।

# ਪ੍ਰਭ ਆਸਰਾ ਸੰਸਥਾ ਦੇ ਬੱਚਿਆਂ ਨੇ ਫਲੋਰ ਬਾਲ 'ਚ ਤੀਜਾ ਸਥਾਨ ਹਾਸਲ ਕੀਤਾ



**ਕੁਰਾਲੀ (ਮੋਹਨ ਅਗਰਵਾਲ)**-ਕੁਰਾਲੀ ਸ਼ਹਿਰ ਦੀ ਹੱਦ ਵਿੱਚ ਲਾਵਾਰਿਸ ਲੋਕਾਂ ਦੀ ਸੇਵਾ ਸੰਭਾਲ ਕਰ ਰਹੀ ਪ੍ਰਭ ਆਸਰਾ ਸੰਸਥਾ ਦੇ ਬੱਚਿਆਂ ਵਲੋਂ ਸਪੈਸ਼ਲ ਓਲੰਪਿਕ ਭਾਰਤ ਵੱਲੋਂ ਕਰਵਾਏ ਗਏ ਨੈਸ਼ਨਲ ਚੈਂਪੀਅਨਸ਼ਿਪ ਫਲੋਰ ਬਾਲ ਵਿੱਚ ਤੀਜਾ ਸਥਾਨ ਹਾਸਲ ਕੀਤਾ।

ਸੰਸਥਾ ਦੇ ਮੁਖੀ ਭਾਈ ਸ਼ਮਸ਼ੇਰ ਸਿੰਘ ਅਤੇ ਬੀਬੀ ਰਜਿੰਦਰ ਕੌਰ ਪਡਿਆਲਾ ਨੇ ਦੱਸਿਆ ਕਿ ਜੀਵਨ ਦੇ ਵਿੱਚ ਸਿੱਖਿਆ ਸਿਹਤ ਅਤੇ ਖੇਡਾਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਪ੍ਰਭ ਆਸਰਾ ਸੰਸਥਾ ਦੇ ਬੱਚੇ ਫਲੋਰ ਬਾਲ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਪੰਜਾਬ ਵੱਲੋਂ ਸਲੈਕਟ ਹੋਏ ਸਨ। ਸੰਸਥਾ ਦੇ ਸਪੈਸ਼ਲ ਬੱਚਿਆਂ ਵੱਲੋਂ ਵੱਡੀਆਂ ਮੱਲਾਂ ਮਾਰੀਆਂ ਗਈਆਂ , ਜਿਸ ਵਿੱਚ ਵਿਸ਼ਨੂੰ ਅਤੇ ਪ੍ਰਵੀਨ ਵੱਲੋਂ ਬਰਾਉਜ ਮੈਡਲ ਜਿੱਤੇ ਗਏ , ਵੱਖ ਵੱਖ ਸਟੇਟਾਂ ਦੇ ਮੈਚਾਂ ਵਿੱਚ ਪੰਜਾਬ ਦੀ ਟੀਮ ਤੀਜੇ ਸਥਾਨ 'ਤੇ ਰਹੀ। ਸੰਸਥਾ ਵਲੋਂ ਬੱਚਿਆਂ ਲਈ ਸਪੈਸ਼ਲ ਕੋਚ ਅਤੇ ਟੀਚਰ ਵੀ ਰੱਖੇ ਗਏ ਹਨ, ਬੱਚਿਆਂ ਨੂੰ ਖੇਡਾਂ ਵਿੱਚ ਹੋਰ ਅੱਗੇ ਲਿਆਉਣ ਲਈ ਸੰਸਥਾ ਵੱਲੋਂ ਸਪੈਸ਼ਲ ਗਰਾਊਂਡ ਵੀ ਤਿਆਰ ਕੀਤੇ ਜਾ ਰਹੇ ਹਨ।

# ਹਰਿਆਣਾ 'ਚ 17 ਜ਼ਿਲ੍ਹਿਆਂ ਦੀਆਂ 264 ਕਲੋਨੀਆਂ ਹੋਈਆਂ ਨਿਯਮਤ : ਮਨੋਹਰ ਲਾਲ

**ਚੰਡੀਗੜ੍ਹ (ਕ੍ਰਿਸ਼ਨ ਗਰਗ)** – ਹਰਿਆਣਾ ਵਿਚ ਸੰਸਥਾਗਤ ਸ਼ਹਿਰੀ ਵਿਕਾਸ ਅਤੇ ਨਾਗਰਿਕ ਨੂੰ ਮੁਢਲੀ ਸਹੂਲਤਾਂ ਪ੍ਰਦਾਨ ਕਰਨ ਦੇ ਮੱਦੇਨਜ਼ਰ ਅਣਅਥੋਰਾਇਜਡ ਕਲੋਨੀਆਂ ਨੂੰ ਨਿਯਮਤ ਕਰਨ ਦੀ ਲੜੀ ਵਿਚ ਅੱਜ ਇਕ ਵਾਰ ਫਿਰ ਮੁੱਖ ਮੰਤਰੀ ਮਨੋਹਰ ਲਾਲ ਨੇ 17 ਜ਼ਿਲ੍ਹਿਆਂ ਦੀ 264 ਅਣਅਥੋਰਾਇਜਡ ਕਲੋਨੀਆਂ ਨੂੰ ਨਿਯਮਤ ਕੀਤਾ। ਇਨ੍ਹਾਂ ਵਿਚ ਨਗਰ ਅਤੇ ਗ੍ਰਾਮ ਆਯੋਜਨਾ ਵਿਭਾਗ ਦੀਆਂ 91 ਅਤੇ ਸ਼ਹਿਰੀ ਸਥਾਨਕ ਵਿਭਾਗ ਦੀਆਂ 173 ਕਲੋਨੀਆਂ ਸ਼ਾਮਲ ਹਨ। ਮੁੱਖ ਮੰਤਰੀ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਮੌਜੂਦਾ ਸਰਕਾਰ ਵੱਲੋਂ ਸੂਬੇ ਵਿਚ ਅਣਅਥੋਰਾਇਜਡ ਕਲੋਨੀਆਂ ਨੂੰ ਨਿਯਮਤ ਕੀਤਾ ਜਾ ਚੁੱਕਾ ਹੈ। ਅੱਜ ਦੀ 264 ਕਲੋਨੀਆਂ ਨੂੰ ਮਿਲਾ ਕੇ ਹੁਣ ਇਹ ਗਿਣਤੀ 2101 ਹੋ ਜਾਵੇਗੀ। ਇਸ ਮੌਕੇ 'ਤੇ ਉਰਜਾ ਮੰਤਰੀ ਰਣਜੀਤ ਸਿੰਘ ਵੀ ਮੌਜੂਦ ਸਨ। ਉੱਥੇ ਹੀ ਸ਼ਹਿਰੀ ਸਥਾਨਕ ਸਰਕਾਰ ਮੰਤਰੀ ਡਾ ਕਮਲ ਗੁਪਤਾ ਵਰਚੂਅਲੀ ਜੁੜੇ। ਇਨ੍ਹਾਂ ਕਲੋਨੀਆਂ ਵਿਚ ਨਾਗਰਿਕਾਂ ਨੂੰ ਮੁਢਲੀਆਂ ਸਹੂਲਤਾਂ ਜਿਵੇਂ ਸੜਕ, ਸੀਵਰੇਜ, ਜਲ ਸਪਲਾਈ ਅਤੇ ਸਟ੍ਰੀਟ ਲਾਈਟ ਉਪਲਬਧ ਕਰਵਾਈ ਜਾਵੇਗੀ। ਇਸ ਮੌਕੇ ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵੀ ਉਮਾਸ਼ੰਕਰ, ਨਗਰ ਅਤੇ ਗ੍ਰਾਮ ਆਯੋਜਨਾ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਰੁਣ ਗੁਪਤਾ, ਵਿੱਤ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਨੁਰਾਗ ਰਸਤੋਗੀ, ਹਾਊਸਿੰਗ ਫਾਰ ਆਲ ਵਿਭਾਗ ਦੇ ਵਧੀਕ ਮੁੱਖ ਸਕੱਤਰ ਰਾਜਾ ਸ਼ੇਖਰ ਵੁੰਡਰੂ, ਉਰਜਾ ਵਿਭਾਗ ਦੇ ਵਧੀਕ ਮੁੱਖ ਸਕੱਤਰ ਏ ਕੇ ਸਿੰਘ, ਬਿਜਲੀ ਨਿਗਮਾਂ ਦੇ ਚੇਅਰਮੈਨ ਪੀ ਕੇ ਦਾਸ, ਸੂਚਨਾ, ਜਨ ਸੰਪਰਕ, ਭਾਸ਼ਾ ਅਤੇ ਸੱਭਿਆਚਾਰ ਵਿਭਾਗ ਦੇ ਮਹਾਨਿਦੇਸ਼ਕ ਮਨਦੀਪ ਸਿੰਘ ਬਰਾੜ, ਡੀਐਚਬੀਵੀਐਨ ਦੇ ਪ੍ਰਬੰਧ ਨਿਦੇਸ਼ਕ ਪੀ ਸੀ ਮੀਣਾ, ਹਾਊਸਿੰਗ ਫਾਰ ਆਲ ਵਿਭਾਗ ਦੇ ਮਹਾਨਿਦੇਸ਼ਕ ਟੀ ਐਲ ਸਤਿਅਪ੍ਰਕਾਸ਼, ਨਗਰ ਅਤੇ ਗ੍ਰਾਮ ਆਯੋਜਨਾ ਵਿਭਾਗ ਦੇ ਨਿਰਦੇਸ਼ਕ ਅਮਿਤ ਖੱਤਰੀ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

# ਦੀ ਇੰਪੀਰੀਅਲ ਸਕੂਲ ਗ੍ਰੀਨ ਕੈਂਪਸ ਵਿਖੇ 'ਪਰੀਕਸ਼ਾ ਪੇ ਚਰਚਾ' ਤਹਿਤ ਵੱਖ-ਵੱਖ ਗਤੀਵਿਧੀਆਂ

**ਆਦਮਪੁਰ (ਪਰਮਜੀਤ ਸਿੰਘ )**:- ਦੀ ਇੰਪੀਰੀਅਲ ਸਕੂਲ ਗ੍ਰੀਨ ਕੈਂਪਸ ਆਦਮਪੁਰ ਦੇ ਸਮੂਹ ਵਿਦਿਆਰਥੀਆਂ ਨੂੰ ਮਾਣਯੋਗ ਪ੍ਰਧਾਨ ਮੰਤਰੀ ਵੱਲੋਂ ਦਿੱਲੀ ਵਿਖੇ ਆਯੋਜਿਤ ਪ੍ਰੋਗਰਾਮ ਪ੍ਰੀਖਿਆ 'ਤੇ ਹੋਈ ਚਰਚਾ ਦਾ ਸਿੱਧਾ ਪ੍ਰਸਾਰਣ ਦਿਖਾਇਆ ਗਿਆ। ਵਿਦਿਆਰਥੀਆਂ ਨੇ ਉਨ੍ਹਾਂ ਵੱਲੋਂ ਦਿੱਤੇ ਸੁਝਾਵਾਂ ਅਤੇ ਸਬਕ ਨੂੰ ਆਪਣੇ ਜੀਵਨ ਵਿੱਚ ਅਪਨਾਉਣ ਅਤੇ ਉਨ੍ਹਾਂ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦਾ ਪ੍ਰਣ ਕੀਤਾ। ਰਾਸਟਰੀ ਯੁਵਕ ਦਿਵਸ ਦੇ ਮੌਕੇ 'ਤੇ ਪ੍ਰਿੰਸੀਪਲ ਸ੍ਰੀਮਤੀ ਸੁਰਿੰਦਰ ਕੌਰ ਮੱਲ੍ਹੀ ਜੀ ਦੀ ਰਹਿਨੁਮਾਈ ਹੇਠ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਗਈਆਂ ਜਿਵੇਂ: ਨੁੱਕੜ ਨਾਟਕ, ਮਾਈਮ, ਸੰਗੀਤ, ਭਾਸਣ, ਯੋਗਾ ਅਤੇ ਪੋਸਟਰ ਮੇਕਿੰਗ। ਇਨ੍ਹਾਂ ਗਤੀਵਿਧੀਆਂ ਵਿੱਚ ਸਕੂਲ ਦੇ ਸਾਰੇ ਲੜਕੇ ਅਤੇ ਲੜਕੀਆਂ ਨੇ ਭਾਗ ਲਿਆ।




ਇਸ ਮੌਕੇ ਚੇਅਰਮੈਨ ਸ੍ਰੀ ਜਗਦੀਸ ਲਾਲ ਜੀ, ਡਾਇਰੈਕਟਰ ਸ੍ਰੀ ਜਗਮੋਹਨ ਅਰੋੜਾ ਜੀ, ਦੀ ਗ੍ਰੀਨ ਕੈਂਪਸ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਸਵਿੰਦਰ ਕੌਰ ਮੱਲ੍ਹੀ, ਚੀਫ ਅਕੈਡਮਿਕ ਅਡਵਾਈਜਰ ਸ੍ਰੀਮਤੀ ਸੁਸਮਾ ਵਰਮਾ ਜੀ ਵਿਸੇਸ ਤੌਰ 'ਤੇ ਹਾਜਰ ਸਨ। ਇਹ ਪ੍ਰੋਗਰਾਮ ਗਤੀਵਿਧੀ ਇੰਚਾਰਜ ਭਾਸਕਰ ਬੱਗਾ ਅਤੇ ਸਮੂਹ ਸਟਾਫ ਦੇ ਸਹਿਯੋਗ ਨਾਲ ਸੰਪੰਨ ਹੋਇਆ।

ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਸਵਿੰਦਰ ਕੌਰ ਮੱਲ੍ਹੀ ਜੀ ਨੇ ਵਿਦਿਆਰਥੀਆਂ ਨੂੰ ਸੱਚੀ ਲਗਨ ਨਾਲ ਵਿੱਦਿਆ ਦੇ ਖੇਤਰ ਵਿੱਚ ਵਿਸੇਸ ਪ੍ਰਾਪਤੀਆਂ ਕਰਕੇ ਆਪਣੇ ਮਾਤਾ-ਪਿਤਾ, ਸਕੂਲ ਅਤੇ ਦੇਸ ਦਾ ਨਾਮ ਰੌਸਨ ਕਰਨ ਲਈ ਪ੍ਰੇਰਿਤ ਕੀਤਾ।

ਚੇਅਰਮੈਨ ਸ੍ਰੀ ਜਗਦੀਸ ਲਾਲ ਜੀ ਅਤੇ ਡਾਇਰੈਕਟਰ ਸ੍ਰੀ ਜਗਮੋਹਨ ਅਰੋੜਾ ਜੀ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਅਜਿਹੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਅਤੇ ਆਪਣੀ ਰਚਨਾਤਮਕਤਾ ਦਾ ਪ੍ਰਦਰਸਨ ਕਰਨ ਲਈ ਪ੍ਰੇਰਿਤ ਕੀਤਾ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕਰਦਿਆਂ ਕਿਹਾ ਕਿ ਉਹ ਉਨ੍ਹਾਂ ਦੀ ਹਰ ਤਰ੍ਹਾਂ ਦੀ ਮਦਦ ਕਰਨ ਲਈ ਹਮੇਸਾ ਤਿਆਰ ਹਨ।

# 16 ਫਰਵਰੀ ਦੇ ਭਾਰਤ ਬੰਦ ਨੂੰ ਸਫਲ ਬਣਾਉਣ ਦਾ ਸੱਦਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ )**- ਸੰਯੁਕਤ ਕਿਸਾਨ ਮੋਰਚਾ ਅਤੇ ਟਰੇਡ ਯੂਨੀਅਨਾਂ ਵੱਲੋਂ 16 ਫਰਵਰੀ ਨੂੰ ਕੀਤੇ ਜਾ ਰਹੇ ਭਾਰਤ ਬੰਦ ਦੇ ਸੱਦੇ ਨੂੰ ਸਫਲ ਬਣਾਉਣ ਲਈ ਅੱਜ ਜਥੇਬੰਦੀਆਂ ਨੇ ਮੀਟਿੰਗ ਕਰਕੇ ਜਿਲਾ ਨਵਾਂਸ਼ਹਿਰ ਵਿਚ ਬੰਦ ਨੂੰ ਸਫਲ ਬਣਾਉਣ ਦੀ ਅਪੀਲ ਕੀਤੀ ਹੈ। ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਬੰਗਾ ਰੋਡ ਨਵਾਂਸ਼ਹਿਰ ਵਿਖੇ ਹੋਈ ਇਸ ਜਿਲਾ ਪੱਧਰੀ ਮੀਟਿੰਗ ਵਿਚ ਇਸ ਬੰਦ ਨੂੰ ਸਫਲ ਕਰਨ ਲਈ ਢੰਗ ਤਰੀਕਿਆਂ ਉੱਤੇ ਵਿਚਾਰ ਕੀਤਾ ਗਿਆ।ਇਸਦੀ ਤਿਆਰੀ ਵਜੋਂ 5 ਫਰਵਰੀ ਨੂੰ ਨਵਾਂਸ਼ਹਿਰ, ਬੰਗਾ ਅਤੇ ਬਲਾਚੌਰ ਵਿਖੇ ਤਹਿਸੀਲ ਪੱਧਰੀ ਮੀਟਿੰਗਾਂ ਕਰਕੇ ਕਾਫਲਿਆਂ ਦੇ ਰੂਪ ਵਿਚ ਬਜਾਰਾਂ ਵਿਚ ਘੁੰਮ ਕੇ 16 ਫਰਵਰੀ ਨੂੰ ਬਾਜਾਰ ਬੰਦ ਰੱਖਣ ਦੀ ਅਪੀਲ ਕੀਤੀ ਜਾਵੇਗੀ। ਜਥੇਬੰਦੀਆਂ ਦੀ ਅਗਲੀ ਜਿਲਾ ਪੱਧਰੀ ਮੀਟਿੰਗ 7 ਫਰਵਰੀ ਨੂੰ 11 ਵਜੇ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਨਵਾਂਸ਼ਹਿਰ ਵਿਖੇ ਹੋਵੇਗੀ।ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਭਾਰਤ ਬੰਦ ਦੇ ਸੱਦੇ ਨੂੰ ਕਾਮਯਾਬ ਕਰਨ ਲਈ ਵੱਖ ਵੱਖ ਜਥੇਬੰਦੀਆਂ ਨੂੰ, ਟਰੱਕ ਯੂਨੀਅਨਾਂ, ਟੈਕਸੀ ਯੂਨੀਅਨਾਂ, ਆਟੋ ਯੂਨੀਅਨਾਂ, ਸਬਜੀ ਮੰਡੀ ਅਤੇ ਦਾਣਾ ਮੰਡੀਆਂ ਦੇ ਆੜ੍ਹਤੀਆਂ, ਵਪਾਰ ਮੰਡਲਾਂ ਨਾਲ ਸੰਪਰਕ ਕੀਤਾ ਜਾਵੇਗਾ।ਅੱਜ ਦੀ ਮੀਟਿੰਗ ਨੂੰ ਕੁਲਵਿੰਦਰ ਸਿੰਘ ਵੜੈਚ, ਮਹਾਂ ਸਿੰਘ ਰੌੜੀ,ਸੁਰਿੰਦਰ ਸਿੰਘ ਬੈਂਸ, ਕੁਲਦੀਪ ਸਿੰਘ ਸੁੱਜੋਂ, ਨਰਿੰਦਰ ਸਿੰਘ ਸੁੱਜੋਂ,ਬਲਵੀਰ ਸਿੰਘ ਜਾਡਲਾ,ਹਰਪਾਲ ਸਿੰਘ ਜਗਤ ਪੁਰ,ਮੁਕੰਦ ਲਾਲ,ਬਲਜਿੰਦਰ ਸਿੰਘ ਭੰਗਲ,ਜਸਬੀਰ ਦੀਪ, ਬੂਟਾ ਸਿੰਘ ਮਹਿਮੂਦਪੁਰ ,ਸਤਨਾਮ ਸਿੰਘ ਗੁਲਾਟੀ, ਸਤਨਾਮ ਸਿੰਘ ਸੁੱਜੋਂ,ਬਲਜੀਤ ਸਿੰਘ ਧਰਮਕੋਟ, ਸੁਖਦੇਵ ਸਿੰਘ ਗਰਚਾ,ਹਰੀ ਰਾਮ ਰਸੂਲਪੁਰੀ, ਪਰਵੀਨ ਕੁਮਾਰ ਨਿਰਾਲਾ, ਆਂਗਣਵਾੜੀ ਵਰਕਰਜ਼ ਯੂਨੀਅਨ ਦੇ ਆਗੂ ਲਖਵਿੰਦਰ ਕੌਰ, ਜਸਵੀਰ ਕੌਰ,ਗੁਰਦਿਆਲ ਰੱਕੜ ਆਗੂਆਂ ਨੇ ਸੰਬੋਧਨ ਕੀਤਾ।



# ਜੇ ਐੱਨ ਵੀ 'ਚ ਨੌਵੀਂ ਤੇ ਗਿਆਰ੍ਹਵੀਂ ਦੀ ਲੇਟਰਲ ਐਂਟਰੀ ਚੋਣ ਪ੍ਰੀਖਿਆ 10 ਨੂੰ

**ਹੁਸ਼ਿਆਰਪੁਰ, (ਓ ਪੀ ਰਾਣਾ )**-ਜਵਾਹਰ ਨਵੋਦਿਆ ਵਿਦਿਆਲਿਆ ਵਿਚ ਨੌਵੀਂ ਅਤੇ ਗਿਆਰ੍ਹਵੀਂ ਜਮਾਤ ਵਿਚ ਦਾਖ਼ਲੇ ਲਈ ਆਯੋਜਿਤ ਹੋਣ ਵਾਲੀ ਲੇਟਰਲ ਐਂਟਰੀ ਚੋਣ ਪ੍ਰੀਖਿਆ ਦੇ ਵਿਦਿਆਰਥੀ ਹੁਣ ਪ੍ਰੀਖਿਆ ਦੇ ਦਾਖਲਾ ਪੱਤਰ ਡਾਊਨਲੋਡ ਕਰ ਸਕਦੇ ਹਨ। ਪ੍ਰੀਖਿਆ 10 ਫਰਵਰੀ ਨੂੰ ਨਿਰਧਾਰਿਤ ਕੀਤੀ ਗਈ ਹੈ ਅਤੇ ਸਾਰੇ ਰਜਿਸਟਰਡ ਵਿਦਿਆਰਥੀਆਂ ਨੂੰ ਸਮੇਂ ਸਿਰ ਅਤੇ ਨਿਰਧਾਰਿਤ ਕੇਂਦਰ 'ਤੇ ਹਾਜ਼ਰ ਹੋਣਾ ਜ਼ਰੂਰੀ ਹੈ। ਇਹ ਜਾਣਕਾਰੀ ਦਿੰਦਿਆਂ ਸਕੂਲ ਪ੍ਰਿੰਸੀਪਲ ਰੰਜੂ ਦੁੱਗਲ ਨੇ ਦੱਸਿਆ ਕਿ ਨੌਵੀਂ ਜਮਾਤ ਦਾ ਪ੍ਰੀਖਿਆ ਕੇਂਦਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ਼ੇਰਗੜ੍ਹ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਲਾਹੀ ਹੋਵੇਗਾ। ਇਸੇ ਤਰ੍ਹਾਂ ਗਿਆਰ੍ਹਵੀਂ ਜਮਾਤ ਦਾ ਪ੍ਰੀਖਿਆ ਕੇਂਦਰ ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ, ਜ਼ਿਲ੍ਹਾ ਹੁਸ਼ਿਆਰਪੁਰ ਹੋਵੇਗਾ। ਉਨ੍ਹਾਂ ਦੱਸਿਆ ਕਿ ਸਾਰੇ ਰਜਿਸਟਰਡ ਉਮੀਦਵਾਰਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ 100 ਫੀਸਦੀ ਹਾਜ਼ਰੀ ਯਕੀਨੀ ਬਣਾਈ ਜਾਵੇ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਖੱਜਲ-ਖੁਆਰੀ ਤੋਂ ਬਚਣ ਲਈ ਸਾਰੇ ਵਿਦਿਆਰਥੀ ਆਪਣਾ ਦਾਖਲਾ ਪੱਤਰ ਤੁਰੰਤ ਡਾਊਨਲੋਡ ਕਰ ਲੈਣ ਅਤੇ ਪ੍ਰੀਖਿਆ ਮਿਤੀ ਜਾਂਚ ਲੈਣ। ਉਨ੍ਹਾਂ ਦੱਸਿਆ ਕਿ 100 ਫੀਸਦੀ ਹਾਜ਼ਰੀ ਯਕੀਨੀ ਬਣਾਉਣਾ ਮਹੱਤਵਪੂਰਨ ਹੈ। ਉਮੀਦਵਾਰ ਆਪਣਾ ਦਾਖਲਾ ਪੱਤਰ ਨਵੋਦਿਆ ਸਮਿਤੀ ਦੀ ਅਧਿਕਾਰਤ ਵੈਬਸਾਈਟ https://navoday.gov.in/ ਤੋਂ ਆਪਣਾ ਲਾਗਿਨ ਕਰਕੇ ਡਾਊਨਲੋਡ ਕਰ ਸਕਦੇ ਹਨ।

# ਪਾਵਰਕਾਮ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਪੰਜਾਬ ਸਰਕਾਰ ਤੇ ਮੈਨੇਜਮੈਂਟ ਦੀ ਅਰਥੀ ਫੂਕੀ

**ਬਹਿਰਾਮ (ਅਵਤਾਰ ਕਲੇਰ)** ਪੰਜਾਬ ਦੀਆਂ ਸਰਕਾਰਾਂ ਨੇ ਪਾਵਰਕਾਮ ਦਾ ਦੀਵਾਲਾ ਕੱਢ ਦਿੱਤਾ ਹੈ। ਮੁਲਾਜ਼ਮਾਂ ਨੂੰ ਤਨਖਾਹ ਅਤੇ ਪੈਨਸ਼ਨਰਾਂ ਨੂੰ ਪੈਨਸ਼ਨ ਦੇਣ ਲਈ ਵੀ ਪੈਸੇ ਨਹੀਂ ਹਨ। ਇਸ ਲਈ ਜ਼ਿੰਮੇਵਾਰ ਵੱਖ ਵੱਖ ਪਾਰਟੀਆਂ ਦੀਆਂ ਸਰਕਾਰਾਂ ਹਨ।ਬੰਗਾ ਡਵੀਜ਼ਨ ਦੇ ਵੱਡੀ ਗਿਣਤੀ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਇਕੱਠੇ ਹੋ ਕੇ ਪਾਵਰਕਾਮ ਦੀ ਇਸ ਕਾਰਵਾਈ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਪੰਜਾਬ ਰਾਜ ਬਿਜਲੀ ਬੋਰਡ ਨੂੰ ਜੋ 564.75 ਕਰੋੜ ਦੇ ਮੁਨਾਫੇ ਦੀ ਗੱਲ ਕੀਤੀ ਜਾ ਰਹੀ ਉਹ ਸਿਰਫ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ ਕਿਉਂ ਕਿ ਪਾਵਰਕਾਮ ਦੇ ਕੋਲ ਤਾਂ ਮੁਲਾਜ਼ਮਾਂ ਨੂੰ ਤਨਖਾਹ ਅਤੇ ਪੈਨਸ਼ਨਰਾਂ ਨੂੰ ਪੈਨਸ਼ਨ ਦੇਣ ਲਈ ਵੀ ਪੈਸੇ ਨਹੀਂ ਹਨ।ਜੇਕਰ ਜਲਦੀ ਤਨਖਾਹ ਅਤੇ ਪੈਨਸ਼ਨਾਂ ਨਾ ਦਿੱਤੀਆਂ ਤਾਂ ਮਿਤੀ 05-02-2024 ਨੂੰ ਹੈੱਡ ਆਫ਼ਿਸ ਪਟਿਆਲਾ ਵਿਖੇ ਵੱਡਾ ਵਿਸ਼ਾਲ ਧਰਨਾ ਦਿੱਤਾ ਜਾਵੇਗਾ।ਇਸ ਸਮੇਂ ਅਜੀਤ ਰਾਮ ਪ੍ਰਧਾਨ ਬੰਗਾ ਡਵੀਜ਼ਨ, ਕ੍ਰਿਸ਼ਨ ਸਕੱਤਰ ਬੰਗਾ ਡਵੀਜ਼ਨ ,ਸੰਤਨ ਸਿੰਘ ਕੈਸ਼ੀਅਰ, ਸੇਵਾ ਸਿੰਘ ਪ੍ਰੈਸ ਸਕੱਤਰ, ਰਾਮ ਲੁਭਾਇਆ,ਨਸੀਬ ਚੰਦ, ਅਵਤਾਰ ਸਿੰਘ,ਦੇਵ ਰਾਜ, ਪਿਆਰਾ ਲਾਲ, ਅਸ਼ੋਕ ਕੁਮਾਰ, ਪਿਆਰਾ ਸਿੰਘ, ਗੁਰਮੀਤ ਸਿੰਘ, ਸੁਰਜੀਤ ਸਿੰਘ, ਰਜਿੰਦਰ ਸਿੰਘ, ਬਲਵੀਰ ਕੁਮਾਰ, ਹਰਮੇਸ਼ ਲਾਲ,ਸਰਵਨ ਸਿੰਘ, ਸੁੱਚਾ ਸਿੰਘ, ਪ੍ਰਕਾਸ਼ ਰਾਮ, ਨਰਿੰਦਰ ਸਿੰਘ, ਗੁਰਪਾਲ ਲਾਲ,ਚਰਨ ਸਿੰਘ, ਮਨੀ ਰਾਮ,ਨੰਦ ਲਾਲ, ਅਸ਼ੋਕ ਕੁਮਾਰ ਸਿਟੀ, ਸੁਰਿੰਦਰ ਪਾਲ ਪ੍ਰਧਾਨ, ਬਲਵਿੰਦਰ ਸਿੰਘ ਸਕੱਤਰ,ਨਰੰਜਨ ਸਿੰਘ,ਇਰਵਨਪ੍ਰੀਤ ਸਿੰਘ ਜੋਗਿੰਦਰ ਪਾਲ,ਕਰਨੈਲ ਸਿੰਘ ਆਦਿ ਹਾਜ਼ਰ ਸਨ।



# ਮੁੱਖ ਚੋਣ ਅਧਿਕਾਰੀ ਨੇ ਸਿਆਸੀ ਪਾਰਟੀਆਂ ਦੇ ਪ੍ਰਤੀਨਿਧੀਆਂ ਨਾਲ ਕੀਤੀ ਮੀਟਿੰਗ

**ਚੰਡੀਗੜ੍ਹ (ਕ੍ਰਿਸ਼ਨ ਗਰਗ)** – ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਅਨੁਰਾਗ ਅਗਰਵਾਲ ਨੇ ਕਿਹਾ ਕਿ ਅਗਾਮੀ ਲੋਕ ਸਭਾ ਚੋਣ ਨੂੰ ਦੇਖਦੇ ਹੋਏ 22 ਜਨਵਰੀ ਨੂੰ ਵੋਟਰ ਸੂਚੀ ਦਾ ਅਖੀਰੀ ਪ੍ਰਕਾਸ਼ਨ ਕੀਤਾ ਗਿਆ ਹੈ, ਜਿਸ ਨੂੰ ਵਿਭਾਗ ਦੀ ਵੈਬਸਾਈਟ 'ਤੇ ਅਪਲੋਡ ਕੀਤਾ ਗਿਆ ਹੈ। ਅਗਰਵਾਲ ਅੱਜ ਇੱਥੇ ਮੁੱਖ ਚੋਣ ਅਧਿਕਾਰੀ ਦਫਤਰ ਵਿਚ ਬੁਲਾਈ ਗਈ ਮਾਨਤਾ ਪ੍ਰਾਪਤ ਕੌਮੀ ਤੇ ਰਾਜ ਦੀਆਂ ਰਾਜਨੀਤਕ ਪਾਰਟੀਆਂ ਦੇ ਪ੍ਰਤੀਨਿਧੀਆਂ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਨੇ ਰਾਜਨੀਤਕ ਪਾਰਟੀਆਂ ਦੇ ਪ੍ਰਤੀਨਿਧੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ-ਆਪਣੇ ਖੇਤਰ ਦੀ ਵੋਟਰ ਸੂਚੀ ਦਾ ਬਾਰੀਕੀ ਨਾਲ ਅਧਿਐਨ ਕਰਨ ਅਤੇ ਜੇਕਰ ਕੋਈ ਅਯੋਗ ਵਿਅਕਤੀ ਵੋਟਰ ਸੂਚੀ ਵਿਚ ਸ਼ਾਮਲ ਹੈ ਤਾਂ ਉਸ ਦੀ ਜਾਣਕਾਰੀ ਨਾਂਅ ਹਟਵਾਉਣ ਦੇ ਲਈ ਨਿਰਧਾਰਿਤ ਫਾਰਮ ਭਰਨ। ਇਸੀ ਤਰ੍ਹਾ, ਜੇਕਰ ਕੋਈ ਨਵਾਂ ਨਾਂਅ ਸੂਚੀ ਵਿਚ ਸ਼ਾਮਲ ਕਰਨਾ ਹੈ ਤਾਂ ਵੀ ਨਿਰਧਾਰਿਤ ਫਾਰਮ ਭਰਨ। ਉਨ੍ਹਾਂ ਕਿਹਾ ਕਿ ਕਮਿਸ਼ਨ ਨੇ 1950 ਹੈਲਪਲਾਈਨ ਨੰਬਰ ਜਾਰੀ ਕੀਤਾ ਹੋਇਆ ਹੈ, ਉਸ 'ਤੇ ਵੀ ਜਾਣਕਾਰੀ ਦਿੱਤੀ ਜਾ ਸਕਦੀ ਹੈ ਤੇ ਪ੍ਰਾਪਤ ਕੀਤੀ ਜਾ ਸਕਦੀ ਹੈ। ਸੂਬੇ ਵਿਚ ਆਖੀਰੀ ਪ੍ਰਕਾਸ਼ਿਤ ਵੋਟਰ ਸੂਚੀ ਵਿਚ ਕੁੱਲ 1 ਕਰੋੜ 97 ਲੱਖ ਵੋਟਰ ਰਜਿਸਟਰਡ ਕੀਤੇ ਗਏ ਹਨ ਜਿਸ ਵਿਚ 1 ਕਰੋੜ 5 ਲੱਖ ਪੁਰਸ਼ ਅਤੇ 92 ਲੱਖ 50 ਹਜ਼ਾਰ ਮਹਿਲਾ ਵੋਟਰ ਸ਼ਾਮਲ ਹਨ। ਇਸ ਤੋਂ ਇਲਾਵਾ, ਸੂਬੇ ਵਿਚ ਕੁੱਲ 19 ਹਜ਼ਾਰ 812 ਚੋਣ ਕੇਂਦਰ ਵੀ ਸਥਾਪਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸੂਬੇ ਵਿਚ 100 ਸਾਲ ਤੋਂ ਵੱਧ ਉਮਰ ਦੇ ਵੋਟਰਾਂ ਦੀ ਗਿਣਤੀ 11479 ਹੈ। ਉਨ੍ਹਾਂ ਨੇ ਅਪੀਲ ਕਰਦੇ ਹੋਏ ਕਿਹਾ ਹੈ ਕਿ ਸਾਰੇ ਯੋਗ ਵਿਅਕਤੀਆਂ ਨੂੰ ਸਭ ਤੋਂ ਪਹਿਲਾਂ ਆਪਣੇ ਵੋਟ ਜਰੂਰ ਬਣਵਾਉਣਾ ਚਾਹੀਦਾ ਹੈ ਅਤੇ ਇਸ ਦੇ ਬਾਅਦ ਆਪਣੇ ਬੂਥ 'ਤੇ ਜਾ ਕੇ ਆਪਣਾ ਵੋਟ ਜ਼ਰੂਰ ਪਾਉਣਾ ਚਾਹੀਦਾ ਹੈ। ਰਾਜਨੀਤਕ ਪਾਰਟੀਆਂ ਵੱਲੋਂ ਭਾਰਤੀ ਜਨਤਾ ਪਾਰਟੀ ਤੋਂ ਵਰਿੰਦਰ ਗਰਗ, ਭਾਰਤੀ ਰਾਸ਼ਟਰੀ ਕਾਂਗਰਸ ਤੋਂ ਤਲਵਿੰਦਰ ਸਿੰਘ ਤੇ ਆਰ ਡੀ ਸੈਨੀ ਅਤੇ ਆਮ ਆਦਮੀ ਪਾਰਟੀ ਵੱਲੋਂ ਸੁਸ੍ਰੀ ਵੀਨਸ ਮਲਿਕ ਅਤੇ ਜਨਨਾਇਕ ਜਨਤਾ ਪਾਰਟੀ ਤੋਂ ਰਾਮ ਨਰਾਇਣ ਯਾਦਵ ਅਤੇ ਇਲੈਲੋ ਵੱਲੋਂ ਸਤਅਵ੍ਰਤ ਨੇ ਪ੍ਰਤੀਨਿਧੀਆਂ ਦੇ ਰੂਪ ਵਿਚ ਮੀਟਿੰਗ ਵਿਚ ਹਿੱਸਾ ਲਿਆ। ਇਸ ਮੌਕੇ ਵਧੀਕ ਮੁੱਖ ਚੋਣ ਅਧਿਕਾਰੀ ਹੇਮਾ ਸ਼ਰਮਾ, ਸੰਯੁਕਤ ਚੋਣ ਅਧਿਕਾਰੀ ਅਪੂਰਵ ਤੇ ਰਾਜਕੁਮਾਰ ਤੋਂ ਇਲਾਵਾ ਹੋਰ ਅਧਿਕਾਰੀ ਮੌਜੂਦ ਸਨ।

# ਮੁੱਖ ਮੰਤਰੀ ਸ਼ਹਿਰੀ ਆਵਾਸ ਯੋਜਨਾ ਰਜਿਸਟ੍ਰੇਸ਼ਨ ਪੋਰਟਲ ਦੀ ਸ਼ੁਰੂਆਤ

**ਚੰਡੀਗੜ੍ਹ (ਕ੍ਰਿਸ਼ਨ ਗਰਗ)** – ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਨੇ ਯੋਗ ਲੋਕਾਂ ਨੂੰ ਰਿਆਇਤੀ ਦਰਾਂ 'ਤੇ ਆਵਾਸ ਉਪਲਬਧ ਕਰਵਾਉਣ ਲਈ ਮੁੱਖ ਮੰਤਰੀ ਸ਼ਹਿਰੀ ਆਵਾਸ ਯੋਜਨਾ ਦੇ ਤਹਿਤ ਬਿਨੈ ਕਰਨ ਵਾਲੇ ਲਾਭਕਾਰਾਂ ਦੇ ਲਈ ਅੱਜ ਮੁੱਖ ਮੰਤਰੀ ਸ਼ਹਿਰੀ ਆਵਾਸ ਯੋਜਨਾ ਰਜਿਸਟ੍ਰੇਸ਼ਨ ਪੋਰਟਲ ਦੀ ਸ਼ੁਰੂਆਤ ਕੀਤੀ। ਯੋਜਨਾ ਤਹਿਤ ਆਪਣਾ ਪਲਾਟ ਸੁਰੱਖਿਅਤ ਕਰਨ ਦੇ ਲਈ ਇਹ ਪੋਰਟਲ ਅੱਜ 1 ਫਰਵਰੀ ਤੋਂ ਲਾਇਵ ਹੋਵੇਗਾ। ਯੋਗ ਬਿਨੈਕਾਰ ਹਾਊਸਿੰਗ ਫਾਰ ਆਲ ਵੈਬਸਾਈਟ 'ਤੇ ਰਜਿਸਟ੍ਰੇਸ਼ਨ ਕਰ ਸਕਦੇ ਹਨ। ਸ਼ੁਰੂਆਤੀ ਪੜਾਅ ਵਿਚ 14 ਸ਼ਹਿਰਾਂ ਵਿਚ 10, 542 ਪਲਾਟ ਯੋਗ ਲੋਕਾਂ ਨੂੰ ਦਿੱਤੇ ਜਾਣਗੇ। ਲਗਭਗ 15 ਦਿਨਾਂ ਵਿਚ ਇਹ ਪ੍ਰਕ੍ਰਿਆ ਪੂਰੀ ਕਰ ਲਈ ਜਾਵੇਗੀ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਪਲਾਟ ਅਲਾਟਮੈਂਟ ਪ੍ਰਕ੍ਰਿਆ ਵਿਚ ਘੁਮੰਤੂ ਜਾਤੀ, ਵਿਧਵਾ ਅਤੇ ਅਨੁਸੂਚਿਤ ਜਾਤੀ ਦੇ ਬਿਨੈਕਾਰਾਂ ਨੂੰ ਪ੍ਰਾਥਮਿਕਤਾ ਦਿੱਤੀ ਜਾਵੇਗੀ। ਨਾਲ ਹੀ ਫਲੈਟ ਲਈ ਬਿਨੈ ਕਰਨ ਵਾਲੇ ਬਿਨੈਕਾਰਾਂ ਨੂੰ ਫਲੈਟ ਪ੍ਰਦਾਨ ਕਰਨ ਲਈ ਵੀ ਜਲਦੀ ਜ਼ਰੂਰੀ ਕਾਰਵਾਈ ਕਰਨ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ਼ਹਿਰੀ ਆਵਾਸ ਯੋਜਨਾ ਰਜਿਸਟ੍ਰੇਸ਼ਨ ਪੋਰਟਲ 'ਤੇ ਬਿਨੈਕਾਰਾਂ ਦਾ ਬਿਨੈ ਕਰਦੇ ਸਮੇਂ 10,000 ਰੁਪਏ ਦੀ ਬੁਕਿੰਗ ਰਕਮ ਜਮ੍ਹਾ ਕਰਵਾਉਣੀ ਹੋਵੇਗੀ। ਪੋਰਟਲ 'ਤੇ ਪਲਾਟ ਬੁਕਿੰਗ ਦੇ ਪਹਿਲੇ ਪੜਾਅ ਵਿਚ 14 ਸ਼ਹਿਰਾਂ ਦੇ ਲਈ ਬਿਨੈ ਕੀਤੇ ਜਾ ਸਕਦੇ ਹਨ। ਜਿਨ੍ਹਾਂ ਵਿਚ ਚਰਖੀ ਦਾਦਰੀ , ਗੋਹਾਨਾ, ਸਿਰਸਾ, ਝੱਜਰ, ਫਤਿਹਾਬਾਦ, ਜਗਾਧਰੀ, ਸਫੀਦੋਂ, ਪਿੰਜੌਰ, ਰੋਹਤਕ, ਰਿਵਾੜੀ, ਮਹੇਂਦਰਗੜ੍ਹ, ਕਰਨਾਲ, ਪਲਵਲ ਅਤੇ ਜੁਲਾਨਾ ਸ਼ਾਮਲ ਹਨ।

# ਗੁਰੂ ਹਰਿ ਰਾਇ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਕੀਰਤਨ ਦਰਬਾਰ ਕਰਵਾਇਆ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਇਤਿਹਾਸਕ ਪਿੰਡ ਭੁੰਗਰਨੀ ਵਿਖੇ ਪਾਤਸ਼ਾਹੀ ਸੱਤਵੀਂ ਧੰਨ ਧੰਨ ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ 394ਵੇਂ ਪ੍ਰਕਾਸ਼ ਗੁਰਪੁਰਬ ਮੌਕੇ ਸਾਲਾਨਾ 36ਵੇਂ ਮਹਾਨ ਕੀਰਤਨ ਦਰਬਾਰ ਮੌਕੇ ਧਾਰਮਿਕ ਸਮਾਗਮ ਕਰਵਾਏ ਗਏ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ ਨੇ ਦੱਸਿਆ ਕਿ ਸ਼੍ਰੀ ਸੰਪਟ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਉਪਰੰਤ ਖੁੱਲ੍ਹੇ ਪੰਡਾਲ ਵਿੱਚ ਸਿੰਘ ਸਾਹਿਬਾਨ ਜਥੇਦਾਰ ਗਿਆਨੀ ਰਘਵੀਰ ਸਿੰਘ ਜਥੇਦਾਰ ਤਖ਼ਤ ਸ਼੍ਰੀ ਕੇਸਗੜ੍ਹ ਸਾਹਿਬ ਸ਼੍ਰੀ ਆਨੰਦਪੁਰ ਸਾਹਿਬ, ਸੰਤ ਬਾਬਾ ਤਰਲੋਚਨ ਸਿੰਘ ਨਾਨਕਸਰ, ਸੰਤ ਬਾਬਾ ਮਨਜੀਤ ਸਿੰਘ ਬੰਬੇ ਵਾਲੇ, ਭਾਈ ਸਤਨਾਮ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਸ਼੍ਰੀ ਅੰਮ੍ਰਿਤਸਰ ਸਹਿਬ, ਭਾਈ ਮਹਿਤਾਬ ਸਿੰਘ ਜਲੰਧਰ, ਭਾਈ ਸਰਬਜੀਤ ਸਿੰਘ, ਭਾਈ ਮਨਦੀਪ ਸਿੰਘ ਨੂਰਪੁਰੀ ਕਵੀਸ਼ਰੀ ਜੱਥਾ, ਭਾਈ ਸਤਨਾਮ ਸਿੰਘ ਅਰਸ਼ੀ ਫਗਵਾੜਾ, ਭਾਈ ਕੇਵਲ ਸਿੰਘ ਮਹਿਤਾ ਕਵੀਸ਼ਰੀ ਜੱਥਾ, ਬੀਬੀ ਦਲੇਰ ਕੌਰ ਖਾਲਸਾ ਇੰਟਰਨੈਸ਼ਨਲ ਢਾਡੀ ਜੱਥਾ, ਭਾਈ ਪ੍ਰਿਤਪਾਲ ਸਿੰਘ ਬਗਰਾੜੀ ਕਵੀਸ਼ਰੀ ਜੱਥਾ, ਭਾਈ ਸੁਖਚੈਨ ਸਿੰਘ ਹੈੱਡ ਗ੍ਰੰਥੀ,ਭਾਈ ਅਵਤਾਰ ਸਿੰਘ ਭੁੰਗਰਨੀ, ਬੀਬੀ ਕੁਲਦੀਪ ਕੌਰ ਖਾਲਸਾ, ਭਾਈ ਰਾਜਵੀਰ ਸਿੰਘ ਖਾਲਸਾ ਆਦਿ ਨੇ ਗੁਰਬਾਣੀ ਗੁਰਇਤਿਹਾਸ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ, ਸੋਹਣ ਸਿੰਘ ਠੰਡਲ ਸਾਬਕਾ ਕੈਬਨਿਟ ਮੰਤਰੀ ਪੰਜਾਬ, ਜਥੇਦਾਰ ਸੁਰਜੀਤ ਸਿੰਘ ਭੁੱਲੇਵਾਲ ਰਾਠਾਂ, ਸੰਤ ਬਾਬਾ ਸਰਵਣ ਸਿੰਘ ਮਾਨਕੋ ਜੱਬੜ, ਜਥੇਦਾਰ ਅਵਤਾਰ ਸਿੰਘ ਭੁੰਗਰਨੀ, ਜਥੇਦਾਰ ਬਲਵੀਰ ਸਿੰਘ ਫੁਗਲਾਣਾ ਪ੍ਰਧਾਨ ਦੋਆਬਾ ਜਰਨਲ ਕੈਟਾਗਰੀ ਫਰੰਟ ਪੰਜਾਬ, ਪਰਮਜੀਤ ਸਿੰਘ ਚਾਵਲਾ ਰਿਹਾਣਾ ਜੱਟਾਂ, ਬਲਵਿੰਦਰ ਸਿੰਘ ਬਘਾਣਾ ਸੀਨੀਅਰ ਕਾਂਗਰਸੀ ਆਗੂ, ਬਲਵੀਰ ਸਿੰਘ ਤੰਬੜ, ਰਾਜਵੀਰ ਸਿੰਘ, ਮਨਜੀਤ ਸਿੰਘ ਬਨਵੈਤ ਪ੍ਰਧਾਨ ਨੌਜਵਾਨ ਸਭਾ, ਧਰਮਪਾਲ ਸਿੰਘ ਬਨਵੈਤ, ਜਗਤਾਰ ਸਿੰਘ ਤਾਰੀ, ਬਲਵੀਰ ਸਿੰਘ ਅਮਰੀਕਾ, ਗੁਰਪ੍ਰੀਤ ਸਿੰਘ, ਹਰਿੰਦਰ ਸਿੰਘ, ਬਲਵਿੰਦਰ ਸਿੰਘ, ਜਗਤਾਰ ਸਿੰਘ ਭੁੰਗਰਨੀ ਸਾਬਕਾ ਪੰਚ, ਰਾਮ ਸਿੰਘ, ਸਤਵੰਤ ਸਿੰਘ ਸਾਬਕਾ ਪੰਚ, ਬੀਬੀ ਕੁਲਵੰਤ ਕੌਰ ਮਸੂਤਾ, ਬੀਬੀ ਜਸਵਿੰਦਰ ਕੌਰ, ਬੀਬੀ ਸੰਤੋਸ਼ ਕੁਮਾਰੀ ਸਾਬਕਾ ਚੇਅਰਮੈਨ ਬਲਾਕ ਸੰਮਤੀ, ਮਿੰਨੀ ਲੋਈ ਬੀਬੀ ਸਰਬਜੀਤ ਕੌਰ, ਬੀਬੀ ਜਸਵੀਰ ਕੌਰ, ਤਜਿੰਦਰ ਸਿੰਘ, ਕੁਲਵੰਤ ਸਿੰਘ, ਦਲਜੀਤ ਸਿੰਘ ਦੀਵਾਨਾ, ਡਾਕਟਰ ਜਸਮੀਤ ਕੌਰ ਨਿਊਜ਼ੀਲੈਂਡ, ਬਰਜਿੰਦਰ ਸਿੰਘ ਅਮਰੀਕਾ, ਜੋਗਿੰਦਰ ਸਿੰਘ ਦੀਵਾਨਾ ਨਿਊਜ਼ੀਲੈਂਡ, ਗੁਰਬਚਨ ਸਿੰਘ ਕਾਕਾ, ਹਰਜਿੰਦਰ ਸਿੰਘ ਕਾਕਾ, ਅਵਤਾਰ ਸਿੰਘ ਤਾਰੀ, ਕੁਲਵੰਤ ਸਿੰਘ, ਦਵਿੰਦਰ ਸਿੰਘ ਅਮਰੀਕਾ ਅਮਰਜੀਤ ਸਿੰਘ ਇਟਲੀ, ਡਾਕਟਰ ਗੁਰਦੇਵ ਸਿੰਘ ਤਨੂੰਲੀ, ਭੁਪਿੰਦਰ ਸਿੰਘ ਇੰਦਰਜੀਤ ਸਿੰਘ, ਅਮਰੀਕ ਸਿੰਘ, ਗੁਰਜੀਤ ਸਿੰਘ, ਮਨਦੀਪ ਸਿੰਘ, ਰਾਮ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।



# ਅਧੂਰੀਆਂ ਤਨਖਾਹਾਂ ਤੇ ਪੈਨਸ਼ਨਾਂ ਜਾਰੀ ਨਾ ਕਰਨ ਖਿਲਾਫ ਅਰਥੀ ਫੂਕ ਮੁਜ਼ਾਹਰਾ

**ਖਰੜ (ਹਰਨਾਮ ਸਿੰਘ ਡੱਲਾ)**-ਪੀ ਐਸ ਈ ਬੀ ਇੰਪਲਾਈਜ ਜੁਆਇੰਟ ਫੋਰਮ ਪੰਜਾਬ ਅਤੇ ਬਿਜਲੀ ਮੁਲਾਜਮ ਏਕਤਾ ਮੰਚ ਪੰਜਾਬ ਦੇ ਸੱਦੇ 'ਤੇ ਮੁਲਾਜਮ ਪੈਨਸਨਰ ਸਾਂਝੇ ਫਰੰਟ ਵੱਲੋਂ ਬਿਜਲੀ ਕਾਮਿਆਂ ਨੇ ਅੱਜ ਪਾਵਰਕਾਮ ਮੈਨੇਜਮੈਂਟ ਵੱਲੋਂ ਮਹੀਨਾ ਜਨਵਰੀ 2024 ਦੀ ਪੂਰੀ ਤਨਖਾਹ ਤੇ ਪੈਨਸ਼ਨ ਦੇਣ ਦੀ ਥਾਂ ਇਕ ਤਿਹਾਈ ਰਿਲੀਜ ਕਰਨ ਦੇ ਵਿਰੋਧ ਵਿੱਚ ਡਵੀਜਨ ਖਰੜ ਦੇ ਬਿਜਲੀ ਦਫਤਰ ਵਿਖੇ, ਭੁਪਿੰਦਰ ਸਿੰਘ ਪ੍ਰਧਾਨ ਟੀ ਐਸ ਯੂ ,ਅਮਰਜੀਤ ਸਿੰਘ, ਹਰਭਜਨ ਸਿੰਘ,ਅਮਰਜੀਤ ਸਿੰਘ, ਰਣਬੀਰ ਸਿੰਘ, ਪਾਰੁਲ ਵਰਮਾ ਅਤੇ ਅੰਮ੍ਰਿਤਪਾਲ ਦੀ ਅਗਵਾਈ ਵਿੱਚ ਰੋਸ ਰੈਲੀ ਕੀਤੀ ਗਈ। ਇਸ ਰੈਲੀ ਨੂੰ ਸੰਬੋਧਨ ਕਰਦੇ ਹੋਏ ਬੁਲਾਰਿਆ ਨੇ ਦੱਸਿਆ ਇੱਕ ਪਾਸੇ ਤਾਂ ਪੰਜਾਬ ਸਰਕਾਰ ਇਹ ਦਾਅਵੇ ਕਰ ਰਹੀ ਹੈ ਕਿ ਬਿਜਲੀ ਬੋਰਡ ਮੁਨਾਫੇ ਵਿੱਚ ਹੈ ਪਰੰਤੂ ਬਿਜਲੀ ਬੋਰਡ ਵੱਲੋਂ ਮੁਲਾਜਮਾਂ ਦੀ ਜਨਵਰੀ ਮਹੀਨੇ ਦੀ ਇੱਕ ਤਿਹਾਈ ਤਨਖਾਹ ਜਾਰੀ ਨਾ ਕਰਨਾ ਇਹ ਦਰਸਾਉਂਦਾ ਹੈ ਕਿ ਇਹ ਪ੍ਰਚਾਰ ਸਿਰਫ ਲੋਕਾਂ ਨੂੰ ਗੁਮਰਾਹ ਕਰਨ ਲਈ ਕੀਤਾ ਜਾ ਰਿਹਾ ਹੈ ਜਦੋਂ ਕਿ ਅਸਲੀਅਤ ਕੁੱਝ ਹੋਰ ਹੀ ਜਾਪਦੀ ਹੈ । ਬੁਲਾਰਿਆ ਵੱਲੋਂ ਚਿਤਾਵਨੀ ਦਿੰਦੇ ਹੋਏ ਦੱਸਿਆ ਗਿਆ ਕਿ ਪੂਰੀ ਤਨਖਾਹ ਜਾਰੀ ਨਾ ਹੋਣ ਦੀ ਸੂਰਤ ਵਿੱਚ ਸੰਘਰਸ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਕੜੀ ਤਹਿਤ ਮਿਤੀ 05-02-24 ਨੂੰ ਮੁੱਖ ਦਫਤਰ ਪਟਿਆਲਾ ਦਾ ਘਿਰਾਓ ਕੀਤਾ ਜਾਵੇਗਾ ਜਿਸ ਦੀ ਜਿੰਮੇਵਾਰੀ ਬਿਜਲੀ ਬੋਰਡ ਦੀ ਮੈਨੇਜਮੈਂਟ ਤੇ ਪੰਜਾਬ ਸਰਕਾਰ ਦੀ ਹੋਵੇਂਗੀ। ਰੈਲੀ ਵਿੱਚ ਇਕੱਠੇ ਹੋਏ ਬਿਜਲੀ ਮੁਲਾਜਮਾਂ ਨੇ ਪੂਰੀ ਤਨਖਾਹ ਜਾਰੀ ਨਾ ਹੋਣ ਤੇ ਪੰਜਾਬ ਸਰਕਾਰ ਅਤੇ ਬਿਜਲੀ ਬੋਰਡ ਦੀ ਮੈਨੇਜਮੈਂਟ ਦੀ ਨਿਖੇਧੀ ਕੀਤੀ ਅਤੇ ਜੋਰਦਾਰ ਨਾਅਰੇਬਾਜੀ ਕੀਤੀ ਇਸ ਰੈਲੀ ਨੂੰ ਸੁਖਵਿੰਦਰ ਸਿੰਘ ਦੁੱਮਣਾ ਮੈਂਬਰ ਜੁਆਇੰਟ ਫੋਰਮ, ਭੁਪਿੰਦਰ ਸਿੰਘ ਡਿਵੀਜਨ ਪ੍ਰਧਾਨ,ਅਵਤਾਰ ਸਿੰਘ,ਭੁਪਿੰਦਰ ਸਿੰਘ ਪੈਨਸਨਰ ਐਸੋਸੀਏਸਨ, ਹਰਭਜਨ ਸਿੰਘ,ਮੈਡਮ ਰੰਜੂ ,ਮੱਲ ਸਿੰਘ , ਅਮਰਜੀਤ ਸਿੰਘ, ਭਾਗ ਸਿੰਘ, ਸੇਰ ਸਿੰਘ ਸਕੱਤਰ ਟੀ ਐਸ ਯੂ ਖਰੜ ਨੇ ਸੰਬੋਧਨ ਕੀਤਾ। ਇਸ ਰੈਲੀ ਵਿੱਚ ਯੋਗਰਾਜ ਪ੍ਰਧਾਨ , ਗੁਰਪ੍ਰੀਤ ਸਿੰਘ, ਹਰਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਬਿਕਰਮ ਸਿੰਘ, ਤਰਲੋਚਨ ਸਿੰਘ ਪ੍ਰਧਾਨ ਅਤੇ ਹੋਰ ਵੱਡੀ ਗਿਣਤੀ ਵਿੱਚ ਮੁਲਾਜਮਾਂ ਅਤੇ ਰਿਟਾਇਰੀ ਮੁਲਾਜਮਾਂ ਨੇ ਸਮੂਲੀਅਤ ਕੀਤੀ।



## ਸੀ ਜੇ ਐੱਮ ਵੱਲੋਂ ਸਬ ਡਵੀਜ਼ਨ ਗੜ੍ਹਸ਼ੰਕਰ ਵਿਖੇ ਫਰੰਟ ਆਫਿਸ ਦਾ ਅਚਨਚੇਤ ਦੌਰਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦਿਲਬਾਗ ਸਿੰਘ ਜੌਹਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸੀ.ਜੇ.ਐਮ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾ ਅਥਾਰਟੀ ਅਪਰਾਜਿਤਾ ਜੋਸ਼ੀ ਵੱਲੋਂ ਸਬ ਡਵੀਜ਼ਨ ਗੜ੍ਹਸ਼ੰਕਰ ਵਿਖੇ ਫਰੰਟ ਆਫਿਸ ਦਾ ਅਚਨਚੇਤ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਜਿਥੇ ਗੜ੍ਹਸ਼ੰਕਰ ਦੇ ਫਰੰਟ ਆਫਿਸ ਦੇ ਕੰਮਕਾਜ ਦਾ ਜਾਇਜ਼ਾ ਲਿਆ ਉਥੇ 9 ਮਾਰਚ ਨੂੰ ਲਗਾਈ ਜਾਣ ਵਾਲੀ ਕੌਮੀ ਲੋਕ ਅਦਾਲਤ ਵਿਚ ਵੱਧ ਤੋਂ ਵੱਧ ਪ੍ਰੀ-ਲਿਟੀਗੇਟਿਵ ਕੇਸਾਂ ਨੂੰ ਲਗਾਉਣ ਬਾਰੇ ਵੀ ਚਰਚਾ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਫਰੰਟ ਆਫਿਸ ਦੇ ਰਿਟੇਨਰ ਐਡਵੋਕੇਟ ਅਤੇ ਪੀ.ਐਲ.ਵੀ ਦੇ ਕੰਮਕਾਜ ਦਾ ਜਾਇਜ਼ਾ ਵੀ ਲਿਆ ਅਤੇ ਫਰੰਟ ਆਫਿਸ ਵਿਚ ਲੋਕਾਂ ਨੂੰ ਦਿੱਤੀ ਜਾਣ ਵਾਲੀ ਮੁਫ਼ਤ ਕਾਨੂੰਨੀ ਸਹਾਇਤਾ ਦਾ ਕਾਰਵਾਈ ਰਜਿਸਟਰ ਚੈੱਕ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਪੈਨਲ ਦੇ ਵਕੀਲਾਂ ਨਾਲ ਮੀਟਿੰਗ ਕੀਤੀ ਅਤੇ ਉਨ੍ਹਾਂ ਦੀ ਕਾਰਗੁਜ਼ਾਰੀ ਦੇ ਪ੍ਰੋਸੀਡਿੰਗ ਕਾਰਡ ਵੀ ਚੈੱਕ ਕੀਤੇ। ਜਿਨ੍ਹਾਂ ਕੇਸਾਂ ਵਿਚ ਮੁਫ਼ਤ ਕਾਨੂੰਨੀ ਸਹਾਇਤਾ ਦਿੱਤੀ ਜਾਂਦੀ ਹੈ, ਉਨ੍ਹਾਂ ਕੇਸਾਂ ਦੇ ਫੀਡਬੈਕ ਪ੍ਰੋਫਾਰਮੇ ਵੀ ਚੈੱਕ ਕੀਤੇ ਗਏ। ਉਨ੍ਹਾਂ ਵੱਲੋਂ ਮੁਫ਼ਤ ਕਾਨੂੰਨੀ ਸੇਵਾਵਾਂ ਤੋਂ ਇਲਾਵਾ 9 ਮਾਰਚ ਨੂੰ ਜ਼ਿਲ੍ਹਾ ਪੱਧਰ ਅਤੇ ਸਬ ਡਵੀਜ਼ਨ ਪੱਧਰ 'ਤੇ ਕਚਹਿਰੀਆਂ ਵਿਖੇ ਲਗਾਈ ਜਾਣ ਵਾਲੀ ਨੈਸ਼ਨਲ ਲੋਕ ਅਦਾਲਤ ਬਾਰੇ ਦੱਸਿਆ ਗਿਆ।

## ਬਾਬਾ ਬਲਵੰਤ ਸਿੰਘ ਚੈਰੀਟੇਬਲ ਹਸਪਤਾਲ ਦਾਰਾਪੁਰ ਵਿਖੇ ਫ੍ਰੀ ਮੇਗਾ ਕੈਂਪ 7 ਨੂੰ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ ਉੱਕਾਰ ਸਿੰਘ )**- ਸੰਤ ਬਾਬਾ ਗੁਰਦਿਆਲ ਸਿੰਘ ਦੀ ਰਹਿਨੁਮਾਈ ਹੇਠ ਗਰੀਬ ਲਾਚਾਰ ਮਰੀਜ਼ਾਂ ਨੂੰ ਹਰ ਪੱਖੋਂ ਸਹਾਇਤਾ ਮੁਹਈਆ ਕਰਵਾ ਰਿਹਾ ਬਾਬਾ ਬਲਵੰਤ ਸਿੰਘ ਮੈਮੋਰੀਅਲ ਚੈਰੀਟੇਬਲ ਹਸਪਤਾਲ ਦਾਰਾਪੁਰ ਵੱਲੋਂ ਅਮਰੀਕਾ ਦੇ ਮਸ਼ਹੂਰ ਡਾਕਟਰਾਂ ਦੀ ਟੀਮ ਦੇ ਸਹਿਯੋਗ ਨਾਲ 7 ਫਰਵਰੀ ਨੂੰ ਲਗਾਏ ਜਾ ਰਹੇ ਅੱਖਾਂ ਦੀ ਸਰਜਰੀ ਅਤੇ ਹਾਰਟ ਚੈਕਅਪ ਦੇ ਮੁਫਤ ਮੇਗਾ ਕੈਂਪ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਅੱਜ ਸੰਤ ਬਾਬਾ ਗੁਰਦਿਆਲ ਸਿੰਘ ਜੀ ਦੀ ਅਗਵਾਈ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਜਥੇਦਾਰ ਹਰਮੇਲ ਸਿੰਘ, ਪ੍ਰਕਾਸ ਸਿੰਘ, ਡਾਕਟਰ ਵਿਨੋਦ ਸਰੀਨ, ਡਾਕਟਰ ਦਵਿੰਦਰ ਸਿੰਘ, ਡਾਕਟਰ ਪ੍ਰਿਤਪਾਲ ਸਿੰਘ, ਡਾਕਟਰ ਆਸੂ ਸਰਮਾ, ਪ੍ਰੋਫੈਸਰ ਮਨਪ੍ਰੀਤ ਕੌਰ, ਡਾਕਟਰ ਸਤਪਾਲ ਸਿੰਘ, ਅਸਵਨੀ ਕੁਮਾਰ, ਦਲਜੀਤ ਕੌਰ, ਰਜਨੀਤ ਕੌਰ, ਜਸਵਿੰਦਰ ਕੌਰ ਮੁਬਾਰਕ, ਬਲਜੀਤ ਕੌਰ ਵਿਸੇਸ ਤੌਰ ਤੇ ਸਾਮਿਲ ਹੋਏ।

ਮੀਟਿੰਗ ਚ ਹਾਜ਼ਰੀ ਇਕੱਠ ਨੂੰ ਸੰਬੋਧਨ ਕਰਦੇ ਹੋਏ ਸੰਤ ਬਾਬਾ ਗੁਰਦਿਆਲ ਸਿੰਘ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਾਬਾ ਬਲਵੰਤ ਸਿੰਘ ਮੈਮੋਰੀਅਲ ਚੈਰੀਟੇਬਲ ਹਸਪਤਾਲ ਦਾਰਾਪੁਰ ਵਿਖੇ ਅਮਰੀਕਾ ਤੋਂ ਪਹੁੰਚ ਰਹੇ ਡਾਕਟਰ ਪੁਨੀਤ ਰਾਜ ਸਿੰਘ ਤੇ ਉਨ੍ਹਾਂ ਦੀ ਟੀਮ ਵੱਲੋਂ 7 ਫਰਵਰੀ ਨੂੰ ਮਰੀਜਾਂ ਦੀਆਂ ਅੱਖਾਂ ਦਾ ਚੈੱਕਅਪ ਕਰਕੇ ਆਪਰੇਸਨ ਕੀਤੇ ਜਾਣਗੇ ਅਤੇ ਮੁਫਤ ਲੈਂਜ ਪਾਏ ਜਾਣਗੇ। ਉਨ੍ਹਾਂ ਕਿਹਾ ਕਿ 8 ਫਰਵਰੀ ਨੂੰ ਹਾਰਟ ਦੇ ਸਪੈਸਲਿਸਟ ਅਮਰੀਕਾ ਨਿਵਾਸੀ ਡਾਕਟਰ ਅਮਰਜੋਤ ਸਿੰਘ ਤੇ ਉਨਾਂ ਦੀ ਟੀਮ ਵੱਲੋਂ ਹਾਰਟ ਦੇ ਆਧੁਨਿਕ ਮਸੀਨਾਂ ਨਾਲ ਚੈੱਕਅਪ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਹਸਪਤਾਲ ਦੀ ਟੀਮ ਵੱਲੋਂ ਮਰੀਜਾਂ ਦੀ ਸੂਗਰ ਤੋਂ ਇਲਾਵਾ ਹੋਰ ਕਈ ਪ੍ਰਕਾਰ ਦੇ ਮੁਫਤ ਟੈਸਟ ਕੀਤੇ ਜਾਣਗੇ। ਪ੍ਰੋਫੈਸਰ ਮਨਜੀਤ ਕੌਰ ਨੇ ਕਿਹਾ ਕਿ ਅੱਜ ਦੇ ਇਸ ਮਹਿੰਗਾਈ ਭਰੇ ਯੁੱਗ ਵਿੱਚ ਮਹਿੰਗੇ ਇਲਾਜ ਤੋਂ ਵੰਚਿਤ ਗਰੀਬ ਬੇਸਹਾਰਾ ਲਾਚਾਰ ਮਰੀਜਾਂ ਲਈ ਅਜਿਹੇ ਕੈਂਪ ਵਰਦਾਨ ਸਾਬਿਤ ਹੁੰਦੇ ਹਨ। ਉਨ੍ਹਾਂ ਕਿਹਾ ਕਿ 7 ਫਰਵਰੀ ਤੋਂ ਲਗਾਏ ਜਾ ਰਹੇ ਇਸ 2 ਦਿਨਾਂ ਮੇਗਾ ਕੈਂਪ ਵਿੱਚ ਜਿੱਥੇ ਮੁਫਤ ਚੈਕਅਪ, ਆਪਰੇਸਨ, ਲੈਂਨਜ ਤੋਂ ਇਲਾਵਾ ਲੋੜ ਅਨੁਸਾਰ ਟੈਸਟ ਕੀਤੇ ਜਾਣਗੇ ਉਥੇ ਮਰੀਜਾਂ ਨੂੰ ਮੁਫਤ ਦਵਾਈਆਂ ਵੀ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਮਰੀਜਾਂ ਦੇ ਰਾਤ ਠਹਿਰਣ ਤੇ ਉਨ੍ਹਾਂ ਦੇ ਖਾਣ ਪੀਣ ਦਾ ਸਾਰਾ ਇੰਤਜਾਮ ਬਾਬਾ ਬਲਵੰਤ ਸਿੰਘ ਮੈਮੋਰੀਅਲ ਚੈਰੀਟੇਬਲ ਹਸਪਤਾਲ ਦਾਰਾਪੁਰ ਵੱਲੋਂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮਰੀਜਾਂ ਦੀ ਦੇਖਭਾਲ ਤੇ ਸਾਂਭ ਸੰਭਾਲ ਲਈ ਵਲੰਟੀਅਰਾਂ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ।

## ਕਾਮਰੇਡ ਰਣਜੀਤ ਸਿੰਘ ਨੂੰ ਭਤੀਜੇ ਦੀ ਬੇਵਕਤੀ ਮੌਤ 'ਤੇ ਸਦਮਾ

**ਚੰਡੀਗੜ੍ਹ (ਨ ਜ਼ ਸ)**- ਕਾਮਰੇਡ ਰਣਜੀਤ ਸਿੰਘ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਹਨਾਂ ਦੇ ਭਤੀਜੇ ਰਵਿੰਦਰਪਾਲ ਸਿੰਘ ਪੁੱਤਰ ਸ: ਤੀਰਥ ਸਿੰਘ (55 ਸਾਲ) ਦੀ ਬੇਵਕਤੀ ਮੌਤ ਹੋ ਗਈ। ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਅਤੇ ਸੂਬਾ ਸਕੱਤਰੇਤ ਮੈਂਬਰਾਨ, ਕਾਮਰੇਡ ਲਹਿੰਬਰ ਸਿੰਘ ਤੱਗੜ, ਭੂਪ ਚੰਦ ਚੰਨੋ, ਮੇਜ਼ਰ ਸਿੰਘ ਭਿੱਖੀਵਿੰਡ, ਗੁਰਦਰਸ਼ਨ ਸਿੰਘ ਖਾਸਪੁਰ, ਬਲਬੀਰ ਸਿੰਘ ਜਾਡਲਾ, ਸੁੱਚਾ ਸਿੰਘ ਅਜਨਾਲਾ, ਰੂਪਬਸੰਤ ਸਿੰਘ ਬੜੈਚ, ਗੁਰਨੇਕ ਸਿੰਘ ਭੱਜਲ, ਸੁਖਪਰੀਤ ਸਿੰਘ ਜੌਹਲ, ਅਬਦੁਲ ਸਤਾਰ ਅਤੇ ਰਾਮ ਸਿੰਘ ਨੂਰਪੁਰੀ ਨੇ ਇੱਕ ਸਾਂਝੇ ਬਿਆਨ ਵਿੱਚ ਕਾਮਰੇਡ ਰਣਜੀਤ ਸਿੰਘ ਨਾਲ ਪਾਰਟੀ ਵੱਲੋਂ ਉਨ੍ਹਾਂ ਦੇ ਭਤੀਜੇ ਦੀ ਬੇਵਕਤ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਕਾਮਰੇਡ ਸੇਖੋਂ ਨੇ ਕਿਹਾ ਕਿ ਇਸ ਨਾਲ ਪ੍ਰੀਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਅਤੇ ਕਾਮਰੇਡ ਰਣਜੀਤ ਸਿੰਘ ਲਈ ਇਹ ਵੱਡਾ ਸਦਮਾ ਹੈ। ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਇਸ ਦੁੱਖ ਦੀ ਘੜੀ ਵਿੱਚ ਪ੍ਰੀਵਾਰ ਨਾਲ ਅਤੇ ਕਾਮਰੇਡ ਰਣਜੀਤ ਸਿੰਘ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ।

## ਮੋਟਰਸਾਈਕਲਾਂ ਦੇ ਚਲਾਨ ਕੱਟੇ



**ਮਾਹਿਲਪੁਰ (ਸ.ਫਰੀ )**- ਮਾਨਯੋਗ ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਸ੍ਰੀ ਸੁਰਿੰਦਰ ਲਾਂਬਾ ਆਈ ਪੀ ਐਸ ਜੀ ਅਤੇ ਦਲਜੀਤ ਸਿੰਘ ਖੱਖ ਪੀ ਪੀ ਐਸ ਉਪ ਕਪਤਾਨ ਪੁਲਿਸ ਸਬ ਡਿਵੀਜ਼ਨ ਗੜ ਸ਼ੰਕਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨਵੇਂ ਆਏ ਸਬ ਇੰਸਪੈਕਟਰ ਰਮਨ ਕੁਮਾਰ ਮੁੱਖ ਅਫਸਰ ਥਾਣਾ ਮਾਹਿਲਪੁਰ ਦੀ ਅਗਵਾਈ ਹੇਠ ਬਿਨਾਂ ਨੰਬਰ, ਪਰੈਸ਼ਰ ਹਾਰਨ ਅਤੇ ਪਟਾਕੇ ਚਲਾਉਣ ਵਾਲੇ ਮੋਟਰਸਾਇਕਲਾਂ ਦੇ ਚਲਾਨ ਕੱਟੇ। ਥਾਣਾ ਮੁਖੀ ਰਮਨ ਕੁਮਾਰ ਨੇ ਕਿਹਾ ਕਿ ਥਾਣਾ ਮਾਹਿਲਪੁਰ ਅਧੀਨ ਪੈਂਦੇ ਪਿੰਡਾਂ ਵਿੱਚ ਨੌਜਵਾਨਾਂ ਨੂੰ ਨਸ਼ੇ ਦੀ ਦਲ ਦਲ ਵਿੱਚ ਵਾੜਨ ਵਾਲੇ ਨਸ਼ਾ ਤਸਕਰਾਂ , ਲੁਟਾਂ ਖੋਹਾਂ ਕਰਨ ਵਾਲਿਆਂ ਅਤੇ ਗੁੰਡਾ ਅਨਸਰਾਂ ਨੂੰ ਕਾਬੂ ਕਰਕੇ ਉਨ੍ਹਾਂ ਨੂੰ ਥੋੜ੍ਹੇ ਸਮੇਂ ਵਿਚ ਉਨ੍ਹਾਂ ਦੀ ਬਣਦੀ ਜਗ੍ਹਾ ਭੇਜਿਆ ਜਾਵੇਗਾ। ਉਹਨਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਇਸ ਨੇਕ ਕਾਰਜ ਲਈ ਸਹਿਯੋਗ ਦੇਣ ਲਈ ਕਿਹਾ।

## ਆਮ ਆਦਮੀ ਕਲੀਨਿਕ ਵਿਖੇ ਇਮਾਨਦਾਰੀ ਦੀ ਮਿਸਾਲ ਮਿਲੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਆਮ ਆਦਮੀ ਕਲੀਨਿਕ, ਨਹਿਰ ਕਲੋਨੀ, ਹੁਸ਼ਿਆਰਪੁਰ ਵਿਖੇ ਇੱਕ ਮਰੀਜ਼ ਦੁਲਾਰੀ ਪਤਨੀ ਕੁਲਵਿੰਦਰ ਕੁਮਾਰ ਅੱਜ ਇਲਾਜ ਕਰਵਾਉਣ ਆਈ। ਕਲੀਨਿਕ ਤੋਂ ਵਾਪਸ ਜਾਂਦੇ ਸਮੇਂ ਉਨ੍ਹਾਂ ਦਾ ਪੈਸਿਆ ਦਾ ਪਰਸ ਕਲੀਨਿਕ ਦੇ ਬਾਹਰ ਡਿਗ ਗਿਆ। ਇਕ ਦੂਸਰੇ ਮਰੀਜ਼ ਸ਼ਰਦ ਕੁਮਾਰ ਨੂੰ ਬਾਹਰ ਡਿਗਿਆ ਹੋਇਆ ਪਰਸ ਮਿਲਿਆ। ਸ਼ਰਦ ਕੁਮਾਰ ਨੇ ਉਹ ਪਰਸ ਉਥੋਂ ਦੇ ਸਟਾਫ਼ ਅਤੇ ਮੈਡੀਕਲ ਅਫ਼ਸਰ ਡਾ. ਰੋਹਿਤ ਬਰੂਟਾ ਨੂੰ ਸੌਂਪ ਦਿੱਤਾ। ਮੌਕੇ 'ਤੇ ਹੀ ਸਟਾਫ਼ ਦੁਆਰਾ ਤੁਰੰਤ ਪਰਸ ਦੀ ਤਫਤੀਸ਼ ਕਰ ਪਰਸ ਮਾਲਕ ਨੂੰ ਫੋਨ ਕਰਕੇ ਬੁਲਾ ਲਿਆ ਅਤੇ ਉਸ ਨੂੰ ਵਾਪਸ ਸੌਂਪਿਆ ਗਿਆ। ਇਸ ਮੌਕੇ ਮਰੀਜ਼ ਦੁਲਾਰੀ ਪਤਨੀ ਕੁਲਵਿੰਦਰ ਕੁਮਾਰ ਨੇ ਸ਼ਰਦ ਕੁਮਾਰ, ਉਥੋਂ ਦੇ ਸਟਾਫ਼ ਅਤੇ ਮੈਡੀਕਲ ਅਫ਼ਸਰ ਡਾ. ਰੋਹਿਤ ਬਰੂਟਾ ਦਾ ਧੰਨਵਾਦ ਕੀਤਾ।

## ਖ਼ਾਲਸਾ ਕਾਲਜ 'ਚ ਵੈਬੀਨਾਰ ਕਰਵਾਇਆ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**-ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਕਾਲਜ ਦੇ ਲਾਈਫ ਸਾਇੰਸ ਵਿਭਾਗ ਵਲੋਂ 'ਜੈਵਿਕ ਭਿੰਨਤਾ ਅਤੇ ਪਾਣੀ ਦਾ ਪ੍ਰਬੰਧ' ਵਿਸ਼ੇ 'ਤੇ ਵੈਬੀਨਾਰ ਕਰਵਾਇਆ ਗਿਆ। ਵੈਬੀਨਾਰ ਦੇ ਮੁੱਖ ਬੁਲਾਰੇ ਡਾ. ਚਰਨ ਕੁਮਾਰ ਐਸੋਸੀਏਸ਼ਨ ਪ੍ਰੋਫੈਸਰ ਜੀਵ ਵਿਗਿਆਨ ਏ.ਐਸ. ਕਾਲਜ ਖੰਨਾ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਜੇ ਅਸੀਂ ਆਪਣਾ ਪ੍ਰਸਥਿਤੀ ਤੰਤਰ ਸਹੀ ਰੱਖਣਾ ਹੈ ਤਾਂ ਸਾਨੂੰ ਜੈਵਿਕ ਭਿੰਨਤਾ ਦੇ ਮਹੱਤਵ ਨੂੰ ਸਮਝਦੇ ਹੋਏ ਲੋਕਾਂ ਨੂੰ ਜਾਗਰੂਕ ਕਰਦਿਆਂ ਇਸ ਦੀ ਪੇਂਡੂ ਪੱਧਰ 'ਤੇ ਸ਼ੁਰੂਆਤ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਆਪਣਾ ਆਲਾ-ਦੁਆਲਾ ਸੰਭਾਲ ਸਕੀਏ। ਵੈਬੀਨਾਰ ਦਾ ਸੰਚਾਲਨ ਡਾ. ਮਨਬੀਰ ਕੌਰ ਵਿਭਾਗ ਮੁਖੀ ਲਾਈਫ ਸਾਇੰਸ ਵਿਭਾਗ ਵਲੋਂ ਕੀਤਾ ਗਿਆ। ਉਪ ਪ੍ਰਿੰਸੀਪਲ ਪ੍ਰੋ. ਕੰਵਰ ਕੁਲਵੰਤ ਸਿੰਘ ਨੇ ਆਰੰਭਤਾ ਸਮੇਂ ਬੁਲਾਰੇ ਦਾ ਸਵਾਗਤ ਕੀਤਾ ਤੇ ਅਖੀਰ ਵਿਚ ਡਾ. ਕੁਲਦੀਪ ਕੌਰ ਵਲੋਂ ਧੰਨਵਾਦ ਕੀਤਾ ਗਿਆ। ਵੈਬੀਨਾਰ ਵਿਚ ਕਾਲਜ ਸਟਾਫ਼ ਤੇ ਵਿਦਿਆਰਥੀਆਂ ਨੇ ਹਿੱਸਾ ਲਿਆ।

## ਚਾਰ ਐੱਸ ਪੀ ਨੂੰ ਡੀ ਆਈ ਜੀ ਪ੍ਰਮੋਟ ਕੀਤਾ

**ਚੰਡੀਗੜ੍ਹ (ਕ੍ਰਿਸ਼ਨ ਗਰਗ)** – ਹਰਿਆਣਾ ਸਰਕਾਰ ਨੇ ਸਾਲ 2010 ਬੈਚ ਦੇ ਚਾਰ ਆਈ ਪੀ ਐਸ ਅਧਿਕਾਰੀਆਂ ਨੂੰ ਐਸ ਪੀ ਰੈਂਕ ਤੋਂ ਡੀ ਆਈ ਜੀ ਅਹੁਦੇ 'ਤੇ ਪ੍ਰਮੋਟ ਕਰਨ ਦੇ ਆਦੇਸ਼ ਜਾਰੀ ਕੀਤੇ ਹਨ। ਪ੍ਰਮੋਟ ਕੀਤੇ ਗਏ ਅਧਿਕਾਰੀਆਂ ਵਿਚ ਸੰਗੀਤਾ ਕਾਲੀਆ, ਸੁਲੋਚਨਾ ਗਜਰਾਜ, ਰਾਜੇਸ਼ ਦੁਗੱਲ ਅਤੇ ਸੁਰਿੰਦਰ ਪਾਲ ਸਿੰਘ ਸ਼ਾਮਲ ਹਨ।

## ਗਣਤੰਤਰ ਦਿਵਸ ਮੌਕੇ ਡਾ. ਦਮਨਦੀਪ ਸਿੰਘ ਸਨਮਾਨਤ

**ਅਲਾਵਲਪੁਰ (ਮਦਨ ਬੰਗੜ)**- ਬੀਤੇ ਦਿਨੀਂ ਜਲੰਧਰ ਵਿਖੇ ਹੋਏ 75ਵੇਂ ਗਣਤੰਤਰ ਦਿਵਸ ਸਮਾਰੋਹ ਦੌਰਾਨ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵਲੋਂ ਡਾ. ਦਮਨਦੀਪ ਸਿੰਘ (ਇੰਚਾਰਜ ਸੈਂਟਰ ਆਫ ਐਕਸੀਲੈਂਸ ਫਾਰ ਪਟੈਟੋ ਧੋਗੜੀ ਜਲੰਧਰ) ਨੂੰ ਉਨ੍ਹਾਂ ਦੀਆਂ ਵਧੀਆ ਸੇਵਾਵਾਂ ਲਈ ਸਨਮਾਨਤ ਕੀਤਾ ਗਿਆ। ਨਾਲ ਹਨ ਸੰਸਦ ਮੈਂਬਰ ਸੁਸ਼ੀਲ ਰਿੰਕੂ ,ਡਿਪਟੀ ਕਮਿਸ਼ਨਰ ਜਲੰਧਰ ਵਿਸ਼ੇਸ਼ ਸਾਰੰਗਲ ਅਤੇ ਹੋਰ।

## ਛੱਪੜ 'ਚੋਂ ਮਿਲਿਆ ਨਵਜੰਮੇ ਦਾ ਭਰੂਣ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)** ਸਭ ਡਵੀਜ਼ਨ ਸੁਲਤਾਨਪੁਰ ਲੋਧੀ ਦੇ ਪੈਂਦੇ ਪਿੰਡ ਸਰਾਏ ਜੱਟਾਂ ਦੇ ਛੱਪੜ ਵਿੱਚੋਂ ਇੱਕ ਨਵਜਾਤ ਭਰੂਣ ਮਿਲਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਭਰੂਣ ਦਾ ਪਤਾ ਉਸ ਵੇਲੇ ਲੱਗਾ, ਜਦੋਂ ਸਥਾਨਕ ਲੋਕ ਕਿਸੇ ਧਾਰਮਿਕ ਜਗ੍ਹਾ ਉੱਤੇ ਨਤਮਸਤਕ ਹੋਣ ਲਈ ਜਾ ਰਹੇ ਸੀ। ਪਹਿਲਾਂ ਤਾਂ ਲੋਕਾਂ ਨੂੰ ਉਹ ਇੱਕ ਗੁੱਡਾ ਪ੍ਰਤੀਤ ਹੋਇਆ ਪਰ ਉਸ ਨੂੰ ਨੇੜਿਓਂ ਦੇਖ ਕੇ ਇਸ ਦੇ ਭਰੂਣ ਹੋਣ ਦੀ ਖ਼ਬਰ ਪਿੰਡ ਵਿੱਚ ਅੱਗ ਵਾਂਗ ਫੈਲ ਗਈ। ਜਿਸ ਤੋਂ ਬਾਅਦ ਪੁਲਿਸ ਨੂੰ ਸੂਚਿਤ ਕੀਤਾ ਗਿਆ ਮੌਕੇ ਤੇ ਪਹੁੰਚ ਪੁਲਿਸ ਨੇ ਇਸ ਦੀ ਘਟਨਾ ਦੀ ਜਾਂਚ ਆਰੰਭ ਦਿੱਤੀ ਹੈ।

## ਨਾਨ-ਟੀਚਿੰਗ ਕਰਮਚਾਰੀਆਂ ਨੂੰ ਛੇਵੇਂ ਪੇ-ਸਕੇਲ ਦਾ ਲਾਭ ਜਲਦੀ ਦੇਣ ਦਾ ਭਰੋਸਾ



**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸਹਾਇਤਾ ਪ੍ਰਾਪਤ ਕਾਲਜਾਂ ਦੇ ਨਾਨ-ਟੀਚਿੰਗ ਦੇ ਨੁਮਾਇੰਦਿਆਂ ਵੱਲੋਂ ਪ੍ਰਧਾਨ ਰਾਜੀਵ ਸ਼ਰਮਾਂ ਅਤੇ ਜਨਰਲ ਸੈਕਟਰੀ ਜਗਦੀਪ ਸਿੰਘ ਦੀ ਅਗਵਾਈ ਵਿੱਚ ਪੰਜਾਬ ਦੇ ਉਚੇਰੀ ਸਿੱਖਿਆ ਮੰਤਰੀ ਸਰਦਾਰ ਹਰਜੋਤ ਸਿੰਘ ਬੈਂਸ ਜੀ ਨਾਲ ਆਪਣੇ ਛੇਵੇਂ ਪੇ-ਕਮਿਸ਼ਨ ਦੀ ਮੰਗ ਨੂੰ ਲੈ ਕੇ ਚੰਡੀਗੜ੍ਹ ਵਿਖੇ ਮੁਲਾਕਾਤ ਕੀਤੀ ਗਈ। ਸਰਦਾਰ ਬੈਂਸ ਨੇ ਇਹਨਾਂ ਆਗੂਆਂ ਦੀ ਗੱਲ ਬਹੁਤ ਧਿਆਨ ਨਾਲ ਸੁਣਨ ਉਪਰੰਤ ਉਹਨਾਂ ਨੂੰ ਭਰੋਸਾ ਦਿੱਤਾ ਕਿ ਉਹਨਾਂ ਦੀ ਇਸ ਜਾਇਜ਼ ਮੰਗ ਨੂੰ ਬਹੁਤ ਹੀ ਜਲਦੀ ਪੂਰਾ ਕਰ ਦਿੱਤਾ ਜਾਵੇਗਾ।ਵਫ਼ਦ ਨੂੰ ਸੰਬੋਧਨ ਕਰਦਿਆਂ ਉੱਚ ਸਿੱਖਿਆ ਮੰਤਰੀ ਜੀ ਨੇ ਕਿਹਾ ਕਿ ਸਹਾਇਤਾ ਪ੍ਰਾਪਤ ਕਾਲਜਾਂ ਵਿੱਚ ਕੰਮ ਕਰ ਰਹੇ ਨਾਨ-ਟੀਚਿੰਗ ਕਰਮਚਾਰੀ ਜੋ ਕਿ ਆਮ ਵਰਗ ਨਾਲ ਸੰਬੰਧਤ ਹਨ ਅਤੇ ਪਹਿਲਾਂ ਹੀ ਬਹੁਤ ਘੱਟ ਤਨਖਾਹ ਤੇ ਕੰਮ ਕਰ ਰਹੇ ਹਨ ਅਤੇ ਪਿਛਲੇ ਲਗਭਗ 2 ਸਾਲਾਂ ਤੋਂ ਆਪਣੀ ਇਸ ਜਾਇਜ਼ ਮੰਗ ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਚੰਡੀਗੜ੍ਹ ਯੂਨਿਟ ਦੇ ਆਗੂਆਂ ਨੇ ਮਾਨਯੋਗ ਉਚੇਰੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਜੀ ਨਾਲ ਮੁਲਾਕਾਤ ਕੀਤੀ ਗਈ ਸੀ ਉਸ ਵਫ਼ਦ ਨੂੰ ਦਿੱਤੇ ਭਰੋਸੇ ਤੋਂ ਬਾਅਦ ਅਨੰਦਪੁਰ ਸਾਹਿਬ ਲਾਗਾਏ ਜਾਣ ਵਾਲੇ ਧਰਨੇ ਨੂੰ ਯੂਨੀਅਨ ਨੇ 15 ਦਿਨ ਲਈ ਮੁਲਤਵੀ ਕਰ ਦਿੱਤਾ ਸੀ।ਹੁਣ ਉਚੇਰੀ ਸਿੱਖਿਆ ਮੰਤਰੀ ਸਾਹਿਬ ਦੇ ਭਰੋਸੇ ਤੋਂ ਬਾਅਦ ਨਾਨ-ਟੀਚਿੰਗ ਕਰਮਚਾਰੀਆਂ ਵੱਲੋਂ ਉਹਨਾਂ ਦਾ ਧੰਨਵਾਦ ਕੀਤਾ ਜਾ ਰਿਹਾ ਹੈ । ਇਸ ਸਮੇਂ ਉਹਨਾਂ ਦੇ ਨਾਲ ਸਲਾਹਕਾਰ ਸਵਿੰਦਰ ਸਿੰਘ ਗੋਲਾ, ਮੀਤ ਪ੍ਰਧਾਨ ਦੀਪਕ ਸ਼ਰਮਾ ਤੋਂ ਇਲਾਵਾ ਅਮਰੀਕ ਸਿੰਘ, ਪ੍ਰੇਮ ਸਿੰਘ ਸੁਪਰਡੈਂਟ, ਹਰਜਿੰਦਰ ਸਿੰਘ, ਹਰਿੰਦਰ ਸਿੰਘ , ਤੇਜਿੰਦਰ ਸਿੰਘ ਸੀਨੀਅਰ ਲੈਕਚਰ ਸਹਾਇਕ, ਰਵਿੰਦਰ ਵਸ਼ਿਸ਼ਟ ਆਦਿ ਯੂਨੀਅਨ ਆਗੂ ਹਾਜਿਰ ਸਨ।

## 16 ਦੇ ਭਾਰਤ ਬੰਦ 'ਚ ਇਫਟੂ ਕਰੇਗੀ ਭਰਵੀਂ ਸ਼ਮੂਲੀਅਤ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ )** ਸੰਯੁਕਤ ਕਿਸਾਨ ਮੋਰਚਾ ਅਤੇ ਟਰੇਡ ਯੂਨੀਅਨਾਂ ਵਲੋਂ 16 ਫਰਵਰੀ ਨੂੰ ਕੀਤੇ ਜਾ ਰਹੇ ਦੇਸ਼ ਵਿਆਪੀ ਬੰਦ ਦੇ ਸੱਦੇ ਉੱਤੇ ਇੰਡੀਅਨ ਫੈਡਰੇਸ਼ਨ ਆਫ ਟਰੇਡ ਯੂਨੀਅਨਜ਼ (ਇਫਟੂ )ਇਸ ਬੰਦ ਵਿਚ ਸ਼ਾਮਲ ਹੋਵੇਗੀ।ਇਸ ਸਬੰਧੀ ਅੱਜ ਯੂਨੀਅਨ ਦੇ ਨਵਾਂਸ਼ਹਿਰ ਦਫਤਰ ਵਿਖੇ ਜਿਲਾ ਕਮੇਟੀ ਦੀ ਮੀਟਿੰਗ ਹੋਈ।ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਸਿੰਘ ਵੜੈਚ ਅਤੇ ਸੂਬਾਈ ਡਿਪਟੀ ਸੈਕਟਰੀ ਅਵਤਾਰ ਸਿੰਘ ਤਾਰੀ ਨੇ ਕਿਹਾ ਕਿ 16 ਫਰਵਰੀ ਦੇ ਦੇਸ਼ ਵਿਆਪੀ ਬੰਦ ਦੀ ਤਿਆਰੀ ਸਬੰਧੀ ਵੱਖ ਵੱਖ ਜਿਲਿਆਂ ਵਿਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।ਇਫਟੂ ਸਮਝਦੀ ਹੈ ਕਿ ਮੋਦੀ ਸਰਕਾਰ ਵੱਲੋਂ ਮਜਦੂਰ ਪੱਖੀ ਕਿਰਤ ਕਾਨੂੰਨ ਖਤਮ ਕਰਕੇ ਮਜਦੂਰ ਵਿਰੋਧੀ ਚਾਰ ਕਾਲੇ ਕਿਰਤ ਕੋਡ ਲਿਆਂਦੇ ਗਏ ਹਨ ਜਿਹਨਾਂ ਵਿਰੁੱਧ ਮਜਦੂਰ ਵਰਗ ਵਿਚ ਭਾਰੀ ਗੁੱਸਾ ਹੈ।

ਉਹਨਾਂ ਕਿਹਾ ਕਿ ਮਜਦੂਰ ਦੀ ਘੱਟੋ ਘੱਟ ਮਾਸਿਕ ਤਨਖਾਹ 26000/- ਰੁਪਏ ਕੀਤੀ ਜਾਵੇ।ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਜਨਤਕ ਅਦਾਰੇ ਆਪਣੇ ਚਹੇਤਿਆਂ ਨੂੰ ਕੌਡੀਆਂ ਦੇ ਭਾਅ ਵੇਚ ਰਹੀ ਹੈ ਅਤੇ ਜਨਤਕ ਅਦਾਰਿਆਂ ਦੇ ਹਿੱਸੇ ਵੇਚ ਰਹੀ ਹੈ।ਵਿਦੇਸ਼ੀ ਕੰਪਨੀਆਂ ਨੂੰ ਮਜਦੂਰਾਂ ਦੀ ਕਿਰਤ ਸ਼ਕਤੀ ਲੁਟਾਉਣ ਅਤੇ ਦੇਸ਼ ਦੇ ਕੁਦਰਤੀ ਸੋਮਿਆਂ ਨੂੰ ਲੁਟਾਉਣ ਲਈ ਐਫ ਡੀ ਆਈ ਲਈ ਦੇਸ਼ ਦੇ ਚੌਪਟ ਦਰਵਾਜ਼ੇ ਖੋਹਲ ਦਿੱਤੇ ਹਨ।ਸਰਕਾਰ ਉਸਾਰੀ ਕਿਰਤੀਆਂ ਦੀਆਂ ਭਲਾਈ ਸਕੀਮਾਂ ਦੇ ਪੈਸੇ ਦੱਬੀ ਬੈਠੀ ਹੈ।ਆਸ਼ਾ ਵਰਕਰਾਂ, ਆਂਗਣਵਾੜੀ ਵਰਕਰਾਂ ਅਤੇ ਕੁੱਕ ਬੀਬੀਆਂ ਨੂੰ ਉਹਨਾਂ ਦਾ ਪੂਰਾ ਮਿਹਨਤਾਨਾ ਨਹੀਂ ਦਿੱਤਾ ਜਾ ਰਿਹਾ।ਕਿਸਾਨਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਸਰਕਾਰ ਲਾਗੂ ਨਹੀਂ ਕਰ ਰਹੀ।ਹਰ ਰੋਜ਼ ਮੋਦੀ ਸਰਕਾਰ ਦਾ ਫਾਸ਼ੀ ਚਿਹਰਾ ਨੰਗਾ ਹੋ ਰਿਹਾ ਹੈ।ਉਹਨਾਂ ਕਿਹਾ ਕਿ ਇਫਟੂ ਨਾਲ ਜੁੜੀਆਂ ਸਾਰੀਆਂ ਜਥੇਬੰਦੀਆਂ 16 ਫਰਵਰੀ ਨੂੰ ਭਾਰਤ ਬੰਦ ਵਿਚ ਪੂਰੀ ਤਰ੍ਹਾਂ ਸ਼ਾਮਲ ਹੋਣਗੀਆਂ।

ਇਸ ਮੀਟਿੰਗ ਵਿਚ ਇਫਟੂ ਦੇ ਜਿਲਾ ਪ੍ਰਧਾਨ ਗੁਰਦਿਆਲ ਰੱਕੜ, ਜਿਲਾ ਸਕੱਤਰ ਪਰਵੀਨ ਕੁਮਾਰ ਨਿਰਾਲਾ, ਰੇਹੜੀ ਵਰਕਰਜ਼ ਯੂਨੀਅਨ ਦੇ ਪ੍ਰਧਾਨ ਹਰੇ ਰਾਮ, ਕਿਸ਼ੋਰ, ਆਟੋ ਵਰਕਰ ਯੂਨੀਅਨ ਦੇ ਆਗੂ ਤਰਨਜੀਤ ,ਭੱਠਾ ਵਰਕਰਜ਼ ਯੂਨੀਅਨ ਦੇ ਭਰਤ ਕੁਮਾਰ,ਉਸਾਰੀ ਮਿਸਤਰੀ ਮਜਦੂਰ ਯੂਨੀਅਨ ਦੇ ਆਗੂ ਬੱਬਲੂ ਕੁਮਾਰ ਵੀ ਸ਼ਾਮਲ ਸਨ।

## ਵਿਕਟੋਰੀਅਸ ਚਰਚ ਆਫ ਗੌਡ ਲੋਕ ਭਲਾਈ ਸੰਸਥਾ ਵੱਲੋਂ ਅੱਖਾਂ ਦਾ ਮੁਫਤ ਕੈਂਪ




**ਜਲੰਧਰ ( ਰਾਜੇਸ ਥਾਪਾ )** ਅੱਜ ਜਲੰਧਰ-ਪਠਾਨਕੋਟ ਰੋਡ 'ਤੇ ਪੈਂਦੇ ਪਿੰਡ ਕਾਲਾ ਬੱਕਰਾ ਵਿਖੇ ਵਿਕਟੋਰੀਅਸ ਚਰਚ ਆਫ ਗੌਡ ਲੋਕ ਭਲਾਈ ਸੰਸਥਾ ਵੱਲੋਂ ਰਾਣੀ ਭੱਟੀ ਰੋਡ ਉੱਤੇ ਮਰਵਾਹਾ ਐਲੂਮੀਨੀਅਮ ਸ਼ੋਪ ਨੇੜੇ ਅੱਖਾਂ ਦਾ ਮੁਫਤ ਕੈਂਪ ਲਗਾਇਆ ਗਿਆ। ਚਰਚ ਦੇ ਮੁਖੀ ਅਤੇ ਪੰਜਾਬ ਕ੍ਰਿਸ਼ਚੀਅਨ ਮੂਵਮੈਂਟ ਦੇ ਧਾਰਮਿਕ ਵਿੰਗ ਦੇ ਵਾਈਸ ਪ੍ਰਧਾਨ ਪਾਸਟਰ ਸਤਵੀਰ ਮਸੀਹ ਅਤੇ ਉਨ੍ਹਾਂ ਦੀ ਟੀਮ ਵੱਲੋਂ ਦੂਸਰਿਆਂ ਦੇ ਸਹਿਯੋਗ ਨਾਲ ਇਹ ਵੱਡਾ ਉਪਰਾਲਾ ਕੀਤਾ ਗਿਆ।

ਕੈਂਪ ਵਿਚ ਅੱਖਾਂ ਦੇ ਸਪੈਸ਼ਲਿਸਟ ਡਾਕਟਰ ਗੁਰਵਿੰਦਰ ਘੋਸਾ, ਡਾਕਟਰ ਰੋਹਿਤ ਭਨੋਟ ਤੇ ਟੀਮ ਵੱਲੋਂ ਆਏ ਮਰੀਜ਼ਾਂ ਦੀਆਂ ਅੱਖਾਂ ਦੀ ਚੈਕਅਪ ਕੀਤੀ ਗਈ। ਇਸ ਮੌਕੇ ਮਰੀਜ਼ਾਂ ਨੂੰ ਦਵਾਈਆਂ ਅਤੇ ਐਨਕਾਂ ਵੀ ਦਿਤੀਆਂ ਗਈਆਂ। ਪਿੰਡ ਦੇ ਸਰਪੰਚ ਪਰਵਿੰਦਰ ਸਿੰਘ ਮੱਲੀ, ਪੰਚਾਇਤ ਮੈਂਬਰ ਅਤੇ ਇਲਾਕੇ ਦੇ ਮੋਹਤਬਰ ਵਿਅਕਤੀ ਵੀ ਪਹੁੰਚੇ। ਇਸ ਮੌਕੇ ਪੁਜੇ ਪੰਜਾਬ ਕ੍ਰਿਸ਼ਚੀਅਨ ਮੂਵਮੈਂਟ ਦੇ ਪ੍ਰਧਾਨ ਸ੍ਰੀ ਹਮੀਦ ਮਸੀਹ ਨੇ ਕਿਹਾ ਕਿ ਇਸ ਸਮੇਂ ਸਖਤ ਜ਼ਰੂਰਤ ਹੈ ਕਿ ਅੱਖਾਂ ਦੇ ਕੈਂਪ ਲਾਏ ਜਾਣ। ਉਨ੍ਹਾਂ ਨੇ ਇਸ ਲਾਏ ਗਏ ਸਾਂਝੇ ਕੈਂਪ ਦੀ ਸਰਾਹਣਾ ਵੀ ਕੀਤੀ।

ਇਸ ਸਮੇਂ ਪੰਜਾਬ ਕ੍ਰਿਸ਼ਚੀਅਨ ਮੂਵਮੈਂਟ ਦੇ ਧਾਰਮਿਕ ਵਿੰਗ ਦੇ ਪੰਜਾਬ ਪ੍ਰਧਾਨ ਪਾਦਰੀ ਗੌਰਵ ਮਸੀਹ ਗਿੱਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਕੈਂਪ ਲਾਉਣੇ ਮਨੁੱਖਤਾ ਦੀ ਸੇਵਾ ਹੈ ਅਤੇ ਸਾਨੂੰ ਸਾਰਿਆਂ ਨੂੰ ਮਿਲ ਕੇ ਹਮੇਸ਼ਾ ਇਹੋ ਜਿਹੇ ਉਪਰਾਲੇ ਕਰਨ ਦੀ ਲੋੜ ਹੈ। ਧਾਰਮਿਕ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਪਾਸਟਰ ਰਾਜਿੰਦਰ ਕੁਮਾਰ ਨੇ ਕਿਹਾ ਕਿ ਮਨੁੱਖਤਾ ਦੀ ਸੇਵਾ ਲਈ ਅੱਖਾਂ ਦਾ ਕੈਂਪ ਲਗਾਉਣ ਲਈ ਪਾਸਟਰ ਸਤਵੀਰ ਮਸੀਹ ਅਤੇ ਉਨ੍ਹਾਂ ਦੀ ਟੀਮ ਵਧਾਈ ਦੀ ਹੱਕਦਾਰ ਹੈ। ਕ੍ਰਿਸ਼ਚੀਅਨ ਅਵੇਰਨੈੱਸ ਲੀਡਰਸ਼ਿਪ ਦੇ ਪ੍ਰਧਾਨ ਪੀਟਰ ਮਸੀਹ ਬੁਲੰਦਪੁਰ ਜੀ ਨੇ ਕਿਹਾ ਕਿ ਅੱਖਾਂ ਦੇ ਕੈਂਪ ਲਾਉਣ ਦੇ ਨਾਲ-ਨਾਲ ਬਲੱਡ ਕੈਂਪ, ਆਰਥੋ ਕੈਂਪ, ਦੰਦਾਂ ਦੇ ਕੈਂਪ ਵੀ ਲਾਉਣੇ ਚਾਹੀਦੇ ਹਨ। ਇਸ ਮੌਕੇ ਉੱਤੇ ਕ੍ਰਿਸ਼ਚੀਅਨ ਪਾਸਟਰਜ਼ ਐਸੋਸੀਏਸ਼ਨ ਦੇ ਪ੍ਰਧਾਨ ਪਾਸਟਰ ਜਸਪਾਲ ਮਸੀਹ ਤੇ ਚੇਅਰਮੈਨ ਪਾਸਟਰ ਅਲੀਆਜ਼ਰ ਮਸੀਹ, ਧਾਰਮਿਕ ਵਿੰਗ ਦੇ ਜ਼ਿਲ੍ਹਾ ਸਕੱਤਰ ਪਾਸਟਰ ਸਤਪਾਲ ਸਿੱਧੂ, ਪਾਸਟਰ ਸੁਰਿੰਦਰ ਜੌਹਲ, ਪਾਸਟਰ ਤਰਸੇਮ ਕਲੇਰ, ਬ੍ਰਦਰ ਰਾਜੇਸ਼ ਸਭਰਵਾਲ, ਪਾਸਟਰ ਵਾਲਟਰ ਮਸੀਹ ਤੋਂ ਇਲਾਵਾ ਬਲਾਕ ਪ੍ਰਧਾਨ ਭੋਗਪੁਰ ਅਵਤਾਰ ਮਸੀਹ, ਰੌਬਰਟ ਮਸੀਹ, ਪਵਨ ਮਸੀਹ, ਸੁਰਜੀਤ ਭੱਟੀ ਤੇ ਸੁਨੀਲ ਸਹੋਤਾ ਹਾਜ਼ਰ ਸਨ।

## ਪ੍ਰਿਥਵੀ ਵੈੱਲਫੇਅਰ ਸੁਸਾਇਟੀ ਵੱਲੋਂ ਵਾਤਾਵਰਣ, ਖੇਡਾਂ ਤੇ ਦੇਸ਼ ਪ੍ਰੇਮ ਦਾ ਉਪਰਾਲਾ




**ਆਦਮਪੁਰ (ਪਰਮਜੀਤ ਸਿੰਘ)** ਆਦਮਪੁਰ ਸਹਿਰ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ( ਨਜਦੀਕ ਖੇਡ ਮੈਦਾਨ ) ਵਿਖੇ ਪ੍ਰਿਥਵੀ ਵੈਲਫੇਅਰ ਸੋਸਾਇਟੀ ਵੱਲੋਂ ਵਿਦਿਆਰਥੀਆਂ ਨੂੰ ਵਾਤਾਵਰਣ , ਦੇਸ ਪ੍ਰੇਮ ਅਤੇ ਖੇਡਾਂ ਪ੍ਰਤੀ ਜਾਗਰੂਕ ਕੀਤਾ ਗਿਆ । ਇਸ ਮੌਕੇ ਤੇ ਸੰਸਥਾ ਦੇ ਪ੍ਰਧਾਨ , ਹਰਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਵਾਤਾਵਰਣ ਸੰਬੰਧੀ ਸਵਾਲ ਪੁੱਛੇ । ਦੇਸ ਦੀ ਆਜਾਦੀ ਅਤੇ ਆਜਾਦੀ ਘੁਲਾਟੀਆਂ ਤੇ ਸਵਾਲ ਪੁੱਛੇ ਗਏ । ਉਨ੍ਹਾਂ ਨੂੰ ਵੱਖ ਵੱਖ ਰੁਖਾਂ ਦੇ ਬੀਜ ਗੇਂਦ ਸੰਬੰਧੀ ਜਾਣਕਾਰੀ ਦਿੱਤੀ । ਬੀਜ ਗੇਂਦ ਕਿਵੇਂ ਤਿਆਰ ਕਰਨੇ ਚਾਹੀਦੇ ਅਤੇ ਕਿਥੇ ਕਿਥੇ ਖਿਲਾਰਨੇ ਚਾਹੀਦੇ ਹਨ , ਇਹ ਵੀ ਦੱਸਿਆ ਗਿਆ । ਰਿਵਾਇਤੀ ਰੁਖਾਂ ਨੂੰ ਲਗਾਉਣ ਅਤੇ ਪਾਲਣ ਦੀ ਜਾਣਕਾਰੀ ਦਿੱਤੀ। ਦੇਸ ਦੀ ਆਜਾਦੀ ਵਿੱਚ ਅਹਿਮ ਯੋਗਦਾਨ ਅਤੇ ਸਹੀਦ ਹੋਏ ਆਜਾਦੀ ਘੁਲਾਟੀਆਂ ਤੇ ਸਵਾਲ ਕੀਤੇ । ਮੁਹੰਮਦ , ਅਰਮਾਨ , ਰਸਮਪ੍ਰੀਤ ਕੋਰ , ਕਾਨ੍ਹਾ ਗੁਪਤਾ , ਸੇਜਲ , ਤੁਸਾਰ , ਜੀਵਿਕਾ , ਕ੍ਰਿਸਨਾ , ਗੁੜੀਆ : ਇਨ੍ਹਾਂ ਵਿਦਿਆਰਥੀਆਂ ਨੇ ਬਹੁਤ ਹੀ ਵਧੀਆ ਅਤੇ ਸਹੀ ਜਵਾਬ ਦਿੱਤੇ । ਇਨ੍ਹਾਂ ਨੂੰ ਵਿਸੇਸ ਇਨਾਮ ਵੰਡੇ । ਸਕੂਲ ਸਟਾਫ ਸੀ ਐਚ ਟੀ ਸ੍ਰੀ ਦੀਪਕ ਕੁਮਾਰ ,ਮੈਡਮ ਮਨਦੀਪ ਕੌਰ , ਮਾਸਟਰ ਸੰਦੀਪ ਸਿੰਘ , ਮੈਡਮ ਜਸਵੀਰ ਕੌਰ , ਮੈਡਮ ਕਾਂਤਾ ਕੁਮਾਰੀ, ਮੈਡਮ ਪ੍ਰੀਤੀ , ਮੈਡਮ ਪੂਜਾ ਆਦਿ ਹਾਜਰ ਸਨ । ਹਰਿੰਦਰ ਸਿੰਘ ਨੇ ਸਾਰੇ ਹੀ ਸਕੂਲ ਕਰਮੀਆਂ ਦਾ ਧੰਨਵਾਦ ਕੀਤਾ । ਇਸ ਮੁਹਿੰਮ ਦੇ ਆਖਰ ਵਿੱਚ ਸਿੱਖਿਆ ਨੂੰ ਪ੍ਰੋਤਸਾਹਿਤ ਅਤੇ ਬਚਿਆਂ ਦੀ ਹੌਸਲਾਅਫਜਾਈ ਲਈ ਹਰ ਵਿਦਿਆਰਥੀ ਨੂੰ ਫਲ ਅਤੇ ਸਟੇਸਨਰੀ ਅਲੱਗ ਤੋਂ ਦਿੱਤੀ ਗਈ । ਇਸ ਮੁਹਿੰਮ ਵਿੱਚ ਸ. ਸਤਨਾਮ ਸਿੰਘ ਜੀ ਨੇ ਵਡਮੁੱਲਾ ਯੋਗਦਾਨ ਪਾਇਆ । ਸਤਨਾਮ ਸਿੰਘ ਜੀ ਨੇ ਬਚਿਆਂ ਨੂੰ ਖੇਡਾਂ ਨਾਲ ਜੁੜੇ ਰਹਿਣ ਲਈ ਪ੍ਰੇਰਿਆ। ਉਨ੍ਹਾਂ ਸਹੀਦ ਭਗਤ ਸਿੰਘ , ਰਾਜਗੁਰੂ, ਸੁਖਦੇਵ , ਉਧਮ ਸਿੰਘ, ਕਰਤਾਰ ਸਿੰਘ ਸਰਾਭਾ ਆਦ ਸਹੀਦਾਂ ਦੀ ਜੀਵਨੀ ਅਤੇ ਕੁਰਬਾਨੀ ਤੋਂ ਜਾਣੂ ਕਰਵਾਇਆ । ਇਸ ਮੌਕੇ ਤੇ ਅਵਤਾਰ ਸਿੰਘ ਮਸਾਨਿਆਂ, ਰਵਿੰਦਰ ਜੀਤ ਸਿੰਘ , ਸੁਰਿੰਦਰ ਸਿੰਘ , ਸ੍ਰੀਮਤੀ ਕਰਮਜੀਤ ਕੌਰ ਜੀ ਵੀ ਹਾਜਰ ਸਨ । ਸਕੂਲ ਦੇ ਮੁਖੀ , ਦੀਪਕ ਕੁਮਾਰ ਨੇ ਸੰਸਥਾ ਦਾ ਧੰਨਵਾਦ ਕੀਤਾ । ਵਿਸੇਸ ਤੌਰ ਤੇ ਵਾਤਾਵਰਣ ਅਤੇ ਸਹੀਦਾਂ ਬਾਰੇ ਹਰਿੰਦਰ ਸਿੰਘ ਜੀ ਅਤੇ ਸਤਨਾਮ ਸਿੰਘ ਜੀ ਵੱਲੋਂ ਸਾਂਝੀ ਕੀਤੀ ਜਾਣਕਾਰੀ ਦੀ ਸਲਾਘਾ ਕੀਤੀ । ਉਨ੍ਹਾਂ ਦਸਿਆ ਕਿ ਬਚਿਆਂ ਨੂੰ ਕਾਪੀਆਂ ਕਿਤਾਬਾਂ ਪੈਨ ਆਦ ਸਮਾਨ ਦੇਣ ਲਈ ਅਕਸਰ ਦਾਨੀ ਸੱਜਣ ਆ ਜਾਂਦੇ ਹਨ , ਪਰੰਤੂ ਇੰਜ ਦੀ ਜਾਣਕਾਰੀ ਸਿਰਫ ਇਸ ਸੰਸਥਾ ਵਲੋਂ ਹੀ ਦਿੱਤੀ ਗਈ ਹੈ ।

## ਆਂਗਣਵਾੜੀ ਵਰਕਰਾਂ ਨੇ ਮੋਦੀ ਦਾ ਪੁਤਲਾ ਫੂਕਿਆ



**ਮਾਹਿਲਪੁਰ (ਸ.ਫਰੀ)** - ਗੜ੍ਹਸ਼ੰਕਰ ਵਿਚ ਆਂਗਣਵਾੜੀ ਆਸ਼ਾ ਵਰਕਰ ਭੱਠਾ ਮਜ਼ਦੂਰ ਕਿਸਾਨਾਂ ਨੇ ਇਕੱਠੇ ਹੋ ਕੇ ਮਜ਼ਦੂਰਾਂ ਮੁਲਾਜ਼ਮਾਂ ਕਿਸਾਨਾਂ ਵਿਰੋਧੀ ਬਜਟ ਵਿਰੁਧ ਮੋਦੀ ਸਰਕਾਰ ਦਾ ਪੁਤਲਾ ਫੂਕਿਆ ਇਸ ਮੌਕੇ ਗੁਰਬਖਸ਼ ਕੋਰ , ਪਾਲੋ ਸੂੰਨੀ, ਮਹਿੰਦਰ ਕੁਮਾਰ ਬੱਡੋਆਣ, ਗੁਰਨੇਕ ਭੱਜਲ , ਜੋਗਿੰਦਰ ਕੋਰ , ਨੀਲਮ ਬੱਡੋਆਣ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਜੋ ਬਜਟ ਪੇਸ਼ ਕੀਤਾ ਇਹ ਬੱਜਟ ਅਮੀਰਾਂ ਪੱਖੀ ਗਰੀਬਾਂ ਵਿਰੋਧੀ ਬਜਟ ਹੈ, ਅਸੀ ਇਸ ਦੀ ਜ਼ੋਰਦਾਰ ਨਿਖੇਧੀ ਕਰਦੇ ਹਾਂ ਅਤੇ ਮੋਦੀ ਸਰਕਾਰ ਨੂੰ ਗੱਦੀ ਤੋ ਚਲਦਾ ਕਰਨ ਲਈ ਅਸੀ ਸਾਰੇ ਇਕੱਠੇ ਹੋ ਕੇ ਤਾਣ ਲਾਵਾਂਗੇ ।

ਆਗੂਆਂ ਨੇ ਅੱਗੇ ਕਿਹਾ ਇਸ ਬਜਟ ਵਿੱਚ ਆਗਣਵਾੜੀ ਆਸ਼ਾ ਵਰਕਰ ਮਿਡ ਡੇ ਮੀਲ ਚੌਕੀਦਾਰ ਮਨਰੇਗਾ ਲਈ ਕੁਝ ਵੀ ਨਹੀਂ। ਅੱਜ ਮੋਦੀ ਦੀਆਂ ਨੀਤੀਆਂ ਕਾਰਣ ਸਾਰੇ ਸਰਕਾਰੀ ਮਹਿਕਮੇ ਕੌਡੀਆਂ ਦੇ ਭਾਅ ਵੱਡੇ ਪੂੰਜੀਪਤੀਆਂ ਕੋਲ ਵੇਚ ਦਿੱਤੇ ਗਏ । ਇਸੇ ਤਰਾਂ ਰਨ ਐਡ ਹਿੱਟ ਦਾ ਕਾਨੂੰਨ ਜੋ ਸਾਰੇ ਡਰਾਈਵਰਾਂ ਨੂੰ ਪ ?ਭਾਵਿਤ ਕਰੇਗਾ, ਉਸ ਦੀ ਨਿਖੇਧੀ ਕੀਤੀ । ਮਜ਼ਦੂਰ ਕਾਨੂੰਨਾਂ ਵਿੱਚ ਕੀਤੀਆਂ ਸੋਧਾਂ ਇਹ ਵੀ ਮੋਦੀ ਸਰਕਾਰ ਦਾ ਮਜ਼ਦੂਰਾਂ ਉਪਰ ਹਮਲਾ ਹੈ । ਅਸੀਂ ਸਾਰਿਆਂ ਨੂੰ ਅਪੀਲ ਕਰਦੇ ਹਾਂ ਇਹਨਾ ਨੀਤੀਆਂ ਵਿਰੁੱਧ 16 ਫਰਵਰੀ ਨੂੰ ਪਿੰਡ ਬੰਦ ਸ਼ਹਿਰ ਬੰਦ ਰੋਡ ਜਾਮ ਲਈ ਇਕੱਠੇ ਹੋ ਕੇ ਮੋਦੀ ਸਰਕਾਰ ਦਾ ਮਜ਼ਦੂਰਾਂ ਕਿਸਾਨਾਂ ਮੁਲਾਜ਼ਮਾਂ ਵਿਰੋਧੀ ਚੇਹਰਾ ਬੇਨਕਾਬ ਕਰੀਏ । ਇਸ ਮੌਕੇ ਰੇਸ਼ਮ ਸਿੰਘ , ਬਲਦੇਵ ਰਾਜ , ਕਸ਼ਮੀਰ ਸਿੰਘ , ਪਰਮੋਦ , ਸੁਖਵਿੰਦਰ ਕੋਰ, ਬਲਵਿੰਦਰ ਕੌਰ, ਹਰਮੇਸ਼ , ਹਰਬੰਸ ਕੌਰ ਹਾਜ਼ਰ ਸਨ।

## ਅਯੁੱਧਿਆ ਰਾਹੀਂ ਹਿੰਦੂ...

(ਸਫਾ 4 ਦੀ ਬਾਕੀ)

ਸਾਮਰਾਜ ਦੇ ਕਦਾਚਿਤ ਮੁਆਫ਼ਕ ਨਹੀਂ ਸੀ। ਇਹੋ ਉਹ ਦੌਰ ਹੈ, ਜਿਸ ਵਿੱਚ ਹਿੰਦੂ-ਮੁਸਲਮ ਦੋ ਕੌਮਾਂ ਦੇ ਵਿਚਾਰ ਨੂੰ ਤਾਕਤ ਮਿਲੀ। ਧਰਮ ਆਧਾਰਤ ਕੌਮ ਦੇ ਸੰਕਲਪ ਨੂੰ ਲਿਪੀਬੱਧ ਕਰਨ ਦਾ ਸਿਹਰਾ ਸਾਵਰਕਰ ਨੂੰ ਜਾਂਦਾ ਹੈ, ਜਿਹਨੇ ਸਭ ਤੋਂ ਪਹਿਲਾਂ 'ਹਿਦੂਤਵ ਦੀਆਂ ਬੁਨਿਆਦਾਂ' ਨਾਮੀ ਸਿਧਾਂਤਕ ਲਿਖਤ ਲਿਖ ਕੇ ਹਿੰਦੂ-ਮੁਸਲਮ ਸਾਂਝੇ ਹਿੰਦੋਸਤਾਨੀ ਭਾਈਚਾਰੇ ਵਿੱਚ ਵੰਡ ਦੀ ਲੀਕ ਖਿੱਚੀ ਤੇ ਇਸੇ ਆਧਾਰ ਉਤੇ ਜਰਮਨੀ ਨਾਜ਼ੀ ਪਾਰਟੀ ਦੀ ਤਰਜ਼ ਅਨੁਸਾਰ ਸੰਘ ਦੇ ਤਾਣੇ-ਬਾਣੇ ਨੂੰ ਉਸਾਰਨਾ ਸ਼ੁਰੂ ਕੀਤਾ। ਅੰਗਰੇਜ਼ ਹਾਕਮਾਂ ਲਈ ਇਹ ਸੋਨੇ ਦੇ ਆਂਡੇ ਵਾਲੀ ਮੁਰਗੀ ਸੀ, ਕਿਉਂਕਿ ਇਨਕਲਾਬੀ ਤਰਜ਼ ਉਤੇ ਚੱਲ ਰਹੀ ਆਜ਼ਾਦੀ ਦੀ ਲੜਾਈ ਨੂੰ ਭਟਕਾਉਣ ਦੀ ਭੂਮਿਕਾ ਨਿਭਾਅ ਰਹੀ ਸੀ।

ਅਯੁੱਧਿਆ ਵਿੱਚ ਪਹਿਲਾ ਫਿਰਕੂ ਤਨਾਅ 20-21 ਨਵੰਬਰ 1912 ਵਿੱਚ ਹੋਇਆ। ਇਹ ਇੱਕ ਗਾਂ ਦੇ ਮਾਰੇ ਜਾਣ ਪਿੱਛੋਂ ਹੋਇਆ ਸੀ ਤੇ ਫਿਰ 27 ਮਾਰਚ 1934 ਨੂੰ ਸ਼ਾਹਜਹਾਂ ਪੁਰ ਵਿੱਚ ਇੱਕ ਗਾਂ ਦੇ ਮਾਰ ਦਿੱਤੇ ਜਾਣ ਦੇ ਸਿੱਟੇ ਵਜੋਂ ਵੈਰਾਗੀਆਂ ਤੇ ਨਾਂਗੇ ਸਾਧਾਂ ਦੇ ਇੱਕ ਹਜੂਮ ਨੇ ਬਾਬਰੀ ਮਸਜਿਦ ਉਤੇ ਹਮਲਾ ਬੋਲ ਦਿੱਤਾ। ਉਨ੍ਹਾ ਮਸਜਿਦ ਦੇ ਅੰਦਰ ਵੜ ਕੇ ਕਾਫ਼ੀ ਨੁਕਸਾਨ ਪਹੁੰਚਾਇਆ। ਲੱਗਭੱਗ 200 ਨਾਂਗੇ ਸਾਧ ਤੇ ਵੈਰਾਗੀ ਫੜੇ ਗਏ। ਹਿੰਦੂ ਸਮੁਦਾਏ ਨੂੰ 85000 ਰੁਪਏ ਦਾ ਜੁਰਮਾਨਾ ਭਰਨਾ ਪਿਆ, ਜੋ ਜ਼ਿਆਦਾ ਸਥਾਨਕ ਹਿੰਦੂ ਨਿਵਾਸੀਆਂ ਤੋਂ ਇਕੱਠਾ ਕਰਕੇ ਬਰਤਾਨਵੀ ਰਾਜ ਮਸ਼ੀਨਰੀ ਨੇ ਮਸਜਿਦ ਦੀ ਮੁਰੰਮਤ ਕਰਵਾਈ, ਪਰ ਇਸ ਦੇ ਬਾਵਜੂਦ ਅਯੁੱਧਿਆ ਵਿੱਚ ਹਿੰਦੂ-ਮੁਸਲਮਾਨਾਂ ਦਰਮਿਆਨ ਨਫ਼ਰਤੀ ਦੀਵਾਰਾਂ ਨਹੀਂ ਸਨ ਉੱਸਰੀਆਂ।

1920 ਦੀ ਘਟਨਾ ਨੂੰ ਵੀ ਯਾਦ ਕਰਨਾ ਬਣਦਾ ਹੈ। ਅਵਧ ਵਿੱਚ ਇਸੇ ਸਾਲ ਕਿਸਾਨ ਸਭਾ ਦੀ ਨੀਂਹ ਰੱਖੀ ਗਈ, ਜੋ ਪ੍ਰਤਾਪਗੜ੍ਹ, ਸੁਲਤਾਨਪੁਰ, ਫ਼ੈਜ਼ਾਬਾਦ, ਅਯੁੱਧਿਆ ਤੱਕ ਫੈਲ ਗਈ। ਇਸ ਕਿਸਾਨ ਸਭਾ ਦੀ ਨੀਂਹ ਰੱਖਣ ਵਾਲਾ ਬਾਬਾ ਰਾਮ ਚੰਦਰ ਸੀ। ਬਾਬਾ ਰਾਮ ਚੰਦਰ ਨਰਾਇਣਪੁਰ ਦੇ ਕਬੀਰ ਲਾਲਾ ਦਾ ਪੁੱਤਰ ਸੀ, ਨਾਂਅ ਸੀ ਸੂਰਜ ਪ੍ਰਕਾਸ਼, ਜੋ ਪੜ੍ਹ-ਲਿਖ ਗਿਆ ਤੇ ਨੌਕਰੀ ਵੀ ਕੀਤੀ। ਜਵਾਨੀ ਵਿੱਚ ਹੀ ਨਾਗਾ ਸਾਧੂ ਬਣ ਗਿਆ। ਅਵਧ ਦੇ ਕਿਸਾਨੀ ਖਿੱਤੇ ਵਿੱਚ ਆਇਆ ਤਾਂ ਉਨ੍ਹਾਂ ਦੀ ਮੰਦੀ ਹਾਲਤ ਦੇਖੀ। ਜਗੀਰਦਾਰਾਂ ਵਿਰੁੱਧ ਕਿਸਾਨਾਂ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ। ਉਹਨੇ ਕਿਸਾਨਾਂ ਦਾ ਲੜਾਕੂ ਜਥਾ ਵੀ ਤਿਆਰ ਕੀਤਾ। ਕਿਸਾਨ ਸੰਘਰਸ਼ ਨੂੰ ਬਰਤਾਨਵੀ ਹਕੂਮਤ ਨੇ ਜਬਰ ਨਾਲ ਦਬਾਉਣਾ ਚਾਹਿਆ। ਕਿਸਾਨ ਸਭਾ ਨੇ ਆਪਣਾ ਸੂਬਾਈ ਸੰਮੇਲਨ ਅਯੁੱਧਿਆ ਵਿੱਚ ਕਰਨ ਦਾ ਫੈਸਲਾ ਲਿਆ । 20-21 ਦਸੰਬਰ ਨੂੰ ਸਰਯੂ ਨਦੀ ਦੇ ਕੰਢੇ ਹੀ ਹੋਇਆ ਸੀ। ਹਾਲਾਂਕਿ ਫ਼ੈਜ਼ਾਬਾਦ ਜ਼ਿਲ੍ਹੇ ਦੀ ਕਿਸਾਨ ਸਭਾ ਨਾਲੋਂ ਪ੍ਰਤਾਪਗੜ੍ਹ ਜ਼ਿਲ੍ਹੇ ਵਿੱਚ ਕਿਸਾਨ ਸਭਾ ਜ਼ਿਆਦਾ ਮਜ਼ਬੂਤ ਸੀ, ਪਰ ਅਯੁੱਧਿਆ ਨੂੰ ਕਿਸਾਨਾਂ ਨੇ ਪ੍ਰਤੀਕ ਵਜੋਂ ਲਿਆ ਸੀ। ਉਨ੍ਹੀਂ ਦਿਨੀਂ ਲੱਗਭੱਗ ਇੱਕ ਲੱਖ ਕਿਸਾਨ ਇਸ ਵਿੱਚ ਸ਼ਾਮਲ ਹੋਏ। ਅਯੁੱਧਿਆ ਦੀਆਂ ਗਲੀਆਂ ਤੇ ਮੈਦਾਨ ਕਿਸਾਨ ਕਾਰਕੁੰਨਾਂ ਨਾਲ ਭਰੇ ਪਏ ਸਨ। ਠੰਢ ਦੇ ਦਿਨ ਸਨ। ਇਸ ਸਮੇਂ ਅਯੁੱਧਿਆ ਦੇ ਸਾਰੇ ਧਾਰਮਿਕ ਅਦਾਰਿਆਂ ਵਿਸ਼ੇਸ਼ ਕਰਕੇ ਮੰਦਰਾਂ ਨੇ ਆਪਣੇ ਸਾਰੇ ਦਰਵਾਜ਼ੇ ਕਿਸਾਨਾਂ ਦੇ ਠਹਿਰਨ ਲਈ ਖੋਲ੍ਹ ਦਿੱਤੇ। ਕਈ ਦਿਨ ਕਿਸਾਨ ਅਯੁੱਧਿਆ 'ਚ ਰਹੇ ਤੇ ਮੰਦਰਾਂ ਦੇ ਅੰਦਰ ਹੀ ਉਨ੍ਹਾ ਦਾ ਵਸੇਬਾ ਰਿਹਾ। ਮਸਜਿਦਾਂ ਵੀ ਪਿੱਛੇ ਨਹੀਂ ਸਨ। ਕਿਸਾਨਾਂ ਵਿੱਚ ਹਿੰਦੂ-ਮੁਸਲਮਾਨ ਤੇ ਹੋਰ ਸਾਰੀਆਂ ਜਾਤੀਆਂ ਦੇ ਲੋਕ ਸਨ, ਕਿਸੇ ਵੀ ਪੰਡਿਤ ਨੂੰ ਜਾਂ ਹਿੰਦੂ ਨੇ ਇਹ ਇਤਰਾਜ਼ ਨਹੀਂ ਉਠਾਇਆ ਕਿ ਮੰਦਰ ਅਪਵਿੱਤਰ ਹੋ ਰਹੇ ਹਨ। ਉਹ ਦੌਰ ਸੀ ਜਦੋਂ ਧਾਰਮਿਕ ਕੱਟੜਤਾਵਾਦ ਨਾਂਅ ਦੀ ਕੋਈ ਚੀਜ਼ ਹੀ ਨਹੀਂ ਸੀ। ਸੰਘ ਦਾ ਤਾਂ ਜਨਮ ਵੀ ਨਹੀਂ ਸੀ ਹੋਇਆ। ਇਹ ਅਯੁੱਧਿਆ ਦੀ ਵਿਰਾਸਤ ਸੀ । ਮੰਦਰਾਂ ਦੇ ਪੁਜਾਰੀ ਵੀ ਜਾਣਦੇ ਸਨ ਕਿ ਕਿਸਾਨ ਹੀ ਉਨ੍ਹਾਂ ਦੀ ਜਿੰਦ-ਜਾਨ ਹਨ। ਇਨਕਲਾਬੀ ਆਪਣੀਆਂ ਸਰਗਰਮੀਆਂ ਤੇ ਬ੍ਰਿਟਿਸ਼ ਪੁਲਸ ਤੋਂ ਸੁਰੱਖਿਅਤ ਹੋਣ ਲਈ ਇਨ੍ਹਾਂ ਮੰਦਰਾਂ ਦੀ ਹੀ ਵਰਤੋਂ ਕਰਦੇ ਸਨ। ਇਸੇ ਕਾਰਨ ਹਨੂੰਮਾਨਗੜ੍ਹੀ ਅਖਾੜੇ ਦੇ ਮਹੰਤ ਬਾਬਾ ਬਨਾਰਸੀ ਦਾਸ ਤੇ ਖਾਕੀ ਅਖਾੜੇ ਦੇ ਮਹੰਤ ਭਗਵਾਨ ਦਾਸ ਨੂੰ ਅੰਗਰੇਜ਼ ਪੁਲਸ ਨੇ ਗ੍ਰਿਫ਼ਤਾਰ ਕਰਕੇ ਸ਼ਹਿਰ 'ਚ ਘੁੰਮਾ ਕੇ ਜੇਲ੍ਹ ਵੀ ਭੇਜਿਆ ਸੀ, ਪਰ ਪਿੱਛੋਂ ਇਸ ਖੇਤਰ ਵਿੱਚ ਲੋਕ ਵਿਦਰੋਹ ਦੇ ਕਾਰਨ ਉਨ੍ਹਾ ਨੂੰ ਛੱਡਣਾ ਪਿਆ ਸੀ। ਜ਼ਿਆਦਾ ਜਾਣਕਾਰੀ ਲਈ 'ਅਵਧ ਦਾ ਕਿਸਾਨ ਵਿਦਰੋਹ' ਨਾਮੀ ਕਿਤਾਬ ਪੜ੍ਹ ਸਕਦੇ ਹੋ।

ਇੱਕ ਮਿਸਾਲ ਹੋਰ ਵੀ ਵਾਚਣ ਵਾਲੀ ਹੈ। ਉਹ ਹੈ ਬਾਬਾ ਲਾਲ ਦਾਸ ਦੀ। ਉਹ ਕਿਸਾਨ ਆਗੂ ਵੀ ਸਨ ਤੇ ਕਮਿਊਨਿਸਟ ਆਗੂ ਵੀ ਸਨ। ਸਥਾਨਕ ਪੱਧਰ ਦੇ ਸ਼ਹਿਰ ਵਿੱਚ ਉਨ੍ਹਾਂ ਦਾ ਸਾਰੇ ਵਰਗਾਂ ਉਤੇ ਚੰਗਾ ਪ੍ਰਭਾਵ ਵੀ ਸੀ। ਜਦੋਂ ਮਸਜਿਦ-ਮੰਦਰ ਦਾ ਮਾਮਲਾ ਕੋਰਟ ਵਿੱਚ ਗਿਆ ਤਾਂ ਕੋਰਟ ਨੇ ਬਾਬਾ ਲਾਲ ਦਾਸ ਨੂੰ ਮੰਦਰ ਦਾ ਪੁਜਾਰੀ ਥਾਪਿਆ। ਪਹਿਲਾ ਪੁਜਾਰੀ ਇਸ ਮੰਦਰ ਦਾ ਲਾਲ ਦਾਸ ਹੀ ਸੀ। ਜਿਸ ਨੇ ਉਸ ਸਮੇਂ ਕਿਹਾ ਸੀ ਕਿ, "ਇਹ ਜ਼ਮੀਨੀ ਵਿਵਾਦ ਹੈ। ਇਹ ਰਾਮ ਜਨਮ ਭੂਮੀ ਜਾਂ ਬਾਬਰੀ ਮਸਜਿਦ ਦਾ ਝਗੜਾ ਨਹੀਂ। ਇਹਦਾ ਹੱਲ ਕੋਰਟ, ਕਚਹਿਰੀ ਵਿੱਚ ਨਹੀਂ, ਆਪਸ ਵਿੱਚ ਬੈਠ ਕੇ ਕੀਤਾ ਜਾ ਸਕਦਾ ਹੈ।" ਉਹ ਬਾਬਰੀ ਮਸਜਿਦ ਢਾਹੁਣ ਤੱਕ ਪੁਜਾਰੀ ਰਹੇ। ਜਦੋਂ ਬਾਹਰੀ ਲੋਕਾਂ ਨੇ ਅਯੁੱਧਿਆ 'ਤੇ ਧਾਵਾ ਬੋਲਿਆ ਤਾਂ ਅਯੁੱਧਿਆ ਦੇ ਲੋਕਾਂ ਨੇ ਇਹਨੂੰ ਚੰਗਾ ਨਹੀਂ ਸੀ ਸਮਝਿਆ। 16 ਨਵੰਬਰ 1993 ਨੂੰ ਉਹਨੂੰ ਗੋਲੀ ਮਾਰ ਦਿੱਤੀ ਗਈ ਅਤੇ ਫਿਰ ਮਹੰਤ ਸਤਯੇਂਦਰ ਨਾਥ ਰਾਮ ਮੰਦਰ ਦੇ ਪੁਜਾਰੀ ਬਣ ਗਏ। ਮਹੰਤ ਸਤਯੇਂਦਰ ਨਾਥ ਉਨ੍ਹਾਂ 50-60 ਲੋਕਾਂ ਵਿੱਚੋਂ ਸਨ, ਜਿਨ੍ਹਾਂ ਮਸਜਿਦ ਵਿੱਚ ਮੂਰਤੀ ਰੱਖੀ ਸੀ, ਜਦੋਂ ਕਿ ਉਹ ਉਸ ਮੁਕੱਦਮੇ ਵਿੱਚ ਵੀ ਦੋਸ਼ੀ ਦੇ ਤੌਰ 'ਤੇ ਨਾਮਜ਼ਦ ਹੋਏ ਸਨ। ਅਯੁੱਧਿਆ ਲੰਮੇ ਸਮੇਂ ਤੋਂ ਭਗਵਾਨ ਦੇ ਨਾਂਅ 'ਤੇ ਯੁੱਧ ਦਾ ਅਖਾੜਾ ਰਿਹਾ ਹੈ। 200 ਤੋਂ ਵੱਧ ਸਾਧੂ ਮਾਰੇ ਜਾ ਚੁੱਕੇ ਹਨ। ਸਰਕਾਰੀ ਅਧਿਕਾਰੀ ਵੀ ਮੰਦਰ ਦੇ ਪੁਜਾਰੀ ਵੀ, ਰਾਮ ਮੰਦਰ ਟਰੱਸਟ ਦੇ ਕਰਤਾ ਧਰਤਾ ਵੀ ਜਦੋਂ ਇਹ ਸੁਆਲ ਤੁਸੀਂ ਅਯੁੱਧਿਆ ਦੇ ਵਾਸੀਆਂ ਤੋਂ ਪੁੱਛੋ ਤਾਂ ਉਹ ਡਰ ਦੇ ਸਾਏ 'ਚ ਖਾਮੋਸ਼ ਰਹਿੰਦੇ ਹਨ।

ਇਸ ਦੌਰ ਤੇ ਆਰ ਐੱਸ ਐੱਸ-ਭਾਜਪਾ ਦੀ ਬ੍ਰਾਹਮਣੀ ਸੋਚ ਨੂੰ ਸਮਝਣ ਲਈ ਇਤਿਹਾਸ ਦੀਆਂ ਘਟਨਾਵਾਂ ਦੀ ਆਧਾਰਸ਼ਿਲਾ ਨੂੰ ਸਮਝਣਾ ਵੀ ਜ਼ਰੂਰੀ ਹੈ। ਅਸ਼ੋਕ ਦੇ ਰਾਜ ਕਾਲ ਵਿੱਚ ਬੁੱਧ ਧਰਮ ਦਾ ਵਿਆਪਕ ਪਸਾਰ ਹੋਇਆ। ਇਹ ਦੇਸ਼ ਬੁੱਧ ਧਰਮ ਦੇ ਤੌਰ 'ਤੇ ਹੀ ਪਹਿਲਾਂ ਜਾਣਿਆ ਜਾਂਦਾ ਸੀ। ਹਿੰਦੂ ਸ਼ਬਦ ਤਾਂ ਹੋਂਦ ਵਿੱਚ ਹੀ ਨਹੀਂ ਸੀ ਆਇਆ। ਬੁੱਧ ਧਰਮ ਕਲਪਨਾਵਾਂ ਦੇ ਨਹੀਂ, ਸਗੋਂ ਪਦਾਰਥ ਦੇ ਆਧਾਰ ਉਤੇ ਸੀ, ਜਿਸ 'ਚ ਮਨੁੱਖ ਪ੍ਰਮੁੱਖ ਸੀ, ਨਾ ਕਿ ਕੋਈ ਦੈਵੀ ਸ਼ਕਤੀ, ਜਿਹਨੂੰ ਰੱਬ ਕਿਹਾ ਜਾਂਦਾ ਹੈ। ਅਸ਼ੋਕ ਦੀ ਮੌਤ ਤੋਂ ਪੌਣੀ ਕੁ ਸਦੀ ਪਿਛੋਂ ਰਾਜ ਸੱਤਾ ਉਤੇ ਰਾਜਾ ਪੁਸ਼ਪ ਮਿੱਤਰ ਸੰਗ ਕਾਬਜ਼ ਹੋ ਜਾਂਦਾ ਹੈ ਅਤੇ ਉਹਦੇ ਸੱਤਾ ਸੰਭਾਲਣ ਪਿੱਛੋਂ ਬ੍ਰਾਹਮਣੀ ਸੋਚ ਦੀ ਫੇਰ ਚੜ੍ਹਾਈ ਹੋ ਜਾਂਦੀ ਹੈ। ਬ੍ਰਾਹਮਣਾਂ ਨੇ ਉਹਦੇ ਰਾਜ ਕਾਲ ਵਿੱਚ 8 ਲੱਖ 40 ਹਜ਼ਾਰ ਬੁੱਧ ਸਤੂਪਾਂ ਨੂੰ ਤਹਿਸ-ਨਹਿਸ ਕੀਤਾ ਸੀ। ਹਜ਼ਾਰਾਂ ਬੋਧੀ ਮੱਠਾਂ ਨੂੰ ਮੰਦਰਾਂ ਵਿੱਚ ਤਬਦੀਲ ਕਰ ਦਿੱਤਾ। ਇਕ ਬੋਧੀ ਭਿਖਸ਼ੂ ਦਾ ਸਿਰ ਵੱਢ ਕੇ ਲਿਆਉਣ ਉਤੇ ਸੋਨੇ ਦੀਆਂ ਮੋਹਰਾਂ ਦਾ ਵਿਸ਼ੇਸ਼ ਇਨਾਮ ਮਿਲਦਾ ਸੀ। ਹਜ਼ਾਰਾਂ ਬੋਧੀ ਭਿਖਸ਼ੂਆਂ ਦਾ ਕਤਲੇਆਮ ਉਸੇ ਦੌਰ ਵਿੱਚ ਹੋਇਆ। ਬੁੱਧ ਧਰਮ ਦਾ ਕਤਲੇਆਮ ਇਸ ਕਰਕੇ ਹੋਇਆ ਕਿ ਉਹ ਮਨੁੱਖ ਨੂੰ ਗਿਆਨ ਹਾਸਲ ਕਰਨ ਦਾ ਸੰਦੇਸ਼ ਦਿੰਦਾ ਸੀ।

ਮੁਗਲ ਬੇਸ਼ੱਕ ਧਾੜਵੀ ਦੇ ਰੂਪ ਵਿੱਚ ਹੀ ਕਿਉਂ ਨਾ ਆਏ ਹੋਣ। ਉਨ੍ਹਾਂ ਇਸਲਾਮ ਧਰਮ ਤਲਵਾਰ ਦੇ ਜ਼ੋਰ ਨਾਲ ਨਹੀਂ ਫੈਲਾਇਆ। ਇਸਲਾਮ ਧਰਮ ਨੂੰ ਫੈਲਾਉਣ ਵਿੱਚ ਸੂਫ਼ੀ ਪਰੰਪਰਾ ਦੀ ਅਹਿਮ ਭੂਮਿਕਾ ਰਹੀ ਹੈ ਅਤੇ ਇਸਲਾਮ ਧਰਮ ਦੇ ਪਸਰਨ ਲਈ ਜ਼ਮੀਨ ਤਾਂ ਬ੍ਰਾਹਮਣੀ ਅਸੱਭਿਆਚਾਰ ਨੇ ਹੀ ਤਿਆਰ ਕਰਕੇ ਦਿੱਤੀ, ਜਿਸ ਵਿੱਚ ਜਾਤ-ਪਾਤ, ਉਚ-ਨੀਚ ਦਾ ਬੋਲਬਾਲਾ ਸੀ। ਹਰ ਮਨੁੱਖ ਬਰਾਬਰ ਦਾ ਸਤਿਕਾਰ ਚਾਹੁੰਦਾ ਹੈ। ਜਿਥੇ ਤ੍ਰਿਸਕਾਰ ਹੋਵੇਗਾ, ਉਹ ਉਸ ਤੋਂ ਖਹਿਣਾ ਛੁਡਾਵੇਗਾ ਹੀ । ਭਗਤੀ ਲਹਿਰ ਤੇ ਸਿੱਖ ਲਹਿਰ ਦੀ ਵੀ ਇਹੋ ਭੂਮਿਕਾ ਰਹੀ ਹੈ।

ਵੈਸੇ ਵੀ ਹਿੰਦੂ ਨਾ ਕੋਈ ਧਰਮ ਹੈ, ਨਾ ਹੀ ਸ਼ਬਦ ਹੈ। ਇੰਦੂ ਦਾ ਉਚਾਰ ਵਿੱਚ ਵਿਗੜਿਆ ਹੋਇਆ ਰੂਪ ਹੈ ਹਿੰਦੂ ਭਾਈਚਾਰਾ, ਸੱਭਿਆਚਾਰ ਤੇ ਇਤਿਹਾਸ ਨੂੰ ਤਬਾਹ ਕਰਨ ਤੇ ਲੋਕਾਈ ਨੂੰ ਵਿਚਾਰ ਵਿਹੂਣੀ ਕਰਕੇ ਗ੍ਰਹਿ ਯੁੱਧ ਵੱਲ ਧੱਕਣ ਦੀ ਸਾਜ਼ਿਸ਼ ਨੂੰ ਸਮਝਣਾ ਪਵੇਗਾ।

(ਅਗਲੇਰੀ ਕਿਸ਼ਤ 1949 ਤੋਂ ਪਿੱਛੋਂ ਦਾ ਵਿਵਾਦ ਤੇ ਅਯੁੱਧਿਆ)

**# ਸੰਪਰਕ : 93544-30211**

## ਭਾਰਤ 'ਚ ਕੈਂਸਰ ਤੋਂ ਪੀੜਤ 30 ਲੱਖ ਲੋਕ, 11 ਲੱਖ ਨਵੇਂ ਮਾਮਲੇ : ਮਾਹਰ

**ਨਵਾਂਸ਼ਹਿਰ (ਮਨੋਜ ਲਾਡੀ)**-"ਭਾਰਤ ਵਿੱਚ 30 ਲੱਖ ਲੋਕ ਕੈਂਸਰ ਤੋਂ ਪੀੜਤ ਹਨ, ਜਿਨ੍ਹਾਂ ਵਿੱਚੋਂ 11 ਲੱਖ ਨਵੇਂ ਕੇਸ ਹਨ। ਭਾਰਤ ਵਿੱਚ ਹਰ ਸਾਲ ਕੈਂਸਰ ਨਾਲ 5 ਲੱਖ ਲੋਕਾਂ ਦੀ ਮੌਤ ਹੋ ਜਾਂਦੀ ਹੈ। ਭਾਰਤ ਵਿੱਚ ਔਰਤਾਂ ਵਿੱਚ ਛਾਤੀ ਅਤੇ ਸਰਵਾਈਕਲ ਕੈਂਸਰ ਸਭ ਤੋਂ ਆਮ ਕੈਂਸਰ ਹਨ, ਜਦੋਂ ਕਿ ਮਰਦਾਂ ਵਿੱਚ ਫੇਫੜਿਆਂ ਅਤੇ ਜਿਗਰ ਦਾ ਕੈਂਸਰ ਸਭ ਤੋਂ ਆਮ ਹੈ।" ਆਈ ਵੀ ਵਾਈ ਹਸਪਤਾਲ ਦੇ ਸੀਨੀਅਰ ਮੈਡੀਕਲ ਓਨਕੋਲੋਜਿਸਟ ਡਾ. ਜਤਿਨ ਸਰੀਨ ਨੇ ਦੱਸਿਆ ਕਿ ਕੁਝ ਦਹਾਕੇ ਪਹਿਲਾਂ ਬ੍ਰੈਸਟ ਕੈਂਸਰ ਪੰਜਾਹ ਸਾਲ ਦੀ ਉਮਰ ਤੋਂ ਬਾਅਦ ਹੀ ਦੇਖਿਆ ਜਾਂਦਾ ਸੀ ਅਤੇ ਇਸ ਬਿਮਾਰੀ ਤੋਂ ਪੀੜਤ ਨੌਜਵਾਨ ਔਰਤਾਂ ਦੀ ਗਿਣਤੀ ਘੱਟ ਸੀ। 70% ਮਰੀਜ਼ 50 ਸਾਲ ਤੋਂ ਵੱਧ ਉਮਰ ਦੇ ਸਨ ਅਤੇ ਸਿਰਫ 30 ਤੋਂ 35% ਔਰਤਾਂ 50 ਸਾਲ ਤੋਂ ਘੱਟ ਉਮਰ ਦੀਆਂ ਸਨ। ਹਾਲਾਂਕਿ ਵਰਤਮਾਨ ਵਿੱਚ, ਛਾਤੀ ਦਾ ਕੈਂਸਰ ਛੋਟੀ ਉਮਰ ਵਿੱਚ ਵਧੇਰੇ ਆਮ ਹੈ ਅਤੇ ਸਾਰੇ ਕੇਸਾਂ ਵਿੱਚੋਂ 50% 25 ਤੋਂ 50 ਸਾਲ ਦੀ ਉਮਰ ਵਿੱਚ ਹਨ। ਸੀਨੀਅਰ ਸਰਜੀਕਲ ਓਨਕੋਲੋਜਿਸਟ ਡਾ. ਵਿਜੇ ਬਾਂਸਲ ਨੇ ਕਿਹਾ ਕਿ ਭਾਰਤ ਵਿਚ ਮੂੰਹ ਦੇ ਕੈਂਸਰ ਦਾ ਵਿਸ਼ਵ ਪੱਧਰ 'ਤੇ ਸਭ ਤੋਂ ਵੱਧ ਪ੍ਰਚਲਨ ਹੈ, ਹਰ ਸਾਲ ਅਜਿਹੇ ਕੈਂਸਰ ਦੇ 75,000 ਤੋਂ 80,000 ਨਵੇਂ ਮਾਮਲੇ ਸਾਹਮਣੇ ਆਉਂਦੇ ਹਨ। ਦੇਸ਼ ਵਿੱਚ ਮੂੰਹ ਦੇ ਕੈਂਸਰ ਦੇ 90 ਪ੍ਰਤੀਸ਼ਤ ਮਾਮਲਿਆਂ ਵਿੱਚ ਤੰਬਾਕੂ ਅਤੇ ਗੁਟਖਾ ਚਬਾਉਣ ਦਾ ਯੋਗਦਾਨ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਅੱਜ ਕੱਲ੍ਹ ਕੈਂਸਰ ਦੀਆਂ ਜ਼ਿਆਦਾਤਰ ਸਰਜਰੀਆਂ ਲੈਪਰੋਸਕੋਪਿਕ ਤਰੀਕੇ ਨਾਲ ਕੀਤੀਆਂ ਜਾ ਸਕਦੀਆਂ ਹਨ, ਜਿਸ ਕਾਰਨ ਮਰੀਜ਼ ਜਲਦੀ ਠੀਕ ਹੋ ਜਾਂਦੇ ਹਨ। ਮੈਡੀਕਲ ਓਨਕੋਲੋਜਿਸਟ ਡਾ. ਪ੍ਰਿਯਾਂਸ਼ੂ ਚੌਧਰੀ ਨੇ ਕਿਹਾ: ਇੱਕ ਤਿਹਾਈ ਕੈਂਸਰਾਂ ਨੂੰ ਜੀਵਨ ਸ਼ੈਲੀ ਵਿੱਚ ਤਬਦੀਲੀਆਂ ਨਾਲ ਰੋਕਿਆ ਜਾ ਸਕਦਾ ਹੈ। ਛਾਤੀ ਦੇ ਕੈਂਸਰ ਦੇ ਕੇਸਾਂ ਨੂੰ ਸ਼ੁਰੂਆਤੀ ਪੜਾਅ 'ਤੇ ਘਟਾਉਣ ਲਈ ਛਾਤੀ ਦੀ ਸਵੈ-ਜਾਂਚ ਅਤੇ ਮੈਮੋਗ੍ਰਾਫੀ ਇੱਕ ਚੰਗੀ ਤਕਨੀਕ ਹੈ ਅਤੇ ਛਾਤੀ ਦਾ ਐਕਸ-ਰੇ ਅਤੇ ਵਰਗੇ ਸਧਾਰਨ ਟੈਸਟ ਫੇਫੜਿਆਂ ਦੇ ਕੈਂਸਰ ਅਤੇ ਪ੍ਰੋਸਟੇਟ ਕੈਂਸਰ ਦਾ ਸ਼ੁਰੂਆਤੀ ਪੜਾਅ 'ਤੇ ਪਤਾ ਲਗਾਉਣ ਵਿੱਚ ਮਦਦ ਕਰ ਸਕਦੇ ਹਨ। ਸੀਨੀਅਰ ਰੇਡੀਏਸ਼ਨ ਓਨਕੋਲੋਜਿਸਟ ਡਾ. ਮੀਨਾਕਸ਼ੀ ਮਿੱਤਲ ਨੇ ਕਿਹਾ ਕਿ ਅਗਲੇ ਦੋ ਦਹਾਕਿਆਂ ਵਿੱਚ ਕੈਂਸਰ ਦੇ ਨਵੇਂ ਕੇਸਾਂ ਦੀ ਗਿਣਤੀ ਵਿੱਚ ਲਗਭਗ 70 ਪ੍ਰਤੀਸ਼ਤ ਵਾਧਾ ਹੋਣ ਦੀ ਉਮੀਦ ਹੈ।

## ਰਮੇਸ਼ ਕਲੇਰ ਨੂੰ 'ਮਾਣ ਪੰਜਾਬੀਆਂ ਦਾ' ਐਵਾਰਡ ਨਾਲ ਨਿਵਾਜ਼ਿਆ

**ਫਗਵਾੜਾ (ਇੰਦਰਜੀਤ ਸਿੰਘ ਮਠਾੜੂ)** ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਫਗਵਾੜਾ ਵਲੋਂ ਪ੍ਰਵਾਸੀ ਭਾਰਤੀ ਅਤੇ ਉੱਘੇ ਪ੍ਰਮੋਟਰ ਰਮੇਸ਼ ਕਲੇਰ (ਯੂ.ਕੇ.) ਨੂੰ 'ਮਾਣ ਪੰਜਾਬੀਆਂ ਦਾ' ਅਵਾਰਡ ਨਾਲ ਨਵਾਜਿਆ ਗਿਆ। ਇਹ ਅਵਾਰਡ ਉਹਨਾਂ ਨੂੰ ਪੰਜਾਬ ਫੇਰੀ ਦੌਰਾਨ ਸਥਾਨਕ ਕੇ.ਜੀ. ਰਿਜੋਰਟ ਵਿਖੇ ਆਯੋਜਿਤ ਸੰਖੇਪ ਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਪ੍ਰਦਾਨ ਕੀਤਾ ਗਿਆ। ਵਧੇਰੇ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਪ੍ਰਧਾਨ ਗੀਤ ਪ੍ਰੀਤ ਪਾਲ ਸਿੰਘ ਨੇ ਦੱਸਿਆ ਕਿ ਸਨਮਾਨ ਵਜੋਂ ਰਮੇਸ਼ ਕਲੇਰ ਨੂੰ ਟੈਗ ਦੇ ਨਾਲ ਪੰਜਾਬੀ ਵਿਰਸੇ ਦਾ ਪ੍ਰਤੀਕ ਖੂੰਡਾ ਵੀ ਭੇਂਟ ਕੀਤਾ ਗਿਆ। ਉਹਨਾਂ ਦੱਸਿਆ ਕਿ ਰਮੇਸ਼ ਕਲੇਰ ਦਾ ਵਿਦੇਸ਼ਾਂ ਵਿਚ ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਵਿਰਸੇ ਨੂੰ ਪ੍ਰਫੁੱਲਤ ਕਰਨ ਵਿਚ ਵਢਮੁੱਲਾ ਯੋਗਦਾਨ ਹੈ। ਇਸ ਤੋਂ ਇਲਾਵਾ ਉਹ ਮੀਡੀਆ ਨਾਲ ਵੀ ਜੁੜੇ ਹਨ। ਉਹਨਾਂ ਕਿਹਾ ਕਿ ਸਾਰੇ ਪੰਜਾਬ ਨੂੰ ਰਮੇਸ਼ ਕਲੇਰ ਅਤੇ ਉਹਨਾਂ ਵਰਗੇ ਹੋਰ ਐਨ.ਆਰ.ਆਈ. ਵੀਰਾਂ ਉੱਪਰ ਮਾਣ ਹੈ ਜੋ ਵਿਦੇਸ਼ ਦੀ ਧਰਤੀ ਤੇ ਰਹਿੰਦੇ ਹੋਏ ਪੰਜਾਬੀ ਸੱਭਿਆਚਾਰ ਤੇ ਮਾਂ ਬੋਲੀ ਨੂੰ ਪ੍ਰਫੁੱਲਤ ਕਰ ਰਹੇ ਹਨ। ਉਹਨਾਂ ਦੱਸਿਆ ਕਿ ਸਮਾਗਮ ਦੌਰਾਨ ਰਮੇਸ਼ ਕਲੇਰ ਤੋਂ ਇਲਾਵਾ ਸਮਾਜ ਸੇਵਕ ਜਗਜੀਤ ਕੁਲਥਮ ਦਾ ਵੀ ਸਨਮਾਨ ਕੀਤਾ ਗਿਆ। ਇਸ ਮੌਕੇ ਰਮੇਸ਼ ਕਲੇਰ ਨੇ ਸੁਸਾਇਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਸਨਮਾਨ ਨਾਲ ਉਹਨਾਂ ਦੀ ਬਹੁਤ ਹੌਸਲਾ ਅਫਜਾਈ ਹੋਈ ਹੈ ਅਤੇ ਉਹ ਭਵਿੱਖ ਵਿਚ ਹੋਰ ਵੀ ਤਨਦੇਹੀ ਨਾਲ ਪੰਜਾਬੀ ਸੱਭਿਆਚਾਰ ਅਤੇ ਮਾਂ ਬੋਲੀ ਨੂੰ ਵਿਦੇਸ਼ਾਂ ਵਿਚ ਫੈਲਾਉਂਦੇ ਰਹਿਣਗੇ। ਇਸ ਮੌਕੇ ਸੁਸਾਇਟੀ ਦੇ ਜਨਰਲ ਸਕੱਤਰ ਸਲਵਿੰਦਰ ਸਿੰਘ ਜੱਸੀ, ਕੈਵਿਨ ਸਿੰਘ, ਦੇਵ ਵਿਰਕ, ਰਸ਼ਪਾਲ ਸਿੰਘ ਸਿੱਧੂ, ਪੂਜਾ ਸਾਹਨੀ, ਗੀਟਾ ਸਿੱਧੂ, ਗੁਰਮੀਤ ਚੀਮਾ ਖੰਨਾ, ਨੀਲਮ ਹਾਂਡਾ, ਰਜਨੀ ਸੋਂਧੀ, ਸੋਵਿਤਾ ਸਾਹਨੀ, ਸੁਨੈਨਾ ਸਾਹਨੀ, ਬਬੀਤਾ ਬੇਬੀ, ਪਰਸ਼ੁਭਮ ਸਾਹਨੀ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।

3-FEB-PAGE-10.qxd 2/2/2024 9:32 PM Page 1



# ਕਿਸਾਨਾਂ ਦੀਆਂ ਮੰਗਾਂ ਨੂੰ ਅਣਗੌਲੇ ਕਰਨ ਵਿਰੁੱਧ ਰੋਸ ਵਿਖਾਵਾ

### ਮੰਗਾਂ ਦਾ ਹੱਲ ਨਾ ਹੋਣ 'ਤੇ ਐਕਸਪ੍ਰੈੱਸ ਵੇਅ ਦਾ ਕੰਮ ਰੋਕਣ ਦਾ ਐਲਾਨ



ਘੱਗਾ ਵਿਖੇ ਰੋਸ ਪ੍ਰਦਰਸ਼ਨ ਕਰਦੇ ਹੋਏ ਕਿਸਾਨ।

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਦਿੱਲੀ-ਜੰਮੂ-ਕਟੜਾ ਐਕਸਪ੍ਰੈੱਸ ਵੇਅ ਲਈ ਐਕੁਆਇਰ ਕੀਤੀਆਂ ਗਈਆਂ ਜ਼ਮੀਨਾਂ ਦੇ ਮਾਲਕ ਕਿਸਾਨਾਂ ਵੱਲੋਂ ਆਪਣੀਆਂ ਮੰਗਾਂ ਦੇ ਹੱਲ ਲਈ ਬਣਾਈ ਗਈ ਰੋਡ ਕਿਸਾਨ ਸੰਘਰਸ਼ ਕਮੇਟੀ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਵੱਲੋਂ ਕਿਸਾਨਾਂ ਦੀਆਂ ਬਕਾਇਆ ਮੰਗਾਂ ਨੂੰ ਲੈ ਕੇ ਪਾਤੜਾਂ-ਪਟਿਆਲਾ ਮੁੱਖ ਸੜਕ ਉੱਤੇ ਐਕਸਪ੍ਰੈੱਸ ਵੇਅ ਵਾਲੀ ਥਾਂ 'ਤੇ ਘੱਗਾ ਵਿਖੇ ਰੋਸ ਧਰਨਾ ਦਿੱਤਾ ਗਿਆ।ਇਸ ਦੌਰਾਨ ਇਕੱਤਰ ਕਿਸਾਨਾਂ ਨੇ ਨੈਸ਼ਨਲ ਹਾਈਵੇ ਅਥਾਰਟੀ ਤੇ ਪ੍ਰਸ਼ਾਸਨ ਵੱਲੋਂ ਕਿਸਾਨਾਂ ਦੀਆਂ ਮੰਗਾਂ ਨੂੰ ਅਣਗੌਲੇ ਕਰਨ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।ਇਸ ਦੌਰਾਨ ਨਾਇਬ ਤਹਿਸੀਲਦਾਰ ਪਾਤੜਾਂ ਰਾਜਵਰਿੰਦਰ ਸਿੰਘ ਧਨੋਆ ਤੇ ਨੈਸ਼ਨਲ ਹਾਈਵੇ ਅਥਾਰਟੀ ਦੇ ਐੱਸ ਡੀ ਓ ਕਨਿਸ਼ਕ ਡਾਂਗੀ ਨੇ ਮੌਕੇ ਉੱਤੇ ਪਹੁੰਚ ਕੇ ਕਿਸਾਨਾਂ ਤੋਂ ਮੰਗ ਪੱਤਰ ਹਾਸਲ ਕਰਦਿਆਂ ਐੱਸ ਡੀ ਐੱਮ ਪਾਤੜਾਂ ਨਾਲ ਮੀਟਿੰਗ ਦਾ ਭਰੋਸਾ ਦਿੱਤਾ।ਉਪਰੰਤ ਪ੍ਰਦਰਸ਼ਨਕਾਰੀਆਂ ਵੱਲੋਂ ਮੰਗਾਂ ਦਾ ਹੱਲ ਨਾ ਹੋਣ 'ਤੇ 6 ਫਰਵਰੀ ਅਣਮਿੱਥੇ ਸਮੇਂ ਦਾ ਧਰਨਾ ਦੇ ਕੇ ਐਕਸਪ੍ਰੈੱਸ ਵੇਅ ਦਾ ਕੰਮ ਰੋਕਣ ਦਾ ਐਲਾਨ ਕਰ ਦਿੱਤਾ ਗਿਆ।

ਰੋਸ ਪ੍ਰਦਰਸ਼ਨ ਦੀ ਅਗਵਾਈ ਕਰ ਰਹੇ ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਬਲਾਕ ਆਗੂ ਗੁਰਮੇਲ ਸਿੰਘ ਘੱਗਾ ਤੇ ਰੋਡ ਕਿਸਾਨ ਸੰਘਰਸ਼ ਕਮੇਟੀ ਪਟਿਆਲਾ ਜਨਰਲ ਸਕੱਤਰ ਅਮਰਿੰਦਰ ਸਿੰਘ ਘੱਗਾ ਨੇ ਕਿਹਾ ਕਿ ਜ਼ਮੀਨ ਐਕੁਆਇਰ ਕਰਨ ਵੇਲੇ ਨੈਸ਼ਨਲ ਹਾਈਵੇ ਅਥਾਰਟੀ ਤੇ ਪ੍ਰਸ਼ਾਸਨ ਨੇ ਕਿਸਾਨਾਂ ਨਾਲ ਵਾਅਦੇ ਕੀਤੇ ਸਨ, ਪਰ ਕਿਸਾਨਾਂ ਦੀਆਂ ਮੰਗਾਂ ਵੱਲ ਹੁਣ ਪ੍ਰਸ਼ਾਸਨ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।ਉਨ੍ਹਾਂ ਮੰਗ ਕੀਤੀ ਕਿ ਕਮਿਸ਼ਨਰ-ਕਮ-ਆਰਬੀਟੇਟਰ ਕੋਲ ਜਿਹੜੇ ਕਿਸਾਨਾਂ ਦੇ ਕੇਸ ਲੱਗੇ ਹੋਏ ਜਾਂ ਲੱਗਣੇ ਹਨ, ਉਨ੍ਹਾਂ ਪਿੰਡਾਂ ਦਾ ਐਵਾਰਡ ਮਾਰਕੀਟ ਰੇਟ ਅਨੁਸਾਰ ਕੀਤੇ ਜਾਣ, ਹਰੀਜਨ ਸੁਸਾਇਟੀ ਦੀ ਜ਼ਮੀਨ ਦੀ ਪੇਮੈਂਟ ਕਾਬਜ਼ਕਾਰ ਤੇ ਕਾਸ਼ਤਕਾਰ ਕਿਸਾਨਾਂ ਨੂੰ ਤੁਰੰਤ ਜਾਰੀ ਕੀਤੀ ਜਾਵੇ।ਜਿਹੜੇ ਕਿਸਾਨਾਂ ਦੀ ਜ਼ਮੀਨ ਦੀ ਪੇਮੈਂਟ ਕੋਰਟ ਵਿੱਚ ਚਲੀ ਗਈ ਸੀ, ਉਨ੍ਹਾਂ ਵਿੱਚੋਂ ਜਿਹੜੇ ਕਿਸਾਨਾਂ ਦੇ ਮਸਲੇ ਪੰਚਾਇਤੀ ਤੌਰ 'ਤੇ ਹੱਲ ਹੋ ਚੁੱਕੇ ਹਨ, ਉਨ੍ਹਾਂ ਦੇ ਕੇਸ ਖਾਰਿਜ ਕਰਕੇ ਪੇਮੈਂਟ ਤੁਰੰਤ ਜਾਰੀ ਕੀਤੀ ਜਾਵੇ ਅਤੇ ਕਾਲਾ ਕਮੇਟੀ ਦੀ ਜੋ ਪੇਮੈਂਟ ਅਦਾਲਤ ਵੱਲੋਂ ਐੱਨ ਐੱਚ 71 ਦੇ ਕੇਸ ਨਾਲ ਲਗਾ ਕੇ ਫਰੀਜ਼ ਕੀਤੀ ਗਈ ਹੈ, ਉਸ ਵਜ੍ਹਾ ਨਾਲ ਕਿਸਾਨਾਂ ਦੀ ਜੰਮੂ-ਕੱਟੜਾ ਰੋਡ ਦੀ ਪੇਮੈਂਟ ਰੁਕੀ ਹੋਈ ਹੈ।ਐੱਨ ਐੱਚ ਏ ਆਈ ਉਕਤ ਰਾਸ਼ੀ ਦੁਬਾਰਾ ਜਾਰੀ ਕਰਕੇ ਕਿਸਾਨਾਂ ਨੂੰ ਪੇਮੈਂਟ ਕਰਨ ਦੇ ਨਾਲ ਨਾਲ ਜਿਹੜੇ ਕਿਸਾਨਾਂ ਦੇ ਰਸਤੇ ਕੱਟੇ ਗਏ ਹਨ, ਉਹ ਰਸਤੇ ਨਕਸ਼ੇ ਵਿੱਚ ਪੱਕੇ ਤੌਰ 'ਤੇ ਲਗਾ ਕੇ ਤੇ ਸਬੰਧਤ ਅਧਿਕਾਰੀਆਂ ਦੀਆਂ ਅਪਰੂਵਲ ਰਾਹੀਂ ਡਾਇਰੀ ਨੰਬਰ ਲਗਾ ਕੇ ਪੱਤਰ ਜਾਰੀ ਕਰਕੇ ਦਿੱਤੇ ਜਾਣ ਅਤੇ ਰਸਤਿਆਂ ਦੀ ਗਿਰਦਾਵਰੀ ਪੰਚਾਇਤਾਂ ਦੇ ਨਾਮ ਕਰਵਾਈ ਜਾਵੇ।

ਖੇਤਾਂ ਨੂੰ ਨਹਿਰੀ ਪਾਣੀ ਦੇਣ ਲਈ ਬਣੇ ਖਾਲ ਹਾਈਵੇ ਬਣਨ ਕਾਰਨ ਬੰਦ ਹੋ ਰਹੇ ਹਨ ਸਾਰੇ ਨਹਿਰੀ ਖਾਲ ਬਹਾਲ ਕੀਤੇ ਜਾਣ।ਕਿਸਾਨਾਂ ਦੀਆਂ ਮੋਟਰਾਂ ਦੇ ਪਾਣੀ ਵਾਲੀਆਂ ਜਿਹੜੀਆਂ ਪਾਈਪ ਲਾਈਨਾਂ ਬੰਦ ਜਾਂ ਖਰਾਬ ਹੋਈਆਂ, ਉਨ੍ਹਾ ਦੀ ਅਸੈਸਮੈਂਟ ਕਰਕੇ ਮੁਆਵਜ਼ਾ ਦਿੱਤਾ ਜਾਵੇ।ਮਿਸ ਖਸਰਾ ਨੰਬਰਾਂ ਦੀ ਪੇਮੈਂਟ ਰਹਿ ਚੁੱਕੇ ਸਟਰੱਕਚਰ ਫਲਦਾਰ ਪੌਦੇ ਦਰੱਖਤ ਤੇ ਬੋਰਾਂ ਦਾ ਐਵਾਰਡ ਤੁਰੰਤ ਕੀਤਾ ਜਾਵੇ।ਹੜ੍ਹ ਪ੍ਰਭਾਵਿਤ ਇਲਾਕੇ ਵਿੱਚ ਐਲੀਵੇਟਡ ਰੋਡ ਬਣਾਇਆ ਜਾਵੇ ਤੇ ਜਿਹੜੇ ਅੰਡਰਪਾਸ ਨੀਵੇਂ ਬਣੇ ਹਨ ਤੇ ਬਰਸਾਤੀ ਪਾਣੀ ਖੜਦਾ ਹੈ, ਉਹ ਰਸਤੇ ਦੇ ਲੈਵਲ 'ਤੇ ਬਣਾਏ ਜਾਣ ਅਤੇ ਕਿਸਾਨਾਂ ਦੇ ਟਿਊਬਵੈੱਲ ਕੁਨੈਕਸ਼ ਬਿਨਾਂ ਖਰਚ ਤੋਂ ਸ਼ਿਫਟ ਕਰਵਾਏ ਜਾਣ।ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਦਿਆਲ ਸਿੰਘ, ਗਗਨਦੀਪ ਸਿੰਘ, ਰਛਪਾਲ ਸਿੰਘ ਢੋਟ, ਜਗਤਾਰ ਸਿੰਘ ਤੇ ਪ੍ਰੀਤਮ ਸਿੰਘ ਆਦਿ ਹਾਜ਼ਰ ਸਨ।

# ਦੇਸ਼ ਭਗਤ ਯੂਨੀਵਰਸਿਟੀ ਵਿਖੇ ਐੱਨ ਐੱਸ ਐੱਸ ਯੂਨਿਟ ਵੱਲੋਂ 'ਕਲੀਨ ਇੰਡੀਆ-ਗਰੀਨ ਇੰਡੀਆ' ਸਮਾਗਮ



ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਦੇਸ਼ ਭਗਤ ਯੂਨੀਵਰਸਿਟੀ ਵਿਖੇ ਫੈਕਲਟੀ ਆਫ਼ ਫਾਰਮੇਸੀ ਦੇ ਸਹਿਯੋਗ ਨਾਲ ਐੱਨ ਐੱਸ ਐੱਸ ਯੂਨਿਟ ਵੱਲੋਂ 'ਐੱਨ ਐੱਸ ਐੱਸ ਕੈਂਪ-ਕਲੀਨ ਇੰਡੀਆ-ਗਰੀਨ ਇੰਡੀਆ' ਦਾ ਸਫ਼ਲਤਾਪੂਰਵਕ ਆਯੋਜਨ ਕੀਤਾ ਗਿਆ।ਇਸ ਸਮਾਗਮ ਵਿੱਚ ਸਫ਼ਾਈ ਤੇ ਪੌਦੇ ਲਗਾਉਣ ਦੀ ਮੁਹਿੰਮ ਵਰਗੀਆਂ ਗਤੀਵਿਧੀਆਂ ਸ਼ਾਮਲ ਸਨ, ਜਿਸ ਵਿੱਚ ਸਕੂਲ ਆਫ਼ ਫਾਰਮੇਸੀ, ਸਰਦਾਰ ਲਾਲ ਸਿੰਘ ਮੈਮੋਰੀਅਲ ਕਾਲਜ ਆਫ਼ ਫਾਰਮੇਸੀ ਤੇ ਐੱਮ ਜੇ ਕੇ ਕਾਲਜ ਆਫ਼ ਫਾਰਮੇਸੀ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ।ਇਹ ਪ੍ਰੋਗਰਾਮ ਕਰਵਾਉਣ ਦਾ ਉਦੇਸ਼ ਨੌਜਵਾਨਾਂ ਨੂੰ ਪ੍ਰੇਰਿਤ ਕਰਕੇ ਤੇ ਸਵੱਛਤਾ ਦੇ ਵਿਚਾਰ ਨੂੰ ਫੈਲਾ ਕੇ ਦੇਸ਼ ਨੂੰ ਸਾਫ਼ ਰੱਖਣਾ ਹੈ।ਇਸ ਸਮਾਗਮ ਦਾ ਉਦਘਾਟਨ ਡਾ. ਜ਼ੋਰਾ ਸਿੰਘ ਚਾਂਸਲਰ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਪ੍ਰੋ. ਡਾ. ਅਭਿਜੀਤ ਜੋਸ਼ੀ ਨੇ ਕੀਤਾ।ਸਕੂਲ ਆਫ ਫਾਰਮੇਸੀ ਦੀ ਪ੍ਰਿੰਸੀਪਲ ਡਾ. ਪੂਜਾ ਗੁਲਾਟੀ ਨੇ ਸਵਾਗਤੀ ਭਾਸ਼ਣ ਦਿੰਦੇ ਹੋਏ ਵਿਦਿਆਰਥੀਆਂ ਨੂੰ ਸਰਗਰਮੀ ਨਾਲ ਭਾਗ ਲੈਣ ਲਈ ਪ੍ਰੇਰਿਤ ਕੀਤਾ ਤੇ ਤਿਉਹਾਰ ਦੀ ਮਹੱਤਤਾ ਬਾਰੇ ਚਾਨਣਾ ਪਾਇਆ।ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਇਸ ਸਮਾਗਮ ਦਾ ਉਦੇਸ਼ ਸਵੱਛਤਾ ਪ੍ਰਤੀ ਜਾਗਰੂਕਤਾ ਨੂੰ ਉਤਸ਼ਾਹਤ ਕਰਨਾ ਤੇ ਵਾਤਾਵਰਨ ਪ੍ਰਦੂਸ਼ਣ ਅਤੇ ਬਰਬਾਦੀ ਕਾਰਨ ਪੈਦਾ ਹੋਣ ਵਾਲੇ ਸਿਹਤ ਸਮੱਸਿਆਵਾਂ ਬਾਰੇ ਜਾਗਰੂਕ ਕਰਨਾ ਹੈ।

ਪ੍ਰੋ-ਚਾਂਸਲਰ ਡਾ.ਤਜਿੰਦਰ ਕੌਰ ਨੇ ਇਸ ਸਮਾਗਮ ਦੇ ਸਫਲ ਆਯੋਜਨ ਲਈ ਪਲੇਸਬੋ ਕਲੱਬ ਦੇ ਸਟਾਫ਼, ਵਿਦਿਆਰਥੀਆਂ ਤੇ ਮੈਂਬਰਾਂ ਨੂੰ ਵਧਾਈ ਦਿੱਤੀ।ਉਪ ਪ੍ਰਧਾਨ ਡਾ: ਹਰਸ਼ ਸਦਾਵਰਤੀ ਨੇ ਫੈਕਲਟੀ ਆਫ਼ ਫਾਰਮੇਸੀ ਦੇ ਵਿਦਿਆਰਥੀਆਂ ਤੇ ਈਕੋ ਕਲੱਬ ਦੇ ਯਤਨਾਂ ਦੀ ਸ਼ਲਾਘਾ ਕੀਤੀ। ਐੱਮ ਜੇ ਕੇ ਕਾਲਜ ਆਫ਼ ਫਾਰਮੇਸੀ ਦੇ ਪ੍ਰਿੰਸੀਪਲ ਕੁਸ਼ਪਾਲ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਤ ਕੀਤਾ।ਸ. ਲਾਲ ਸਿੰਘ ਮੈਮੋਰੀਅਲ ਕਾਲਜ ਆਫ਼ ਫਾਰਮੇਸੀ ਦੇ ਪ੍ਰਿੰਸੀਪਲ ਡਾ: ਸ਼ੈਲੇਸ਼ ਗੁਪਤਾ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ।ਸਮਾਗਮ ਦੇ ਕੋਆਰਡੀਨੇਟਰ ਓਸ਼ੀਨਾ ਸਨ।

## ਕਾਤਰਾਂ

### ਵੀਜ਼ਨ ਦੇ ਵਿਦਿਆਰਥੀ ਨੇ ਪੀ ਟੀ ਈ 'ਚੋਂ ਓਵਰਆਲ 55 ਸਕੋਰ ਪ੍ਰਾਪਤ ਕੀਤੇ



ਬਾਘਾ ਪੁਰਾਣਾ (ਮਨੀ ਸਿੰਗਲਾ)-ਬਾਘਾ ਪੁਰਾਣਾ ਦੇ ਮੇਨ ਬੱਸ ਸਟੈਂਡ ਵਿੱਚ ਸਥਿਤ ਇਲਾਕੇ ਦਾ ਨਾਮਵਰ ਸੈਂਟਰ ਵੀਜ਼ਨ ਐਜੂਕੇਸ਼ਨ ਐਂਡ ਇਮੀਗ੍ਰੇਸ਼ਨ ਦੇ ਡਾਇਰੈਕਟਰ ਯਾਦਵਿੰਦਰ ਸਿੰਘ ਬਰਾੜ, ਇਕਬਾਲ ਸਿੰਘ ਢਿੱਲੋਂ ਤੇ ਨੰਦ ਸਿੰਘ ਬਰਾੜ ਨੇ ਦੱਸਿਆ ਕਿ ਗੌਰਵ ਸਿੰਗਲਾ ਪੁੱਤਰ ਭੂਸ਼ਣ ਕੁਮਾਰ ਵਾਸੀ ਬਾਘਾ ਪੁਰਾਣਾ ਨੇ ਪੀ ਟੀ ਈ ਵਿੱਚੋਂ ਓਵਰਆਲ 55 ਸਕੋਰ ਪ੍ਰਾਪਤ ਕਰਕੇ ਆਪਣਾ ਤੇ ਸੈਂਟਰ ਦਾ ਨਾਮ ਰੋਸ਼ਨ ਕੀਤਾ।ਇਸ ਮੌਕੇ ਯਾਦਵਿੰਦਰ ਸਿੰਘ ਬਰਾੜ ਤੇ ਇਕਬਾਲ ਸਿੰਘ ਢਿੱਲੋਂ ਅਤੇ ਨੰਦ ਸਿੰਘ ਬਰਾੜ ਐੱਮ ਸੀ ਨੇ ਗੌਰਵ ਸਿੰਗਲਾ ਤੇ ਉਨ੍ਹਾਂ ਦੇ ਪਰਿਵਾਰ ਨੂੰ ਵਧਾਈ ਦਿੱਤੀ। ਉਨ੍ਹਾ ਦੱਸਿਆ ਕਿ ਇੱਥੇ ਆਈਲੈਟਸ ਦੀ ਤਿਆਰੀ ਆਧੁਨਿਕ ਤੇ ਮਾਹਰ ਅਧਿਆਪਕਾਂ ਦੁਆਰਾ ਕਰਵਾਈ ਜਾਂਦੀ ਹੈ।ਇੱਥੇ ਵਿਦਿਆਰਥੀ ਨੂੰ ਕਲਾਸ ਉਸ ਦੇ ਲੈਵਲ ਦੇ ਹਿਸਾਬ ਨਾਲ ਦਿੱਤੀ ਜਾਂਦੀ ਹੈ।ਹਰੇਕ ਕਮਜ਼ੋਰ ਵਿਦਿਆਰਥੀ ਨੂੰ ਸਪੈਸ਼ਲ ਕਲਾਸਾਂ ਵੀ ਦਿੱਤੀਆਂ ਜਾਂਦੀਆਂ ਹਨ ਤਾਂ ਜੋ ਉਹ ਵਧੀਆ ਬੈਂਡ ਸਕੋਰ ਹਾਸਲ ਕਰਕੇ ਆਪਣਾ ਵਿਦੇਸ਼ ਜਾਣ ਦਾ ਸੁਪਨਾ ਸਾਕਾਰ ਕਰ ਸਕਣ।ਸੰਸਥਾ ਵੱਲੋਂ ਪੀ ਟੀ ਈ ਦੀ ਕੋਚਿੰਗ ਦਾ ਖਾਸ ਪ੍ਰਬੰਧ ਹੈ ਤੇ ਇਥੇ ਸਟੱਡੀ ਵੀਜ਼ਾ, ਵਿਜ਼ਟਰ ਵੀਜ਼ਾ ਤੇ ਓਪਨ ਵਰਕ ਪਰਮਿਟ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਹੈ।ਡਾਇਰੈਕਟਰ ਯਾਦਵਿੰਦਰ ਸਿੰਘ ਬਰਾੜ ਨੇ ਦੱਸਿਆਂ ਕਿ ਸੰਸਥਾ ਵੱਲੋਂ ਵੀਜ਼ੇ ਕਾਨੂੰਨੀ ਤੇ ਪਾਰਦਰਸ਼ੀ ਢੰਗ ਨਾਲ ਲਗਾਏ ਜਾਂਦੇ ਹਨ।

### ਤਹਿਸੀਲਦਾਰ ਤੇ ਨਾਇਬ ਤਹਿਸੀਲਦਾਰ ਨੇ ਅਹੁਦੇ ਸੰਭਾਲੇ



ਜਗਰਾਉਂ (ਸੰਜੀਵ ਅਰੋੜਾ)-ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਮਹਿਕਮਿਆਂ 'ਚ ਕੀਤੀਆਂ ਜਾ ਰਹੀਆਂ ਬਦਲੀਆਂ ਤਹਿਤ ਤਹਿਸੀਲਦਾਰ ਜੀਵਨ ਗਰਗ ਤੇ ਨਾਇਬ ਤਹਿਸੀਲਦਾਰ ਗੁਰਦੀਪ ਸਿੰਘ ਦੀ ਬਦਲੀ ਕੀਤੀ ਗਈ। ਇਨ੍ਹਾਂ ਦੀ ਜਗ੍ਹਾਂ 'ਤੇ ਤਹਿਸੀਲਦਾਰ ਸੁਖਚਰਨ ਸਿੰਘ ਤੇ ਨਾਇਬ ਤਹਿਸੀਲਦਾਰ ਵਿਨੋਦ ਕੁਮਾਰ ਨੂੰ ਨਿਯੁਕਤ ਕੀਤਾ ਗਿਆ। ਤਹਿਸੀਲਦਾਰ ਸੁਖਚਰਨ ਸਿੰਘ ਤੇ ਨਾਇਬ ਤਹਿਸੀਲਦਾਰ ਵਿਨੋਦ ਕੁਮਾਰ ਨੇ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਤੋਂ ਇਲਾਵਾ ਸਿੱਧਵਾਂ ਬੇਟ ਦੇ ਨਾਇਬ ਤਹਿਸੀਲਦਾਰ ਅਮਰਿੰਦਰ ਸਿੰਘ ਨੇ ਵੀ ਆਪਣਾ ਅਹੁਦਾ ਸੰਭਾਲਿਆ। ਇਸ ਮੌਕੇ ਐੱਸ.ਡੀ.ਐੱਮ. ਗੁਰਵੀਰ ਸਿੰਘ ਕੋਹਲੀ ਨੇ ਤਹਿਸੀਲਦਾਰ ਤੇ ਨਾਇਬ ਤਹਿਸੀਲਦਾਰ ਜਗਰਾਉਂ ਅਤੇ ਨਾਇਬ ਤਹਿਸੀਲਦਾਰ ਸਿੱਧਵਾਂ ਬੇਟ ਦਾ ਸਵਾਗਤ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਤਹਿਸੀਲਦਾਰ ਸੁਖਚਰਨ ਸਿੰਘ ਨੇ ਕਿਹਾ ਕਿ ਲੋਕਾਂ ਨੂੰ ਕੰਮ ਕਾਜ ਕਰਵਾਉਣ 'ਚ ਕੋਈ ਸੱਮਸਿਆ ਨਹੀਂ ਆਵੇਗੀ ਤੇ ਹਰ ਇਕ ਦਾ ਕੰਮ ਪਹਿਲ ਦੇ ਅਧਾਰ 'ਤੇ ਹੋਵੇਗਾ।

### ਅਣਪਛਾਤੇ ਵਾਹਨ ਦੀ ਫੇਟ ਵੱਜਣ ਨਾਲ ਲੜਕੀ ਦੀ ਮੌਤ

ਫਾਜ਼ਿਲਕਾ (ਕ੍ਰਿਸ਼ਨ ਸਿੰਘ)-ਫਾਜ਼ਿਲਕਾ ਦੇ ਪਿੰਡ ਠੰਗਣੀ ਨੇੜੇ ਸੜਕ ਹਾਦਸੇ 'ਚ ਇੱਕ ਲੜਕੀ ਦੀ ਮੌਤ ਹੋ ਗਈ ਹੈ। ਮ੍ਰਿਤਕ ਲੜਕੀ ਦੀ ਉਮਰ ਕਰੀਬ 17 ਸਾਲ ਦੱਸੀ ਜਾ ਰਹੀ ਹੈ, ਜੋ ਕਿ ਪਿੰਡ ਮਹਾਤਮ ਨਗਰ ਦੀ ਰਹਿਣ ਵਾਲੀ ਸੀ। ਮ੍ਰਿਤਕ ਲੜਕੀ ਅਮਨਦੀਪ ਕੌਰ (17) ਦੇ ਪਰਿਵਾਰਕ ਮੈਂਬਰਾਂ ਮਲਕੀਤ ਸਿੰਘ ਤੇ ਸਰਿੰਦਰ ਸਿੰਘ ਨੇ ਦੱਸਿਆ ਕਿ ਉਹ 12ਵੀਂ ਜਮਾਤ ਵਿੱਚ ਪੜ੍ਹਦੀ ਸੀ। ਬੁੱਧਵਾਰ ਦੁਪਹਿਰ ਨੂੰ ਉਹ ਟਿਊਸ਼ਨ ਪੜ੍ਹਨ ਲਈ ਆਪਣੇ ਪਿੰਡ ਤੋਂ ਮੋਟਰਸਾਈਕਲ 'ਤੇ ਫਾਜ਼ਿਲਕਾ ਗਈ ਸੀ। ਇਸ ਦੌਰਾਨ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਉਨ੍ਹਾਂ ਦੀ ਲੜਕੀ ਦੀ ਪਿੰਡ ਠੰਗਣੀ ਨੇੜੇ ਹਾਦਸੇ ਵਿੱਚ ਮੌਤ ਹੋ ਗਈ ਹੈ। ਸੂਚਨਾ ਮਿਲਣ ਉਪਰੰਤ ਮੌਕੇ 'ਤੇ ਪਹੁੰਚੀ ਪੁਲਸ ਨੇ ਮ੍ਰਿਤਕ ਲੜਕੀ ਦੀ ਲਾਸ਼ ਨੂੰ ਕਬਜ਼ੇ 'ਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਂਚ ਅਧਿਕਾਰੀ ਐੱਸ ਐੱਚ ਓ ਥਾਣਾ ਸਦਰ ਫਾਜ਼ਿਲਕਾ ਬਲਵਿੰਦਰ ਸਿੰਘ ਨੇ ਦੱਸਿਆ ਕਿ ਮੌਕੇ 'ਤੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕਰਕੇ ਵਾਹਨ ਚਾਲਕ ਨੂੰ ਟਰੇਸ ਕਰਨਗੇ ਤੇ ਲੋਕਾਂ ਤੋਂ ਪੁੱਛਗਿੱਛ ਕਰਕੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਡਾ. ਏ ਆਰ ਸ਼ਰਮਾ ਵੱਲੋਂ ਕੇਂਦਰੀ ਬਜਟ 'ਚ ਆਤਮਨਿਰਭਰ ਤੇਲ ਬੀਜ ਮੁਹਿੰਮ ਦੀ ਸ਼ਲਾਘਾ



ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)

ਸੋਲਵੈਂਟ ਐਕਸਟਰੈਕਟਰਜ਼ ਐਸੋਸੀਏਸ਼ਨ ਆਫ ਇੰਡੀਆ ਦੇ ਸਾਬਕਾ ਪ੍ਰਧਾਨ ਤੇ ਰਾਈਸੀਲਾ ਗਰੁੱਪ ਦੇ ਚੇਅਰਮੈਨ ਡਾ: ਏ. ਆਰ. ਸ਼ਰਮਾ ਨੇ ਸਰ੍ਹੋਂ, ਮੂੰਗਫਲੀ, ਤਿਲ, ਸੋਇਆਬੀਨ ਤੇ ਸੂਰਜਮੁਖੀ ਵਰਗੇ ਪ੍ਰਮੁੱਖ ਤੇਲ ਬੀਜਾਂ 'ਤੇ ਕੇਂਦਰਿਤ 'ਆਤਮਨਿਰਭਰ ਤੇਲ ਬੀਜ ਮੁਹਿੰਮ' ਸ਼ੁਰੂ ਕਰਨ ਲਈ ਕੇਂਦਰ ਸਰਕਾਰ ਦੀ ਸ਼ਲਾਘਾ ਕੀਤੀ ਹੈ।ਉਨ੍ਹਾ ਕਿਹਾ ਕਿ ਇਸ ਪਹਿਲਕਦਮੀ ਨਾਲ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਲਈ ਖੋਜ, ਆਧੁਨਿਕ ਖੇਤੀ ਤਕਨੀਕਾਂ ਨੂੰ ਵਿਆਪਕ ਰੂਪ ਵਿੱਚ ਅਪਣਾਉਣ, ਮਾਰਕੀਟ ਸੰਪਰਕ ਸਥਾਪਤ ਕਰਨਾ, ਖਰੀਦ, ਮੁੱਲ ਵਾਧਾ ਤੇ ਫਸਲ ਬੀਮਾ ਵਰਗੇ ਮਹੱਤਵਪੂਰਨ ਪਹਿਲੂ ਸ਼ਾਮਲ ਹਨ। ਡਾ. ਸ਼ਰਮਾ ਨੇ ਕਿਹਾ ਕਿ ਖਾਣ ਵਾਲੇ ਤੇਲ ਵਿਦੇਸ਼ਾਂ ਤੋਂ ਮੰਗਵਾਉਣ 'ਤੇ ਭਾਰਤ ਦੀ ਵੱਡੀ ਨਿਰਭਰਤਾ ਹੈ, ਜੋ ਕਿ ਹਾਲ ਹੀ ਦੌਰਾਨ 60 ਫੀਸਦੀ ਹੋ ਗਈ ਹੈ, ਜਿਸ ਕਾਰਨ ਪੈਦਾ ਹੋਈ ਮਹੱਤਵਪੂਰਨ ਚੁਣੌਤੀ ਨੂੰ ਸਮਝਦੇ ਹੋਏ ਉਦਯੋਗ ਜਗਤ ਅੰਦਰ 'ਖਾਣ ਵਾਲੇ ਤੇਲ ਲਈ ਰਾਸ਼ਟਰੀ ਮਿਸ਼ਨ' ਨੂੰ ਸ਼ੁਰੂ ਕਰਨ ਦੀ ਮੰਗ ਵਧ ਰਹੀ ਹੈ। ਇਸ ਪਹਿਲਕਦਮੀ ਦਾ ਉਦੇਸ਼ ਤੇਲ ਬੀਜ ਉਤਪਾਦਨ ਨੂੰ ਉਤਸ਼ਾਹਤ ਕਰਨ ਲਈ ਲੋੜੀਂਦੀ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਹੈ, ਜਿਸ ਨਾਲ ਆਯਾਤ ਕੀਤੇ ਖਾਣ ਵਾਲੇ ਤੇਲ 'ਤੇ ਸਾਡੀ ਨਿਰਭਰਤਾ ਘਟਾਈ ਜਾ ਸਕਦੀ ਹੈ।ਉਨ੍ਹਾ ਕਿਹਾ ਕਿ ਇਸ ਵੇਲੇ ਭਾਰਤ ਸਾਲਾਨਾ 150 ਲੱਖ ਟਨ ਖਾਣ ਵਾਲੇ ਤੇਲ ਨੂੰ ਬਾਹਰੋਂ ਮੰਗਵਾਉਂਦਾ ਹੈ, ਜਿਸ ਦੀ ਕੀਮਤ 1.35 ਲੱਖ ਕਰੋੜ ਰੁਪਏ ਤੋਂ ਵੀ ਵੱਧ ਬਣਦੀ ਹੈ।

ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਅਗਲੇ ਪੰਜ ਸਾਲਾਂ ਵਿੱਚ ਖਾਣ ਵਾਲੇ ਤੇਲ ਦੇ ਆਯਾਤ 'ਤੇ ਮੌਜੂਦਾ ਨਿਰਭਰਤਾ ਨੂੰ ਘਟਾ ਕੇ 30 ਫੀਸਦੀ ਕਰਨਾ ਹੈ ਤੇ ਇਹ ਪਹਿਲਕਦਮੀ ਸਮੁੱਚੇ ਖੇਤੀਬਾੜੀ ਸੈਕਟਰ ਨੂੰ ਵਧਾਉਣ ਤੇ ਸਾਡੇ ਕਿਸਾਨ ਭਾਈਚਾਰਿਆਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਸਮੁੱਚੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

# ਕੇਂਦਰੀ ਟ੍ਰੇਡ ਯੂਨੀਅਨਾਂ, ਮੁਲਾਜ਼ਮ ਫੈਡਰੇਸ਼ਨਾਂ ਵੱਲੋਂ 16 ਦੀ ਦੇਸ਼ ਵਿਆਪੀ ਹੜਤਾਲ 'ਚ ਸ਼ਾਮਲ ਹੋਣ ਦਾ ਫੈਸਲਾ

### ਡੀ ਸੀ ਮਾਲੇਰਕੋਟਲਾ ਰਾਹੀਂ ਪੰਜਾਬ ਸਰਕਾਰ ਨੂੰ ਭੇਜਿਆ ਨੋਟਿਸ



ਮਾਲੇਰਕੋਟਲਾ (ਅਸਗਰ ਪਰਿਹਾਰ)

ਕੇਂਦਰੀ ਟਰੇਡ ਯੂਨੀਅਨਾਂ, ਮੁਲਾਜ਼ਮ ਫੈਡਰੇਸ਼ਨਾਂ ਤੇ ਐਸੋਸੀਏਸ਼ਨਾਂ ਵੱਲੋਂ ਕੇਂਦਰ ਤੇ ਰਾਜ ਸਰਕਾਰਾਂ ਦੀਆਂ ਮਜ਼ਦੂਰ ਤੇ ਮੁਲਾਜ਼ਮ ਵਿਰੋਧੀ ਨੀਤੀਆਂ ਖਿਲਾਫ ਅਤੇ ਅਪਣੀਆਂ ਮੰਗਾਂ ਦੀ ਪ੍ਰਾਪਤੀ ਲਈ 16 ਫਰਵਰੀ 2024 ਨੂੰ ਦੇਸ਼ ਵਿਆਪੀ ਹੜਤਾਲ ਦਾ ਸੱਦਾ ਦਿੱਤਾ ਗਿਆ ਹੈ। ਇਸ ਫੈਸਲੇ ਦੀ ਰੋਸ਼ਨੀ ਵਿੱਚ ਰਣਜੀਤ ਸਿੰਘ ਰਾਣਵਾਂ ਜ਼ਿਲ੍ਹਾ ਮਾਲੇਰਕੋਟਲਾ ਦੇ ਪ੍ਰਧਾਨ ਜਸਵੰਤ ਸਿੰਘ ਬਨਭੌਰੀ ਦੀ ਅਗਵਾਈ ਵਿੱਚ ਡੈਪੂਟੇਸ਼ਨ ਨੇ ਮਿਲ ਕੇ ਡਿਪਟੀ ਕਮਿਸ਼ਨਰ ਮਾਲੇਰਕੋਟਲਾ ਰਾਹੀਂ ਮੁੱਖ ਸਕੱਤਰ ਪੰਜਾਬ ਸਰਕਾਰ ਨੂੰ 16 ਫਰਵਰੀ 2024 ਨੂੰ ਕੀਤੀ ਜਾਣ ਵਾਲੀ ਹੜਤਾਲ ਵਿੱਚ ਸ਼ਾਮਲ ਹੋਣ ਦਾ ਨੋਟਿਸ ਦਿੱਤਾ ਗਿਆ।

ਉਨ੍ਹਾਂ ਕਿਹਾ ਕਿ ਕੇਂਦਰ ਤੇ ਰਾਜ ਸਰਕਾਰ ਦੀਆਂ ਕਾਰਪੋਰੇਟ ਘਰਾਣਿਆਂ ਪੱਖੀ ਤੇ ਮਜ਼ਦੂਰ ਵਿਰੋਧੀ ਨੀਤੀਆਂ ਕਾਰਨ ਮਿਹਨਤਕਸ਼ ਵਰਗ ਦਾ ਜੀਣਾ ਦੁੱਭਰ ਹੋ ਗਿਆ ਹੈ, ਮਹਿੰਗਾਈ ਅੰਬਰ ਛੂਹ ਰਹੀ ਹੈ, ਬੇਰੁਜ਼ਗਾਰੀ ਦੀ ਲਾਈਨ ਲੰਮੀਂ ਹੋ ਰਹੀ ਹੈ, ਜਿਸ ਕਾਰਨ 16 ਫਰਵਰੀ ਨੂੰ ਦੇਸ਼ ਵਿਆਪੀ ਹੜਤਾਲ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੋਇਆ ਜਾਵੇਗਾ। ਡੈਪੂਟੇਸ਼ਨ ਵਿੱਚ ਪ੍ਰੀਤਮ ਸਿੰਘ ਮਹਿਤੋਂ, ਗੁਰਦੇਵ ਸਿੰਘ ਮਰਾੜਾ, ਨਿਰਮਲ ਸਿੰਘ ਫਲੌਂਡ, ਹਰਬੰਸ ਸਿੰਘ ਦੌਦ, ਕੁਲਵੰਤ ਸਿੰਘ ਸਰਵਰਪੁਰ, ਇਜਰਾ-ਉਲ-ਹੱਕ, ਕਮਲੇਸ਼ ਕੁਮਾਰ ਮਾਲੇਰਕੋਟਲਾ, ਤਾਰਾ ਸਿੰਘ ਚੰਦੜ, ਨੇਤਰ ਸਿੰਘ ਮਾਨਵੀ, ਗੁਰਨਾਮ ਸਿੰਘ (ਕਾਲਜ) ਸ਼ਾਮਲ ਸਨ। ਹੜਤਾਲ ਦੇ ਨੋਟਿਸ ਨਾਲ ਨੱਥੀ ਕੀਤੇ ਮੰਗ ਪੱਤਰ ਵਿੱਚ ਦਰਜ ਕੀਤੀਆਂ ਮੰਗਾਂ ਜਿਵੇਂ ਪੀ.ਐਫ. ਆਰ.ਡੀ.ਈ.ਏ.ਐਕਟ ਰੱਦ ਕੀਤਾ ਜਾਵੇ ਅਤੇ ਨਵੀਂ ਪੈਨਸ਼ਨ ਸਕੀਮ ਖਤਮ ਕੀਤੀ ਜਾਵੇ ,ਫੰਡ ਮੈਨੇਜਰ ਕੋਲ ਪਈ ਰਕਮ ਸਬੰਧਤ ਰਾਜਾਂ ਨੂੰ ਵਾਪਸ ਕੀਤੀ ਜਾਵੇ, ਈ ਪੀ ਐੱਸ 1995 ਅਧੀਨ ਆਉਂਦੇ ਮੁਲਾਜ਼ਮਾਂ 'ਤੇ ਵੀ ਪਰਿਭਾਸ਼ਤ ਲਾਭ ਪੈਨਸ਼ਨ ਸਕੀਮ (ਓ.ਪੀ.ਐੱਸ.) ਲਾਗੂ ਕੀਤੀ ਜਾਵੇ, ਜਨਤਕ ਖੇਤਰ ਦੇ ਅਦਾਰਿਆਂ ਦਾ ਨਿੱਜੀਕਰਨ ਤੇ ਸਰਕਾਰੀ ਵਿਭਾਗਾਂ ਦੀ ਅਕਾਰ ਘਟਾਈ ਬੰਦ ਕੀਤੀ ਜਾਵੇ, ਇੰਨਕਮ ਟੈਕਸ ਦੀ ਹੱਦ ਵਧਾਈ ਜਾਵੇ।ਹਰ ਪੰਜ ਸਾਲ ਬਾਅਦ ਇੱਕ ਵਾਰ ਤਨਖਾਹ/ਪੈਨਸ਼ਨ ਵਿੱਚ ਸੁਧਾਈ ਕਰਨ ਦੀ ਪ੍ਰਵਾਨਤ ਪਹੁੰਚ 'ਤੇ ਅਮਲ ਕੀਤਾ ਜਾਵੇ, 18 ਮਹੀਨਿਆਂ ਦੇ ਜਬਤ ਕੀਤੇ ਡੀਏ/ਡੀ ਆਰ ਦੀਆਂ ਸਭ ਬਕਾਇਆ ਕਿਸਤਾਂ ਜਾਰੀ ਕੀਤੀਆਂ ਜਾਣ, ਨਵੀਂ ਕੌਮੀਂ ਸਿੱਖਿਆ ਨੀਤੀ 2020 ਤੇ ਬਿਜਲੀ ਬਿਲ 2020 ਵਾਪਸ ਲਿਆ ਜਾਵੇ, ਠੇਕਾ, ਆਊਟ ਸੋਰਸ ਤੇ ਦਿਹਾੜੀ ਅਧਾਰਤ ਨਿਯੁਕਤੀਆਂ ਬੰਦ ਕਰਕੇ ਸਰਕਾਰੀ-ਅਰਧ ਸਰਕਾਰੀ ਵਿਭਾਗਾਂ ਅੰਦਰ ਖਾਲੀ ਅਸਾਮੀਆਂ 'ਤੇ ਰੈਗੂਲਰ ਭਰਤੀ ਕੀਤੀ ਜਾਵੇ, ਮਾਣ-ਭੱਤਾ, ਇੰਨਸੈਂਟਿਵ ਮੁਲਾਜਮਾਂ ਤੇ ਘੱਟੋ ਘੱਟ ਤਨਖਾਹ ਸਕੇਲ ਲਾਗੂ ਕੀਤੇ ਜਾਣ ਤੇ ਹੋਰਨਾਂ ਮੰਗਾਂ ਤੋਂ ਇਲਾਵਾ 17 ਜੁਲਾਈ 2020 ਤੋਂ ਜਬਰੀ ਥੋਪੇ ਕੇਂਦਰੀ ਤਨਖਾਹ ਸਕੇਲ ਰੱਦ ਪੰਜਾਬ ਦੇ ਤਨਖਾਹ ਸਕੇਲ ਲਾਗੂ ਕੀਤੇ ਜਾਣ, ਨਵੇਂ ਭਰਤੀ ਮੁਲਾਜ਼ਮਾਂ ਦਾ ਪਰਖ ਕਾਲ ਸਮਾਂ ਇੱਕ ਸਾਲ ਕੀਤਾ ਜਾਵੇ ਤੇ ਇਸ ਸਮੇਂ ਦੌਰਾਨ ਪੂਰੀ ਤਨਖਾਹ ਸਮੇਤ ਭੱਤਿਆਂ ਦੇ ਦਿੱਤੀ ਜਾਵੇ, ਮੁਲਾਜ਼ਮਾਂ ਤੇ ਪੈਨਸ਼ਨਰਾਂ 'ਤੇ ਲਾਇਆ 200 ਰੁਪੈ ਮਹੀਨਾ ਵਿਕਾਸ ਟੈਕਸ ਬੰਦ ਕੀਤਾ ਜਾਵੇ।

# ਸੀ ਪਾਈਟ ਕੈਂਪ ਬੋੜਾਵਾਲ ਵਿਖੇ ਆਰਮੀ 'ਚ ਭਰਤੀ ਦੇ ਚਾਹਵਾਨ ਯੁਵਕਾਂ ਨੂੰ ਦਿੱਤੀ ਜਾਵੇਗੀ ਮੁਫ਼ਤ ਸਿਖਲਾਈ

ਬੁਢਲਾਡਾ (ਅਸ਼ੋਕ ਲਾਕੜਾ)-ਪੰਜਾਬ ਸਰਕਾਰ ਦੇ ਰੋਜ਼ਗਾਰ ਉਤਪਤੀ ਤੇ ਸਿਖਲਾਈ ਵਿਭਾਗ ਦੇ ਅਦਾਰੇ ਸੀ-ਪਾਈਟ ਕੈਂਪ ਬੋੜਾਵਾਲ ਵਿਖੇ ਜ਼ਿਲ੍ਹਾ ਮਾਨਸਾ, ਬਰਨਾਲਾ ਤੇ ਸੰਗਰੂਰ ਦੇ ਯੁਵਕ ਜੋ ਆਰਮੀ ਅਗਨੀਵੀਰ 'ਚ ਭਰਤੀ ਹੋਣ ਦੇ ਚਾਹਵਾਨ ਹੋਣ, ਉਨ੍ਹਾਂ ਨੂੰ ਲਿਖਤੀ ਪੇਪਰ ਤੇ ਫਿਜੀਕਲ ਟੈਸਟ ਦੀ ਤਿਆਰੀ ਮੁਫ਼ਤ ਕਰਵਾਈ ਜਾਵੇਗੀ।

ਇਹ ਜਾਣਕਾਰੀ ਕੈਂਪ ਇੰਚਾਰਜ ਅਵਤਾਰ ਸਿੰਘ ਨੇ ਦਿੱਤੀ।ਉਨ੍ਹਾ ਦੱਸਿਆ ਕਿ ਭਰਤੀ ਹੋਣ ਦੇ ਚਾਹਵਾਨ ਯੁਵਕ 01 ਫਰਵਰੀ, 2024 ਤੋਂ ਕਿਸੇ ਵੀ ਕੰਮਕਾਜ ਵਾਲੇ ਦਿਨ ਭੀਖੀ ਬੁਢਲਾਡਾ ਰੋਡ 'ਤੇ ਸਥਿਤ ਸੀ-ਪਾਈਟ ਕੈਂਪ ਪਿੰਡ ਬੋੜਾਵਾਲ, ਜ਼ਿਲ੍ਹਾ ਮਾਨਸਾ ਵਿਖੇ ਸਵੇਰੇ 09 ਵਜੇ ਪਹੁੰਚ ਕੇ ਸਿਖਲਾਈ ਲਈ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।ਰਜਿਸਟ੍ਰੇਸ਼ਨ ਲਈ ਪ੍ਰਾਰਥੀ ਆਪਣਾ ਦਸਵੀਂ ਜਮਾਤ ਦਾ ਸਰਟੀਫਿਕੇਟ, ਆਧਾਰ ਕਾਰਡ ਦੀ ਕਾਪੀ ਤੇ ਦੋ ਪਾਸਪੋਰਟ ਸਾਈਜ਼ ਫੋਟੋਗ੍ਰਾਫਜ਼ ਲੈ ਕੇ ਆਉਣ।ਉਨ੍ਹਾ ਦੱਸਿਆ ਕਿ ਸਿਖਲਾਈ ਦੌਰਾਨ ਯੁਵਕਾਂ ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮੁਫ਼ਤ ਖਾਣਾ ਤੇ ਰਿਹਾਇਸ਼ ਦੀ ਸੁਵਿਧਾ ਦਿੱਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਸਾਲ 2024-25 ਲਈ ਆਰਮੀ ਅਗਨੀਵੀਰ ਦੀ ਭਰਤੀ ਲਈ ਰਜਿਸਟ੍ਰੇਸ਼ਨ 08 ਫਰਵਰੀ ਤੋਂ 21 ਮਾਰਚ, 2024 ਤੱਕ ਕੀਤੀ ਜਾਣੀ ਹੈ।

# ਕੇਂਦਰ ਤੇ ਪੰਜਾਬ ਸਰਕਾਰ ਜਮਹੂਰੀਅਤ ਦੀ ਸੰਘੀ ਘੁੱਟਣ ਦੇ ਰਾਹ ਪਈ : ਡੀ ਟੀ ਐੱਫ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਧਾਰਮਿਕ ਭਾਵਨਾਵਾਂ ਦੀ ਆੜ ਹੇਠ ਫਿਰਕੂ ਪਿਛਾਖੜੀ ਸ਼ਾਵਨਵਾਦੀ ਸਿਆਸੀ ਵਿਚਾਰਧਾਰਾ ਨੂੰ ਪ੍ਰਫੁੱਲਤ ਕਰ ਰਹੀ ਕੇਂਦਰੀ ਹਕੂਮਤ ਤੇ ਮੁੱਢਲੇ ਅਧਿਕਾਰਾਂ ਦਾ ਗਲਾ ਘੁੱਟ ਕੇ ਜਮਹੂਰੀ ਕਾਰਕੁਨਾਂ ਨੂੰ ਜੇਲਾਂ ਵਿੱਚ ਡੱਕਣ ਦੇ ਰਾਹ ਪਈ ਆਮ ਆਦਮੀ ਪਾਰਟੀ ਦੀ ਸਰਕਾਰ ਆਮ ਲੋਕਾਂ ਦੀ ਦੋਖੀ ਸਾਬਿਤ ਹੋਈ ਹੈ।ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿੱਗਵਿਜੇ ਪਾਲ ਸ਼ਰਮਾ ਸੂਬਾ ਸਕੱਤਰ ਬਲਬੀਰ ਲੌਂਗੋਵਾਲ ਨੇ ਪੰਜਾਬ ਸਰਕਾਰ ਵੱਲੋਂ ਫ਼ਿਰਕੂ ਏਜੰਡੇ ਤਹਿਤ ਧਾਰਾ 295 ਤੇ 295 ਏ ਲਾ ਕੇ ਤਰਕਸ਼ੀਲ ਸੁਸਾਇਟੀ ਦੇ ਆਗੂ, ਭੁਪਿੰਦਰ ਫ਼ੌਜੀ, ਸੁਰਜੀਤ ਦੌਧਰ ਸਮੇਤ ਹੋਰ ਜਮਹੂਰੀ ਲੋਕ ਆਗੂਆਂ 'ਤੇ ਕੇਸ ਦਰਜ ਕਰਕੇ ਜੇਲ੍ਹਾਂ ਵਿੱਚ ਬੰਦ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਦੇਸ਼ ਭਰ ਵਿੱਚ ਫਿਰਕੂ ਤਾਕਤਾਂ ਵੱਲੋਂ ਜਮਹੂਰੀ ਤੇ ਇਨਸਾਫ਼ ਪਸੰਦ ਹਿੱਸਿਆਂ, ਘੱਟ ਗਿਣਤੀਆਂ, ਪੱਛੜੇ ਤੇ ਦਲਿਤ ਵਰਗ ਨੂੰ ਮਿੱਥ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸੀਨੀਅਰ ਮੀਤ ਪ੍ਰਧਾਨ ਸਰਵਣ ਔਜਲਾ, ਮੀਤ ਪ੍ਰਧਾਨ ਸੁਖਵਿੰਦਰ ਸੁੱਖੀ ਤੇ ਪ੍ਰੈੱਸ ਸਕੱਤਰ ਲਖਵੀਰ ਸਿੰਘ ਹਰੀਕੇ ਨੇ ਸੂਬੇ ਤੇ ਦੇਸ਼ ਭਰ ਵਿੱਚ ਦਹਿਸ਼ਤੀ ਮਾਹੌਲ ਸਿਰਜਣ ਖ਼ਿਲਾਫ਼ ਲੋਕਾਂ ਨੂੰ ਲਾਮਬੰਦੀ ਕਰਨ ਤੇ ਸੰਵਿਧਾਨਕ ਹੱਕਾਂ ਦੀ ਰਾਖੀ ਲਈ ਇੱਕਜੁੱਟ ਹੋ ਕੇ ਨਜਾਇਜ਼ ਤੌਰ 'ਤੇ ਜੇਲਾਂ ਵਿੱਚ ਬੰਦ ਕੀਤੇ ਜਮਹੂਰੀ ਕਾਰਕੁਨਾਂ ਨੂੰ ਇਨਸਾਫ਼ ਦਿਵਾਉਣ ਲਈ ਦ੍ਰਿੜ੍ਹਤਾ ਨਾਲ਼ ਲੜਨ ਦਾ ਸੱਦਾ ਦਿੰਦਿਆਂ ਕਿਹਾ ਕਿ ਬੇਰੁਜ਼ਗਾਰੀ, ਅਲਪ ਰੁਜ਼ਗਾਰ, ਮਹਿੰਗਾਈ, ਗਰੀਬੀ, ਭ੍ਰਿਸ਼ਟਾਚਾਰ ਵਰਗੇ ਅਨੇਕਾਂ ਮੁੱਦੇ ਠੰਡੇ ਬਸਤੇ ਵਿੱਚ ਪਾ ਕੇ ਧਾਰਮਿਕ ਭਾਵਨਾਵਾਂ ਭੜਕਾਉਣ ਦੀ ਆੜ ਹੇਠ ਲੋਕਾਂ ਨੂੰ ਦਹਿਸ਼ਤਜ਼ਦਾ ਕਰਨ ਖ਼ਿਲਾਫ਼ ਲੋਕ ਰੋਹ ਪੈਦਾ ਹੋ ਚੁੱਕਾ ਹੈ, ਜਿਸ ਦਾ ਸੇਕ ਹਾਕਮਾਂ ਦੇ ਤਖ਼ਤ ਦੇ ਪਾਵਿਆਂ ਤੱਕ ਪਹੁੰਚਣ ਵਿੱਚ ਦੇਰ ਨਹੀਂ ਲੱਗਣੀ। ਆਗੂਆਂ ਨੇ ਕਿਹਾ ਕਿ ਹਾਲੀਆ ਰਿਪੋਰਟਾਂ ਅਨੁਸਾਰ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ 193 ਮੁਲਕਾਂ ਦੀ ਜਾਰੀ ਕੀਤੀ ਸੂਚੀ ਅਨੁਸਾਰ ਭਾਰਤ 93ਵੇਂ ਨੰਬਰ 'ਤੇ ਹੈ, ਪਿਛਲੇ ਸਮੇਂ ਵਿੱਚ ਪਾਸ ਕੀਤੇ ਦੂਰ ਸੰਚਾਰ ਬਿੱਲ ਨੇ ਨਾਗਰਿਕਾਂ ਦੇ ਬੁਨਿਆਦੀ ਤੇ ਮੌਲਿਕ ਅਧਿਕਾਰਾਂ ਲਈ ਖ਼ਤਰਾ ਖੜ੍ਹਾ ਕੀਤਾ ਹੈ।ਸੂਬਾ ਵਿੱਤ ਸਕੱਤਰ ਜਸਵਿੰਦਰ ਗੋਨਿਆਣਾ, ਕਰਨੈਲ ਸਿੰਘ ਚਿੱਟੀ, ਰੇਸ਼ਮ ਬਠਿੰਡਾ ਤੇ ਦਲਜੀਤ ਸਮਰਾਲਾ ਨੇ ਹਕੂਮਤੀ ਦਹਿਸ਼ਤਗਰਦੀ ਖ਼ਿਲਾਫ਼ ਲੋਕ ਲਹਿਰ ਵਿੱਚ ਸਰਗਰਮ ਜਥੇਬੰਦਕ ਹਿੱਸਾ ਪਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਇਸ ਮੌਕੇ ਡੀ ਟੀ ਐੱਫ ਮੁਕਤਸਰ ਦੇ ਆਗੂ ਜੀਵਨ ਬਧਾਈ, ਸੁਰਿੰਦਰ ਸੇਤੀਆ, ਪਰਮਿੰਦਰ ਖੋਖਰ, ਨੀਰਜ ਬਜਾਜ, ਚਰਨਜੀਤ ਅਟਵਾਲ, ਚਮਨ ਲਾਲ, ਨਰਿੰਦਰ ਬੇਦੀ, ਹਰਬੰਸ ਲਾਲ, ਰਜਨੀਸ਼ ਗਿਰਧਰ ਤੇ ਬੂਟਾ ਸਿੰਘ ਵਾਕਫ਼ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ ਆਗੂ ਹਾਜ਼ਰ ਸਨ।

# ਪੀ ਡੀ ਐੱਫ ਏ ਵੱਲੋਂ ਕੌਮਾਂਤਰੀ ਡੇਅਰੀ ਤੇ ਖੇਤੀ ਐਕਸਪੋ ਮੇਲਾ ਅੱਜ ਤੋਂ

ਜਗਰਾਉਂ (ਅਮਿਤ ਖੰਨਾ)-ਪ੍ਰੋਗਰੈਸਿਵ ਡੇਅਰੀ ਫਾਰਮਰਜ਼ ਐਸੋਸੀਏਸ਼ਨ (ਪੀਡੀਐੱਫਏ) ਵੱਲੋਂ 16ਵੇਂ ਕੌਮਾਂਤਰੀ ਡੇਅਰੀ ਤੇ ਖੇਤੀ ਐਕਸਪੋ ਮੇਲਾ ਜਗਰਾਉਂ ਵਿੱਚ ਹਾਈਵੇਅ 'ਤੇ ਕਈ ਏਕੜ ਥਾਂ 'ਚ ਬਣੀ ਪਸ਼ੂ ਮੰਡੀ ਵਿੱਚ 3 ਤੋਂ 5 ਫਰਵਰੀ ਤੱਕ ਲਗਾਇਆ ਜਾ ਰਿਹਾ ਹੈ।ਪੀਡੀਐੱਫਏ ਦੀ ਸਮੁੱਚੀ ਟੀਮ ਨੇ ਅੱਜ ਪ੍ਰਧਾਨ ਦਲਜੀਤ ਸਿੰਘ ਸਦਰਪੁਰਾ ਦੀ ਅਗਵਾਈ ਹੇਠ ਚੱਲ ਰਹੀਆਂ ਤਿਆਰੀਆਂ ਦਾ ਜਾਇਜ਼ਾ ਲਿਆ।ਇਸ ਮਗਰੋਂ ਕੀਤੀ ਗਈ ਮੀਟਿੰਗ ਦੌਰਾਨ ਦੱਸਿਆ ਗਿਆ ਕਿ ਇਸ ਵਾਰ ਦੁੱਧ ਚੁਆਈ ਦੇ ਜੇਤੂ ਨੂੰ ਇਨਾਮ ਵਜੋਂ ਟਰੈਕਟਰ ਦੇਣ ਸਮੇਤ ਲੱਖਾਂ ਰੁਪਏ ਦੇ ਹੋਰ ਇਨਾਮਾਂ ਦੀ ਵੰਡ ਕੀਤੀ ਜਾਵੇਗੀ।ਡੇਅਰੀ ਤੇ ਖੇਤੀ ਕਿੱਤੇ ਨਾਲ ਜੁੜੇ ਕਿਸਾਨਾਂ ਨੂੰ ਅਤਿ ਆਧੁਨਿਕ ਤਕਨੀਕਾਂ ਦੇ ਹਾਣੀ ਬਣਾਉਣ ਲਈ ਖੇਤੀ ਮਾਹਰ ਤੇ ਵੱਡੀਆਂ ਵਿਦੇਸ਼ੀ ਕੰਪਨੀਆਂ ਮੇਲੇ ਵਿੱਚ ਸ਼ਾਮਲ ਹੋਣਗੀਆਂ।ਪ੍ਰਧਾਨ ਸ੍ਰੀ ਦਲਜੀਤ ਸਿੰਘ ਸਦਰਪੁਰਾ ਨੇ ਦੱਸਿਆ ਕਿ ਜੇਤੂ ਨੂੰ ਜੌਹਨ-ਡੀਅਰ ਟਰੈਕਟਰ ਦੇਣ ਦੇ ਪ੍ਰਬੰਧ ਸਮੇਤ ਹੋਰਨਾਂ ਇਨਾਮਾਂ ਦੀ ਰਕਮ ਵੀ ਪਹਿਲਾਂ ਨਾਲੋਂ ਦੁੱਗਣੀ ਕਰ ਦਿੱਤੀ ਗਈ ਹੈ।ਇਸ ਮੇਲੇ ਵਿੱਚ ਕੈਨੇਡਾ, ਅਮਰੀਕਾ, ਯੂਰੋਪ, ਦੱਖਣੀ ਅਫ਼ਰੀਕਾ ਤੇ ਏਸ਼ੀਆ ਦੀਆਂ ਅਤਿ ਆਧੁਨਿਕ ਮਸ਼ੀਨਰੀ ਕੰਪਨੀਆਂ ਦੇ ਉਤਪਾਦ ਖਿੱਚ ਦਾ ਕੇਂਦਰ ਹੋਣਗੇ ਅਤੇ ਵੱਖ ਵੱਖ ਦੇਸ਼ਾਂ ਤੋਂ ਆਏ ਖੇਤੀ ਮਾਹਰ ਡੇਅਰੀ ਤੇ ਖੇਤੀ ਕਿੱਤੇ ਨੂੰ ਮੁਨਾਫ਼ੇ 'ਚ ਲਿਜਾਣ ਸਬੰਧੀ ਨੁਕਤੇ ਸਾਂਝੇ ਕਰਨਗੇ।ਮੇਲੇ ਵਿੱਚ ਨੀਲੇ ਰਾਵੀ ਤੇ ਮੁੱਰ੍ਹਾ ਕਿਸਮ ਦੀਆਂ ਮੱਝਾਂ ਦੇ ਵੱਖ-ਵੱਖ ਮੁਕਾਬਲੇ ਕਰਵਾਏ ਜਾਣਗੇ ਤੇ ਵੱਧ ਫੈਟ ਵਾਲਾ ਦੁੱਧ ਦੇਣ ਵਾਲੀ ਗਾਂ ਨੂੰ ਵਿਸ਼ੇਸ਼ ਇਨਾਮ ਦਿੱਤਾ ਜਾਵੇਗਾ।ਇਸ ਮੌਕੇ ਪ੍ਰਧਾਨ ਦਲਜੀਤ ਸਿੰਘ ਸਦਰਪੁਰਾ, ਬਲਵੀਰ ਸਿੰਘ ਨਵਾਂ ਸ਼ਹਿਰ, ਰਾਜਪਾਲ ਸਿੰਘ ਕੁਲਾਰ, ਰਣਜੀਤ ਸਿੰਘ ਲੰਗੇਆਣਾ, ਰੇਸ਼ਮ ਸਿੰਘ ਭੁੱਲਰ ਜ਼ੀਰਾ, ਪਰਮਿੰਦਰ ਸਿੰਘ ਘੁੜਾਣੀ, ਸੁਖਦੇਵ ਸਿੰਘ ਬਰੌਲੀ, ਬਲਜਿੰਦਰ ਸਿੰਘ ਸਠਿਆਲਾ, ਸੁਖਜਿੰਦਰ ਸਿੰਘ ਘੁੰਮਣ, ਗੁਰਮੀਤ ਸਿੰਘ ਰੋਡੇ, ਕੁਲਦੀਪ ਸਿੰਘ ਸੇਰੋਂ, ਅਵਤਾਰ ਸਿੰਘ ਥਾਬਲਾ, ਸੁਖਪਾਲ ਸਿੰਘ ਵਰਪਾਲ, ਬਲਜਿੰਦਰ ਸਿੰਘ ਚੌਂਤਰਾ, ਸੁਖਰਾਜ ਸਿੰਘ ਗੁੜੇ, ਮਨਜੀਤ ਸਿੰਘ ਮੋਹੀ, ਗੁਰਬਖਸ਼ ਸਿੰਘ ਬਾਜੇਕੇ ਤੇ ਕੁਲਦੀਪ ਸਿੰਘ ਪਟਿਆਲਾ, ਕੁਲਦੀਪ ਸਿੰਘ ਮਾਨਸਾ ਆਦਿ ਹਾਜ਼ਰ ਸਨ।

# ਪੰਜਾਬ ਪੁਲਸ ਤੇ ਮੁਕਤੀਸਰ ਵੈੱਲਫੇਅਰ ਕਲੱਬ ਨੇ ਵਾਹਨਾਂ 'ਤੇ ਲਗਾਏ ਰਿਫਲੈਕਟਰ

### ਮੁਕਤੀਸਰ ਸੰਸਥਾ ਦਾ ਉਪਰਾਲਾ ਸ਼ਲਾਘਾਯੋਗ : ਡੀ ਐੱਸ ਪੀ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸੜਕ ਸੁਰੱਖਿਆ ਮਹੀਨੇ ਦੌਰਾਨ ਪੰਜਾਬ ਪੁਲਸ ਤੇ ਮੁਕਤੀਸਰ ਵੈੱਲਫੇਅਰ ਕਲੱਬ ਵੱਲੋਂ 100 ਤੋਂ ਵੱਧ ਵਾਹਨਾਂ 'ਤੇ ਰਿਫਲੈਕਟਰ ਲਗਾਏ ਗਏ। ਇਸ ਮੁਹਿੰਮ ਦੀ ਸ਼ੁਰੂਆਤ ਡੀ ਐੱਸ ਪੀ ਸਬ ਡਵੀਜ਼ਨ ਸਤਨਾਮ ਸਿੰਘ ਨੇ ਕੀਤੀ। ਇਸ ਮੌਕੇ ਉਨ੍ਹਾਂ ਨਾਲ ਥਾਣਾ ਸਿਟੀ ਦੇ ਇੰਚਾਰਜ ਵਰੁਣ ਕੁਮਾਰ ਪੰਜਾਰ ਰਾਜ ਸੜਕ ਸੁਰੱਖਿਆ ਸਲਾਹਕਾਰ ਕਮੇਟੀ ਦੇ ਮੈਂਬਰ ਤੇ ਸੰਸਥਾ ਦੇ ਪ੍ਰਧਾਨ ਜਸਪ੍ਰੀਤ ਸਿੰਘ ਛਾਬੜਾ, ਜ਼ਿਲ੍ਹਾ ਟ੍ਰੈਫਿਕ ਐਜੂਕੇਸ਼ਨ ਸੈੱਲ ਦੇ ਇੰਚਾਰਜ ਗੁਰਜੰਟ ਸਿੰਘ ਜਟਾਣਾ, ਇੰਚਾਰਜ ਹਰਮੰਦਰ ਸਿੰਘ ਬੱਸ ਅੱਡਾ ਚੌਂਕੀ ਇੰਚਾਰਜ ਸੁਖਪਾਲ ਸਿੰਘ ਮੱਕੜ ਆਦਿ ਹਾਜ਼ਰ ਸਨ।

ਇਸ ਦੌਰਾਨ ਡੀ ਐੱਸ ਪੀ ਸਤਨਾਮ ਸਿੰਘ ਨੇ ਕਿਹਾ ਕਿ ਹਰੇਕ ਵਾਹਨ ਚਾਲਕ ਰੈਡੀਅਮ ਰਿਫਲੈਕਟਰ ਜ਼ਰੂਰ ਲਗਾਉਣ ਤਾਂ ਜੋ ਰਾਤ ਸਮੇਂ ਸੜਕੀ ਹਾਦਸਿਆਂ ਨੂੰ ਰੋਕਿਆ ਜਾ ਸਕੇ। ਇਸ ਦੌਰਾਨ ਜਸਪ੍ਰੀਤ ਸਿੰਘ ਛਾਬੜਾ ਨੇ ਕਿਹਾ ਕਿ ਅੱਜ ਸੰਸਥਾ ਵੱਲੋਂ 100 ਤੋਂ ਵੱਧ ਵਾਹਨਾਂ 'ਤੇ ਫਿਰਲੈਕਟਰ ਲਗਾਏ ਗਏ ਹਨ ਤੇ ਹੋਰ ਵਾਹਨਾਂ 'ਤੇ ਵੀ ਰਿਫਲੈਕਟਰ ਲਗਾਏ ਜਾਣਗੇ। ਇਸ ਮੌਕੇ ਡਾ. ਵਿਜੈ ਬਜਾਜ, ਜੋਗਿੰਦਰ ਸਿੰਘ, ਦੀਪਾਂਸ਼ੂ ਕੁਮਾਰ, ਮਾਨਵ ਸੱਚਦੇਵਾ, ਮਨਪ੍ਰੀਤ ਸਿੰਘ, ਗੁਰਮੇਲ ਸਿੰਘ ਹੌਲਦਾਰ, ਸਰਵਨ ਸਿੰਘ ਏਐੱਸਆਈ, ਸਿਟੀ ਟ੍ਰੈਫਿਕ ਇੰਚਾਰਜ ਰਘੂਬੀਰ ਸਿੰਘ ਆਦਿ ਹਾਜ਼ਰ ਸਨ।

# ਥਰਾਜਵਾਲਾ ਸਕੂਲ 'ਚ 'ਜਲਗਾਹ ਬਚਾਓ' ਵਿਸ਼ੇ 'ਤੇ ਮੁਕਾਬਲੇ ਕਰਵਾਏ




ਮਲੋਟ (ਗੁਰਮੀਤ ਸਿੰਘ ਮੱਕੜ)

ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਤਕਨਾਲੋਜੀ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਤੇ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲੇ ਦੀ ਸਹਾਇਤਾ ਦੇ ਨਾਲ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਸ਼ਿਵਪਾਲ ਗੋਇਲ ਦੀ ਅਗਵਾਈ ਤੇ ਡੀ ਐੱਮ ਰਾਜਨ ਗੋਇਲ ਦੀ ਰਹਿਨੁਮਾਈ ਹੇਠ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਥਰਾਜਵਾਲਾ ਵਿਖੇ ਵਾਤਾਵਰਨ ਵਿਦਿਅਕ ਪ੍ਰੋਗਰਾਮ ਤਹਿਤ 'ਜਲਗਾਹ ਬਚਾਓ' ਵਿਸ਼ੇ 'ਤੇ ਵਿਦਿਆਰਥੀਆਂ ਦੇ ਵੱਖ-ਵੱਖ ਵਰਗਾਂ ਦੇ ਮੁਕਾਬਲੇ ਕਰਵਾਏ ਗਏ।ਇਸ ਮੌਕੇ ਵਿਦਿਆਰਥੀਆਂ ਨੇ ਪੇਂਟਿੰਗ ਤੇ ਪੋਸਟਰ ਤਿਆਰ ਕਰਕੇ ਜਲਗਾਹਾਂ ਪ੍ਰਤੀ ਆਪਣੀ ਸੰਵੇਦਨਾ ਜ਼ਾਹਰ ਕਰਦੇ ਹੋਏ ਬਹੁਤ ਹੀ ਵਧੀਆ ਸੰਦੇਸ਼ ਦਿੱਤਾ ਤੇ ਭਾਸ਼ਣ ਮੁਕਾਬਲਿਆਂ ਰਾਹੀਂ ਵੀ ਵਿਦਿਆਰਥੀਆਂ ਨੇ ਆਪਣੀਆਂ ਭਾਵਨਾਵਾਂ ਉਜਾਗਰ ਕਰਦੇ ਹੋਏ ਦੱਸਿਆ ਕਿ ਇਹ ਜਾਲਗਾਹਾਂ ਜਿੱਥੇ ਵੱਖ-ਵੱਖ ਜਲ ਜੀਵਾਂ ਦੀ ਜੀਵਨ ਭੂਮੀ ਹੈ, ਉੱਥੇ ਸਾਡਾ ਭਵਿੱਖ ਵੀ ਇਨ੍ਹਾਂ ਜਲਗਾਹਾਂ ਨਾਲ ਹੀ ਜੁੜਿਆ ਹੋਇਆ ਹੈ। ਜੇਕਰ ਅੱਜ ਅਸੀਂ ਇਨ੍ਹਾਂ ਦੀ ਸੰਭਾਲ ਨਾ ਕਰਾਂਗੇ ਤਾਂ ਇੱਕ ਨਾ ਇੱਕ ਦਿਨ ਇਨ੍ਹਾਂ ਦੀ ਹੱਦ ਖਤਮ ਹੋ ਜਾਵੇਗੀ ਤੇ ਫਿਰ ਸਾਨੂੰ ਜ਼ਿੰਦਗੀ ਭਰ ਪਛਤਾਉਣਾ ਪਵੇਗਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਪ੍ਰਿਤਪਾਲ ਕੌਰ ਤੇ ਈਕੋ ਕਲੱਬਾਂ ਦੇ ਸਕੂਲ ਕੋਆਰਡੀਨੇਟਰ ਸਾਇੰਸ ਮਾਸਟਰ ਜਸਵਿੰਦਰ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਤਕਨਾਲੋਜੀ ਦੇ ਰਾਹ ਡਾਇਰੈਕਟਰ ਕੁਲਬੀਰ ਸਿੰਘ ਬਾਠ ਤੇ ਡਾ. ਮਦਾਕਿਨੀ ਠਾਕੁਰ ਦੀ ਅਗਵਾਈ ਹੇਠ ਵਾਤਾਵਰਨ ਬਚਾਉਣ ਹਿੱਤ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਜਾ ਰਿਹਾ ਹੈ। ਇਨ੍ਹਾਂ ਮੁਕਾਬਿਲਆਂ ਵਿੱਚ ਵਧੀਆ ਕਾਰਗੁਜ਼ਾਰੀ ਪੇਸ਼ ਕਰਨ ਵਾਲੇ ਵਿਦਿਆਰਥੀਆਂ ਨੂੰ ਸਕੂਲ ਦੇ ਪ੍ਰਿੰਸੀਪਲ ਪ੍ਰਿਤਪਾਲ ਕੌਰ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਅਧਿਆਪਕ ਭੂਸ਼ਣ ਕੁਮਾਰ, ਲਖਵਿੰਦਰ ਸਿੰਘ, ਗੁਰਵਿੰਦਰ ਸਿੰਘ, ਰਜਿੰਦਰ ਸੇਤੀਆ, ਸਰਬਜੀਤ ਕੌਰ, ਪਰਮਿੰਦਰਪਾਲ ਕੌਰ ਤੇ ਪ੍ਰਿਯੰਕਾ ਰਾਣੀ ਹਾਜ਼ਰ ਸਨ।

# ਘਰ 'ਚੋਂ ਲੱਖਾਂ ਦਾ ਸਾਮਾਨ ਚੋਰੀ

ਮੂਨਕ (ਰਾਜਪਾਲ ਸਿੰਗਲਾ)

ਸਥਾਨਕ ਸ਼ਹਿਰ ਦੇ ਟੋਹਾਣਾ ਰੋਡ 'ਤੇ ਪੈਂਦੇ ਬੱਸ ਸਟੈਂਡ ਕੋਲ ਸੰਘਣੀ ਆਬਾਦੀ ਵਿੱਚ ਅਣਪਛਾਤੇ ਵਿਅਕਤੀਆਂ ਵੱਲੋਂ ਪਰਿਵਾਰ ਦੇ ਪਿੱਛੋਂ ਘਰ 'ਚ ਦਾਖਲ ਹੋ ਕੇ ਪਰਿਵਾਰ ਦੇ ਦੱਸਣ ਮੁਤਾਬਕ ਕਰੀਬ 2 ਲੱਖ ਤੋਂ ਵੱਧ ਦੇ ਸਾਮਾਨ ਦੀ ਚੋਰੀ ਕਰਕੇ ਲੈ ਗਏ।

ਇਸ ਸਬੰਧੀ ਪਰਿਵਾਰਕ ਮੈਂਬਰ ਹਰਮੀਤ ਸਿੰਘ ਪੁੱਤਰ ਜਸਵੀਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਉਹ ਪਰਿਵਾਰ ਸਮੇਤ ਕੁੱਝ ਸਮੇਂ ਤੋਂ ਮਕਾਨ ਛੱਡ ਕੇ ਸਰਸੇ ਰਹਿੰਦੇ ਸਨ, ਪਿੱਛੋਂ ਜਦੋਂ ਗਵਾਂਢੀਆਂ ਵੱਲੋਂ ਚੋਰੀ ਹੋਣ ਦੀ ਸੂਚਨਾ ਮਿਲੀ ਤਾਂ ਆ ਕੇ ਦੇਖਿਆ ਗਿਆ ਤਾਂ ਮਕਾਨ ਦੇ ਅੰਦਰ ਪਿਆ ਸਾਮਾਨ ਖਿਲਰਾ ਪਿਆ ਸੀ, ਏ ਸੀ ਤੇ ਇਨਵਰਟਰ ਤੱਕ ਚੋਰ ਪੁੱਟ ਕੇ ਲਿਜਾਣ ਦੇ ਨਾਲ ਡਰੰਮ ਵਿੱਚ ਪਈ ਖਾਣ ਵਾਲੀ ਕਣਕ ਵੀ ਲੈ ਗਏ। ਇਸ ਸਬੰਧੀ ਕਾਰਵਾਈ ਲਈ ਪਰਿਵਾਰ ਨੇ ਪੁਲਸ ਕੋਲ ਸੂਚਨਾ ਕਰ ਦਿੱਤੀ ਹੈ।

# ਮਹਿਲਾ ਕਾਂਗਰਸ ਅਬਜ਼ਰਵਰ ਨਤਾਸ਼ਾ ਸ਼ਰਮਾ ਦਾ ਪੰਜਾਬ ਪੁੱਜਣ 'ਤੇ ਸਵਾਗਤ

### 8 ਨੂੰ ਅਲਕਾ ਲਾਂਬਾ ਦੀ ਆਮਦ ਦੀਆਂ ਤਿਆਰੀਆਂ 'ਚ ਜੁਟੀ ਮਹਿਲਾ ਕਾਂਗਰਸ



ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਪੰਜਾਬ ਮਹਿਲਾ ਕਾਂਗਰਸ ਦੇ ਨਵ-ਨਿਯੁਕਤ ਆਬਜ਼ਰਵਰ ਸ੍ਰੀਮਤੀ ਨਤਾਸ਼ਾ ਸ਼ਰਮਾ ਦਾ ਪੰਜਾਬ ਆਉਣ 'ਤੇ ਗੁਰਸ਼ਰਨ ਕੌਰ ਰੰਧਾਵਾ ਦੀ ਅਗਵਾਈ ਹੇਠ ਨਿੱਘਾ ਸਵਾਗਤ ਕੀਤਾ ਗਿਆ।ਨਤਾਸ਼ਾ ਸ਼ਰਮਾ ਮਹਿਲਾਵਾਂ ਨੂੰ ਕਾਂਗਰਸ ਨਾਲ ਜੋੜਨ ਲਈ ਆਲ ਇੰਡੀਆ ਮਹਿਲਾ ਕਾਂਗਰਸ ਦੇ ਪ੍ਰਧਾਨ ਅਲਕਾ ਲਾਂਬਾ ਦਾ ਸੁਨੇਹਾ ਲੈ ਕੇ ਪੰਜਾਬ ਪੁੱਜੇ ਹਨ। ਇਸ ਮੌਕੇ ਨਤਾਸ਼ਾ ਸ਼ਰਮਾ ਨੇ ਦੱਸਿਆ ਕਿ ਸ੍ਰੀਮਤੀ ਅਲਕਾ ਲਾਂਬਾ 8 ਫਰਵਰੀ ਨੂੰ ਚੰਡੀਗੜ੍ਹ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਨ ਉਪਰੰਤ ਪੰਜਾਬ ਮਹਿਲਾ ਕਾਂਗਰਸ ਦੀ ਕਾਰਜਕਰਨੀ ਨਾਲ ਮੀਟਿੰਗ ਕਰਨਗੇ ਤੇ ਅੰਤ ਵਿੱਚ ਮਹਿਲਾ ਕਾਂਗਰਸ ਸੰਮੇਲਨ ਨੂੰ ਵੀ ਸੰਬੋਧਨ ਕਰਨਗੇ।ਇਸ ਮੌਕੇ ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਐੱਲ.ਓ.ਪੀ. ਪ੍ਰਤਾਪ ਸਿੰਘ ਬਾਜਵਾ ਤੇ ਸੁਖਜਿੰਦਰ ਸਿੰਘ ਰੰਧਾਵਾ ਸਮੇਤ ਕਈ ਹੋਰ ਆਗੂ ਵੀ ਮਹਿਲਾ ਕਾਂਗਰਸ ਦਾ ਹੌਸਲਾ ਬੁਲੰਦ ਕਰਨ ਲਈ ਹਾਜ਼ਰ ਹੋਣਗੇ।ਬੀਬੀ ਰੰਧਾਵਾ ਨੇ ਕਿਹਾ ਕਿ ਅਲਕਾ ਲਾਂਬਾ ਦੇ ਪ੍ਰਧਾਨ ਬਣਨ ਨਾਲ ਮਹਿਲਾ ਕਾਂਗਰਸ ਵਿੱਚ ਹਰ ਪਾਸੇ ਖੁਸ਼ੀ ਦੀ ਲਹਿਰ ਹੈ।ਬੀਬੀ ਰੰਧਾਵਾ ਨੇ ਦੱਸਿਆ 11 ਫਰਵਰੀ ਨੂੰ ਇੰਡੀਅਨ ਨੈਸ਼ਨਲ ਕਾਂਗਰਸ ਦੇ ਪ੍ਰਧਾਨ ਸ੍ਰੀ ਮਲਿਕ ਅਰਜੁਨ ਖੜਗੇ ਸਮਰਾਲਾ ਵਿਖੇ ਵੱਡੀ ਰੈਲੀ ਵਿੱਚ ਸ਼ਿਰਕਤ ਕਰਨਗੇ, ਜਿਸ ਨੂੰ ਸੰਬੋਧਨ ਕਰਨ ਲਈ ਅਲਕਾ ਲਾਂਬਾ ਤੇ ਪੰਜਾਬ ਕਾਂਗਰਸ ਦੇ ਇੰਚਾਰਜ ਦੇਵੇਂਦਰ ਯਾਦਵ ਪਹੁੰਚ ਰਹੇ ਹਨ।ਇਸ ਮੌਕੇ ਰੇਖਾ ਅਗਰਵਾਲ, ਅਮਰਜੀਤ ਭੱਠਲ, ਰਣਜੀਤ ਬਦੇਸ਼ਾ, ਯਾਮਿਨੀ ਵਰਮਾ, ਪ੍ਰਵੀਨ ਰਾਣਾ, ਦੀਪੀ ਮਾਂਗਟ, ਸੁਖਵਿੰਦਰ ਮਾਨਕੀ ਹਾਜ਼ਰ ਸਨ।

# 'ਸਰਕਾਰ ਤੁਹਾਡੇ ਦੁਆਰ' ਮੁਹਿੰਮ ਸੰਬੰਧੀ ਐੱਸ ਡੀ ਐੱਮ ਵੱਲੋਂ ਅਧਿਕਾਰੀਆਂ ਨਾਲ ਮੀਟਿੰਗ



ਜਲਾਲਾਬਾਦ (ਜੀਤ ਕੁਮਾਰ)-3 ਫਰਵਰੀ ਤੋਂ ਲੈ ਕੇ 3 ਮਾਰਚ 2024 ਤੱਕ ਸਰਕਾਰ ਤੁਹਾਡੇ ਦੁਆਰ ਮੁਹਿੰਮ ਤਹਿਤ ਉੱਪ ਮੰਡਲ ਜਲਾਲਾਬਾਦ ਦੇ ਵੱਖ-ਵੱਖ ਪਿੰਡਾਂ ਵਿੱਚ ਕੈਂਪ ਲਗਾਏ ਜਾਣਗੇ, ਜਿਨ੍ਹਾਂ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਵੱਖ-ਵੱਖ ਤਿਆਰੀਆਂ ਤੇ ਵਿਭਾਗੀ ਅਧਿਕਾਰੀਆਂ ਦੀਆਂ ਡਿਊਟੀਆਂ ਨੂੰ ਲੈ ਕੇ ਐੱਸ.ਡੀ.ਐੱਮ. ਜਲਾਲਾਬਾਦ ਬਲਕਰਨ ਸਿੰਘ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਦਫਤਰ ਉੱਪ ਮੰਡਲ ਮੈਜਿਸਟਰੇਟ ਜਲਾਲਾਬਾਦ ਇਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਐੱਸ.ਡੀ.ਐੱਮ. ਬਲਕਰਨ ਸਿੰਘ ਨੇ ਦੱਸਿਆ ਕਿ ਲੋਕਾਂ ਨੂੰ ਉਨ੍ਹਾਂ ਦੀਆਂ ਬਰੂਹਾਂ 'ਤੇ 43 ਨਾਗਰਿਕ ਕੇਂਦਰਤ ਸੇਵਾਵਾਂ ਪ੍ਰਦਾਨ ਕਰਨ ਲਈ 'ਭਗਵੰਤ ਮਾਨ ਸਰਕਾਰ, ਤੁਹਾਡੇ ਦੁਆਰ' ਸਕੀਮ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਨਾਲ ਲੋਕਾਂ ਨੂੰ ਬਹੁਤ ਵੱਡੀ ਸਹੂਲਤ ਮਿਲ ਰਹੀ ਹੈ। ਉਨ੍ਹਾ ਦੱਸਿਆ ਕਿ ਹੁਣ ਜਲਾਲਾਬਾਦ ਉੱਪ ਮੰਡਲ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਸਰਕਾਰ ਤੁਹਾਡੇ ਦੁਆਰ ਤਹਿਤ ਇੱਕ ਛੱਤ ਹੇਠਾਂ ਹੀ ਸਾਰੇ ਵਿਭਾਗਾਂ ਦੇ ਅਧਿਕਾਰੀ ਆਪਣੇ-ਆਪਣੇ ਵਿਭਾਗ ਨਾਲ ਸਬੰਧਤ ਸਰਕਾਰੀ ਸਕੀਮਾਂ ਦਾ ਲਾਭ ਦੇਣਗੇ ਤੇ ਸਕੀਮਾਂ ਬਾਰੇ ਲੋਕਾਂ ਨੂੰ ਜਾਗਰੂਕ ਵੀ ਕਰਨਗੇ।

ਉਨ੍ਹਾਂ ਦੱਸਿਆ ਕਿ 3 ਫਰਵਰੀ 2024 ਨੂੰ ਜਲਾਲਾਬਾਦ ਦੇ ਪਿੰਡ ਢੰਡੀ ਕਦੀਮ, ਢੰਡੀ ਖੁਰਦ, ਮੋਹਕਮ ਅਰਾਈਆ, ਕਾਹਨੇਵਾਲਾ, ਚੱਕ ਰੁੰਮ ਵਾਲਾ, ਚੱਕ ਅਰਨੀਵਾਲਾ, ਚੱਕ ਮੰਨੇਵਾਲਾ, ਚੱਕ ਅਰਾਈਆਵਾਲਾ, ਅਰਾਈਆਂਵਾਲਾ, ਢਾਬ ਖੁਸ਼ਹਾਲ ਜੋਇਆ, ਚੱਕ ਢਾਬ ਖੁਸ਼ਹਾਲ ਜੋਇਆ, ਢਾਬ ਕੜਿਆਲ, ਚੱਕ ਬਲੋਚਾਂਵਾਲੀ, ਅਰਨੀਵਾਲਾ, ਬੱਘੇ ਕੇ ਉਤਾੜ, ਬੱਘੇ ਕੇ ਹਿਤਾੜ, ਚੱਕ ਸੁਕਾਰ, ਚੱਕ ਸਰਕਾਰ ਮੁਹਾਜੀ ਪ੍ਰਭਾਤ ਸਿੰਘ ਵਾਲਾ, ਪ੍ਰਭਾਤ ਸਿੰਘ ਵਾਲਾ ਉਤਾੜ ਵਿਖੇ ਤੇ 5 ਫਰਵਰੀ 2024 ਨੂੰ ਜਲਾਲਾਬਾਦ ਦੇ ਪਿੰਡ ਪ੍ਰਭਾਤ ਸਿੰਘ ਵਾਲਾ ਹਿਠਾੜ, ਸੰਤੋਖ ਸਿੰਘ ਵਾਲਾ, ਆਲਮ ਕੇ, ਬਾਹਮਣੀ ਵਾਲਾ, ਚੱਕ ਮੌਜਦੀਨਵਾਲਾ, ਘੁਬਾਇਆ, ਲਮੋਚੜ ਖੁਰਦ, ਚੱਕ ਬਜੀਦਾ, ਚੱਕ ਟਾਹਲੀਵਾਲਾ, ਗੱਟੀ ਹਾਸਲ, ਚੱਕ ਲਮੋਚੜ, ਚੱਕ ਸੁਖੇਰਾ, ਚੱਕ ਟੌਟੇਵਾਲਾ, ਭੰਬਾਵਟੂ ਉਤਾੜ, ਭੰਬਾਵੱਟੂ ਹਿਠਾੜ, ਜਲਾ ਲੱਖੇ ਕੇ ਹਿਠਾੜ, ਹਾਮਿਦ ਸੈਦੋ ਕੇ, ਲੱਖੇ ਕੇ ਮੁਹਾਸਿਬ ਉਤਾੜ, ਚੱਕ ਖੀਵਾ ਪਿੰਡਾਂ ਵਿੱਚ ਇਹ ਕੈਂਪ ਲਗਾਏ ਜਾਣਗੇ। ਉਨ੍ਹਾ ਕਿਹਾ ਕਿ ਸਮੂਹ ਵਿਭਾਗੀ ਅਧਿਕਾਰੀ ਇਨ੍ਹਾਂ ਕੈਂਪਾਂ ਦੌਰਾਨ ਆਪਣੀ ਡਿਊਟੀ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣ।

# ਗੁਰੂ ਨਾਨਕ ਨੈਸ਼ਨਲ ਕਾਲਜ ਦੇ ਕੈਡਿਟਾਂ ਪਰੇਡ ਦੀ ਕੀਤੀ ਅਗਵਾਈ



ਦੋਰਾਹਾ (ਹਰਮਿੰਦਰ ਸੇਠ)-ਗੁਰੂ ਨਾਨਕ ਨੈਸ਼ਨਲ ਕਾਲਜ, ਦੋਰਾਹਾ ਦੇ ਐੱਨ. ਸੀ. ਸੀ. ਕੈਡਿਟਾਂ ਨੇ ਗਣਤੰਤਰ ਦਿਵਸ ਦੇ ਅਵਸਰ 'ਤੇ ਪਾਇਲ ਵਿਖੇ ਹੋਈ ਪਰੇਡ ਵਿੱਚ ਹਿੱਸਾ ਲਿਆ।ਇਹ ਜਾਣਕਾਰੀ ਦਿੰਦਿਆਂ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਦੱਸਿਆ ਕਿ 19 ਪੰਜਾਬ ਬਟਾਲੀਅਨ ਐੱਨ. ਸੀ. ਸੀ. ਲੁਧਿਆਣਾ ਦੇ ਕਮਾਂਡਿੰਗ ਅਫ਼ਸਰ ਕਰਨਲ ਪ੍ਰਵੀਨ ਧੀਮਾਨ ਦੀ ਕਮਾਂਡ ਅਧੀਨ ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਐੱਨ. ਸੀ. ਸੀ. ਕੈਡਿਟਾਂ ਨੇ ਸਬ ਡਵੀਜ਼ਨ ਪਾਇਲ ਵਿਖੇ 26 ਜਨਵਰੀ ਦੇ ਮੌਕੇ 75ਵੇਂ ਗਣਤੰਤਰ ਦਿਵਸ ਦੀ ਪਰੇਡ ਦੀ ਅਗਵਾਈ ਕੀਤੀ।ਲੜਕੀਆਂ ਦੀ ਟੁੱਕੜੀ ਦੀ ਅਗਵਾਈ ਸਾਕਸ਼ੀ ਨਿਥਾਨੀ ਤੇ ਅਨੂ ਤਿਵਾੜੀ ਅਤੇ ਲੜਕਿਆਂ ਦੀ ਟੁੱਕੜੀ ਦੀ ਅਗਵਾਈ ਬਜਰੰਗੀ ਪ੍ਰਜਾਪਤੀ ਨੇ ਕੀਤੀ।ਇਸ ਮੌਕੇ ਪਾਇਲ ਦੇ ਐੱਸ. ਡੀ. ਐੱਮ. ਡਾ. ਪੂਨਮਪ੍ਰੀਤ ਕੌਰ (ਪੀ.ਸੀ.ਐੱਸ.) ਵੱਲੋਂ ਪਰੇਡ ਦਾ ਨਿਰੀਖਣ ਕੀਤਾ ਗਿਆ ਤੇ ਬਾਅਦ ਵਿੱਚ ਕੈਡਿਟਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕਰਦੇ ਹੋਏ ਤਿਰੰਗੇ ਨੂੰ ਸਲਾਮੀ ਵੀ ਦਿੱਤੀ ਗਈ।ਏ ਐੱਨ ਓ ਲਫ਼ਟੀਨੈਂਟ ਸਨਦੀਪ ਸਿੰਘ ਹੁੰਦਲ ਤੇ ਏ ਐੱਨ ਓ ਬਲਬੀਰ ਸਿੰਘ ਤੇ ਏ ਐੱਨ ਓ ਤਲਵਿੰਦਰ ਸਿੰਘ ਦੀ ਨਿਗਰਾਨੀ ਹੇਠ ਤਿਆਰ ਕੀਤੀ ਗਈ। ਇਸ ਪਰੇਡ ਵਿੱਚ ਕਾਲਜ ਦੇ 40 ਕੈਡਿਟਾਂ ਨੇ ਭਾਗ ਲਿਆ।ਇਸ ਮੌਕੇ 19 ਪੰਜਾਬ ਬਟਾਲੀਅਨ ਐੱਨ. ਸੀ. ਸੀ. ਲੁਧਿਆਣਾ ਵੱਲੋਂ ਹੌਲਦਾਰ ਚੰਨਣ ਸਿੰਘ ਤੇ ਹੌਲਦਾਰ ਗੁਰਵਿੰਦਰ ਸਿੰਘ ਹਾਜ਼ਰ ਸਨ।ਇਸ ਪਰੇਡ ਦੇ ਸਫ਼ਲਤਾਪੂਰਵਕ ਆਯੋਜਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੱਤੀ।

# ਬਾਬਾ ਬੁੱਢਾ ਕਾਲਜ 'ਚ ਚੋਰ ਲੋਹੇ ਦੀਆਂ ਗਰਿੱਲਾਂ ਤੇ ਐਂਗਲਜ਼ ਪੁੱਟ ਕੇ ਲੈ ਗਏ



ਸਰਾਏ ਅਮਾਨਤ ਖਾਂ (ਮੱਖਣ ਮਨੋਜ) -ਝਬਾਲ ਇਲਾਕੇ ਵਿੱਚ ਚੋਰਾਂ ਵੱਲੋਂ ਰਾਤ ਸਮੇਂ ਕੀਤੀਆਂ ਜਾ ਰਹੀਆਂ ਚੋਰੀਆਂ ਦੀਆਂ ਵਾਰਦਾਤਾਂ ਦਿਨੋ ਦਿਨ ਤੇਜ਼ ਹੋ ਰਹੀਆਂ ਹਨ ਤੇ ਪੁਲਿਸ ਪ੍ਰਸ਼ਾਸਨ ਸੁਸਤ ਚੱਲ ਰਿਹਾ ਹੈ। ਆਏ ਦਿਨ ਅੱਡਾ ਝਬਾਲ ਤੇ ਆਜ ਪਾਸ ਦੇ ਪਿੰਡਾਂ ਵਿੱਚ ਚੋਰੀਆਂ ਦੀਆਂ ਘਟਨਾਵਾਂ ਵਧ ਰਹੀਆਂ ਹਨ ਜਿਸ ਦੇ ਚਲਦਿਆਂ ਬੀਤੀ ਰਾਤ ਚੋਰਾਂ ਨੇ ਬਾਬਾ ਬੁੱਢਾ ਕਾਲਜ ਬੀੜ ਸਾਹਿਬ ਦੀਆਂ ਚਾਰਦੀਵਾਰੀ ਦੀਆਂ ਕੰਧ 'ਤੇ ਲੱਗੀਆਂ ਹੋਈਆਂ ਲੋਹੇ ਦੀਆਂ ਗਰਿੱਲਾਂ ਚੋਰ ਵੱਢ ਕੇ ਲੈ ਗਏ। ਗੁਰਦੁਆਰਾ ਸੰਤ ਨਿਵਾਸ ਦੇ ਸੇਵਾਦਾਰ ਜਥੇਦਾਰ ਬਾਬਾ ਭੋਲਾ ਸਿੰਘ ਬੀੜ ਸਾਹਿਬ ਵਾਲਿਆਂ ਨੇ ਦੱਸਿਆ ਕਿ ਚੋਰਾਂ ਵੱਲੋਂ ਕਾਲਜ ਦੀ ਕੰਧਾਂ 'ਤੇ ਲੱਗੀਆਂ ਵੱਡੀਆਂ ਗਰਿੱਲਾਂ ਅਤੇ ਲੋਹੇ ਦੇ ਐਂਗਲਜ਼ ਬੀਤੀ ਰਾਤ ਵੱਢ ਕੇ ਚੋਰੀ ਕਰਕੇ ਲੈ ਗਏ ਜਿਸ ਸਬੰਧੀ ਸਵੇਰੇ ਪਤਾ ਚੱਲਿਆ। ਬਾਬਾ ਭੋਲਾ ਸਿੰਘ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਵੀ ਚੋਰ ਵਲੋਂ ਕਾਲਜ ਦੀ ਗਰਾਊਂਡ ਦੇ ਗੇਟ ਵੀ ਪੁੱਟਣ ਦੀ ਕੋਸ਼ਿਸ਼ ਕੀਤੀ ਗਈ ਸੀ ਪ੍ਰੰਤੂ ਖੜਾਕ ਸੁਣ ਕੇ ਸਾਡੇ ਬੰਦੇ ਉੱਠ ਖੜ੍ਹੇ ਹੋਏ ਅਤੇ ਇੱਕ ਚੋਰ ਨੂੰ ਫੜ ਕੇ ਪੁਲਸ ਦੇ ਹਵਾਲੇ ਵੀ ਕੀਤਾ ਸੀ। ਪਿਛਲੇ ਕੁਝ ਦਿਨਾਂ ਤੋਂ ਝਬਾਲ ਇਲਾਕੇ ਵਿੱਚ ਚੋਰਾਂ ਵੱਲੋਂ ਵਾਰਦਾਤਾਂ ਕਾਫੀ ਤੇਜ਼ ਕੀਤੀਆਂ ਹੋਈਆਂ ਹਨ। ਕਾਲਜ ਦੇ ਸੁਪਰਡੈਂਟ ਤੇਜਿੰਦਰ ਸਿੰਘ ਤੇ ਕਲਰਕ ਸੁਖਬੀਰ ਸਿੰਘ ਨੇ ਇਸ ਸੰਬਧੀ ਥਾਣਾ ਝਬਾਲ ਵਿਖੇ ਐਂਗਲਜ਼ ਚੋਰੀ ਸੰਬੰਧੀ ਦਰਖ਼ਾਸਤ ਦਿੱਤੀ ਗਈ ਹੈ।

# ਸੰਯੁਕਤ ਕਿਸਾਨ ਮੋਰਚਾ, ਮਜ਼ਦੂਰ, ਮੁਲਾਜ਼ਮ ਜਥੇਬੰਦੀਆਂ ਵੱਲੋਂ 16 ਦੇ ਭਾਰਤ ਬੰਦ ਦੀ ਵਿਉਂਤਬੰਦੀ



ਤਰਨ ਤਾਰਨ : ਸੰਯੁਕਤ ਕਿਸਾਨ ਮੋਰਚਾ ਭਾਰਤ ਵਿੱਚ ਸ਼ਾਮਲ ਕਿਸਾਨ ਜਥੇਬੰਦੀਆਂ, ਮਜ਼ਦੂਰ, ਮੁਲਾਜ਼ਮ ਜਥੇਬੰਦੀਆਂ ਦੀ ਸਾਂਝੇ ਰੂਪ ਵਿੱਚ ਮੀਟਿੰਗ ਗਾਂਧੀ ਪਾਰਕ 'ਚ ਹੋਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ( ਅਜੈ ਭਵਨ) ਦੇ ਜ਼ਿਲ੍ਹਾ ਪ੍ਰਧਾਨ ਪੂਰਨ ਸਿੰਘ ਮਾੜੀਮੇਘਾ ,ਜਮਹੂਰੀ ਕਿਸਾਨ ਸਭਾ ਪੰਜਾਬ ਦੇ ਜ਼ਿਲ੍ਹਾ ਸਕੱਤਰ ਦਲਜੀਤ ਸਿੰਘ ਦਿਆਲਪੁਰਾ, ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਹਰਜੀਤ ਸਿੰਘ ਰਵੀ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਨਛੱਤਰ ਸਿੰਘ ਮੁਗਲ ਚੱਕ, ਕੌਮੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਤਰਸੇਮ ਸਿੰਘ ਲੁਹਾਰ, ਅਜ਼ਾਦ ਕਿਸਾਨ ਸੰਘਰਸ਼ ਕਮੇਟੀ ਏਕਤਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਭੁਪਿੰਦਰ ਸਿੰਘ ਪੰਡੋਰੀ ਤਖਤ ਮੱਲ, ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਆਗੂ ਬਲਬੀਰ ਸਿੰਘ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਮੁੱਖ ਬੁਲਾਰੇ ਠੇਕੇਦਾਰ ਅੰਮ੍ਰਿਤਪਾਲ ਸਿੰਘ ਜੌੜਾ, ਅਜ਼ਾਦ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਮੀਤ ਸਕੱਤਰ ਸੁਖਦੇਵ ਸਿੰਘ ਤੁੜ , ਕਿਸਾਨ ਸੰਘਰਸ਼ ਕਮੇਟੀ ਪੰਜਾਬ (ਪੰਨੂ) ਦੇ ਗੁਰਬਚਨ ਸਿੰਘ ਘੜਕਾ , ਕੁੱਲ ਹਿੰਦ ਕਿਸਾਨ ਸਭਾ (ਪੂੰਨਾਵਾਲ) ਦੇ ਇੰਦਰਜੀਤ ਸਿੰਘ ਮਰਹਾਣਾ ,ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਮੇਹਰ ਸਿੰਘ ਸਖੀਰਾ ਮੁਲਾਜ਼ਮ ਜਥੇਬੰਦੀਆਂ ਦੇ ਟੀ ਐਸ ਯੂ ਬਿਜਲੀ ਬੋਰਡ ਦੇ ਸਰਕਲ ਪ੍ਰਧਾਨ ਅਵਤਾਰ ਸਿੰਘ, ਲਖਵਿੰਦਰ ਸਿੰਘ ਬਿੱਟੂ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ, ਆਸ਼ਾ ਵਰਕਰ ਯੂਨੀਅਨ ਏਟਕ ਦੇ ਸ਼ਹਿਰੀ ਪ੍ਰਧਾਨ ਰਮਨਦੀਪ ਕੌਰ , ਸੀਟੂ ਦੇ ਧਰਮ ਸਿੰਘ , ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਚਰਨ ਸਿੰਘ ਭਵਨ ਨਿਰਮਾਣ ਯੂਨੀਅਨ ਦੇ ਸੁਖਦੇਵ ਸਿੰਘ ਗੋਹਲਵੜ ਦੁਕਾਨਦਾਰ ਯੂਨੀਅਨ ਦੇ ਨਿਰਮਲ ਸਿੰਘ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਸਕੱਤਰ ਨਰਭਿੰਦਰ ਸਿੰਘ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਭਰਤੀ ਜਨਤਾ ਪਾਰਟੀ ਦੀ ਸਰਕਾਰ ਵੱਲੋਂ ਪੇਸ਼ ਕੀਤਾ ਬਜਟ ਕਿਸਾਨ, ਮਜ਼ਦੂਰ, ਵਪਾਰੀ, ਔਰਤ ਅਤੇ ਵਿਦਿਆਰਥੀ ਵਿਰੋਧੀ ਹੈ ਜਿਸ ਦੀ ਜਥੇਬੰਦੀਆਂ ਵੱਲੋਂ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਅਤੇ ਆਗੂ ਵੱਲੋਂ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਸਾਂਝੇ ਲੜਾਈ ਤੇਜ਼ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਦੇ ਦਿੱਤੇ ਸੱਦੇ 16 ਫਰਵਰੀ ਨੂੰ ਭਾਰਤ ਬੰਦ ਕਰਨ ਲਈ ਤਰਨ ਤਾਰਨ ਜ਼ਿਲ੍ਹੇ ਦੀ ਵਿਉਂਤਬੰਦੀ ਕੀਤੀ ਗਈ ਜਿਸ ਦੀ ਤਿਆਰੀ ਲਈ 5 ਫਰਵਰੀ ਨੂੰ ਤਹਿਸੀਲ ਪੱਧਰੀ ਮੀਟਿੰਗਾਂ ਕੀਤੀਆਂ ਜਾਣਗੀਆਂ ਅਤੇ 9 ਫਰਵਰੀ ਨੂੰ ਤਹਿਸੀਲ ਕੇਂਦਰ ਤੇ ਰੋਸ ਮਾਰਚ ਕਰਕੇ ਸਮੂਹ ਲੋਕਾਂ ਨੂੰ 16 ਫਰਵਰੀ ਦੇ ਭਾਰਤ ਬੰਦ ਸਫਲ ਬਣਾਉਣ ਲਈ ਅਪੀਲ ਕੀਤੀ ਜਾਵੇਗੀ। ਮੋਰਚੇ ਦੇ ਆਗੂਆਂ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵੱਲੋਂ ਲੋਕਾਂ ਨੂੰ ਸਹੂਲਤਾਂ ਦੇਣ ਦੀ ਥਾਂ ਲੋਕਤੰਤਰ ਦੀ ਜਮਹੂਰੀਅਤ ਨੂੰ ਕੁਚਲਣਾ ਸ਼ੁਰੂ ਕਰ ਦਿੱਤਾ ਗਿਆ ਹੈ। ਹਰ ਵਿਰੋਧੀ ਵਿਚਾਰ ਨੂੰ ਡੰਡੇ ਦੇ ਜ਼ੋਰ ਦਬਾਉਣ ਲਈ ਝੂਠੇ ਪਰਚੇ ਦਰਜ ਕਰਕੇ ਜੇਲ੍ਹਾਂ ਵਿੱਚ ਬੰਦ ਕੀਤਾ ਜਾ ਰਿਹਾ ਹੈ। ਮੋਰਚੇ ਨੇ ਸਮੂਹ ਇਨਸਾਫ ਪਸੰਦ ਲੋਕਾਂ ਨੂੰ 16 ਫਰਵਰੀ ਦੇ ਭਾਰਤ ਬੰਦ ਨੂੰ ਸਫਲ ਬਣਾਉਣ ਲਈ ਪੂਰਨ ਸਹਿਯੋਗ ਦੀ ਅਪੀਲ ਕੀਤੀ। ਇਸ ਮੀਟਿੰਗ ਵਿਚ ਅਜੈਬ ਸਿੰਘ ਅਲਾਦੀਨਪੁਰ, ਮਨਜੀਤ ਸਿੰਘ ਬੱਗੂ, ਬਲਵਿੰਦਰ ਸਿੰਘ ਸਖੀਰਾ, ਹਰਵਿੰਦਰ ਸਿੰਘ ਵਲੀਪੁਰ, ਜੱਸਾ ਸਿੰਘ ਕੱਦਗਿੱਲ , ਟੀ ਐਸ ਯੂ ਦੇ ਦੀਪਕ ਕੁਮਾਰ , ਸੁਖਵਿੰਦਰ ਸਿੰਘ ਘੜਕਾ, ਸੁਖਦੇਵ ਸਿੰਘ ਚਾਹਲ ਆਦਿ ਆਗੂ ਵੀ ਸ਼ਾਮਲ ਸਨ।

# ਅਧਿਕਾਰੀਆਂ ਨੂੰ ਭਲਾਈ ਯੋਜਨਾਵਾਂ ਦਾ ਲਾਭ ਹੇਠਲੇ ਪੱਧਰ ਤੱਕ ਪਹੁੰਚਾਉਣ ਦੇ ਨਿਰਦੇਸ਼



ਗੁਰਦਾਸਪੁਰ (ਜਨਕ ਮਹਾਜਨ)- ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅਧਿਕਾਰੀਆਂ ਨੂੰ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਯੋਜਨਾਵਾਂ ਦਾ ਲਾਭ ਹੇਠਲੇ ਪੱਧਰ ਤੱਕ ਪਹੁੰਚਾਉਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਅਧਿਕਾਰੀ ਭਲਾਈ ਯੋਜਨਾਵਾਂ ਦੀ ਆਪਣੇ ਪੱਧਰ 'ਤੇ ਸਮੀਖਿਆ ਕਰਨ ਦੇ ਨਾਲ ਵਿਕਾਸ ਕਾਰਜਾਂ ਦਾ ਮੌਕੇ 'ਤੇ ਜਾ ਕੇ ਨਿਰੀਖਣ ਕਰਨ। ਵੀਡੀਓ ਕਾਨਫ਼ਰੰਸ ਰਾਹੀਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਵਿਕਾਸ ਕਾਰਜਾਂ ਸਬੰਧੀ ਰੀਵਿਊ ਮੀਟਿੰਗ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਜਲਦ ਨੇਪਰੇ ਚਾੜ੍ਹਿਆ ਜਾਵੇ ਅਤੇ ਲੋਕਾਂ ਦੀ ਭਲਾਈ ਲਈ ਆਈਆਂ ਗਰਾਂਟਾਂ ਨੂੰ ਉਸ ਮਕਸਦ ਤਹਿਤ ਬਿਨਾਂ ਕਿਸੇ ਦੇਰੀ ਦੇ ਖ਼ਰਚਿਆ ਜਾਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 21 ਹੋਰ ਨਵੇਂ ਆਮ ਆਦਮੀ ਕਲੀਨਿਕ ਉਸਾਰੇ ਜਾ ਰਹੇ ਹਨ ਤਾਂ ਜੋ ਸਿਹਤ ਸੇਵਾਵਾਂ ਦੇ ਖੇਤਰ ਦਾ ਹੋਰ ਵਿਸਥਾਰ ਕੀਤਾ ਜਾ ਸਕੇ। ਉਨ੍ਹਾਂ ਸੰਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਫਰਵਰੀ ਮਹੀਨੇ ਦੇ ਅਖੀਰ ਤੱਕ ਇਹ ਸਾਰੇ ਆਮ ਆਦਮੀ ਕਲੀਨਿਕ ਤਿਆਰ ਕਰ ਲਏ ਜਾਣ।

ਸੀ.ਐੱਮ. ਦੀ ਯੋਗਸ਼ਾਲਾ ਦਾ ਰੀਵਿਊ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਜ਼ਿਲ੍ਹੇ ਦੇ ਵੱਖ-ਵੱਖ ਸ਼ਹਿਰਾਂ ਵਿੱਚ 98 ਯੋਗਾ ਕਲਾਸਾਂ ਚੱਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਵੋਟਾਂ ਬਣਾਉਣ ਲਈ ਜ਼ਿਲ੍ਹੇ ਵਿੱਚ ਵਿਸ਼ੇਸ਼ ਕੈਂਪ ਵੀ ਲਗਾਏ ਜਾਣ। ਮੀਟਿੰਗ ਦੌਰਾਨ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਅਤੇ ਹੋਰ ਭਲਾਈ ਯੋਜਨਾਵਾਂ ਦਾ ਰੀਵਿਊ ਵੀ ਕੀਤਾ ਗਿਆ।

# ਮੋਦੀ ਸਰਕਾਰ ਦਾ ਅੰਤਰਮ ਬਜਟ ਗਰੀਬ ਵਿਰੋਧੀ ਸਿੱਧ ਹੋਇਆ : ਕਾਮਰੇਡ ਬਲਵਿੰਦਰ ਸਿੰਘ



ਚੋਹਲਾ ਸਾਹਿਬ (ਰਮਨ ਚੱਡਾ)- ਸੀ ਪੀ ਆਈ ਦੇ ਜ਼ਿਲ੍ਹਾ ਕਾਰਜਕਾਰੀ ਕਮੇਟੀ ਦੇ ਮੈਂਬਰ ਕਾਮਰੇਡ ਬਲਵਿੰਦਰ ਸਿੰਘ ਨੇ ਦੱਸਿਆ ਕਿ ਮੋਦੀ ਸਰਕਾਰ ਦਾ ਲਾਸਟ ਬਜਟ ਗਰੀਬ ਵਿਰੋਧੀ ਸਿੱਧ ਹੋਇਆ ਹੈ।ਬਜਟ 'ਚ ਮੋਦੀ ਸਰਕਾਰ ਨੇ ਨਾ ਤਾਂ ਰਸੋਈ ਗੈਸ ਨੂੰ ਛੋਟ ਦਿੱਤੀ, ਨਾ ਹੀ ਕਿਸਾਨਾਂ ਦੀਆਂ ਫਸਲਾਂ ਦੇ ਰੇਟ ਵਧਾਏ। ਕਿਸਾਨ ਦੇ ਵਰਤਣ ਵਾਲੀਆਂ ਚੀਜ਼ਾਂ ਖਾਦ, ਸਪਰੇਆਂ ਦੇ ਰੇਟ ਵੀ ਨਹੀਂ ਘਟਾਏ ਗਏ। ਨਾ ਹੀ ਨੌਜਵਾਨਾਂ ਦੀਆਂ ਨੌਕਰੀਆਂ ਵਿਚ ਵਾਧਾ ਕੀਤਾ ਗਿਆ ਹੈ।

ਉਧਰ ਖਾਣ ਪੀਣ ਵਾਲੀਆਂ ਚੀਜ਼ਾਂ ਦੇ ਰੇਟ ਅਸਮਾਨ ਛੂਹ ਰਹੇ ਹਨ ।ਸਰਕਾਰ ਇਸ ਬਜਟ 'ਤੇ ਮੁੜ ਵਿਚਾਰ ਕਰੇ ਤੇ ਮਹਿੰਗਾਈ 'ਤੇ ਨੱਥ ਪਾਵੇ। ਜੇ ਸਰਕਾਰ ਨੇ ਇਹਨਾਂ ਗੱਲਾਂ 'ਤੇ ਵਿਚਾਰ ਨਾ ਕੀਤੀ ਤਾਂ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਭਾਰਤ ਦੇ ਲੋਕ ਬੀ ਜੇ ਪੀ ਦਾ ਤਖਤਾ ਪਲਟ ਦੇਣਗੇ।

# ਪਾਵਰਕਾਮ ਮੈਨੇਜਮੈਂਟ ਦੇ ਫੈਸਲੇ ਵਿਰੁੱਧ ਮੰਡਲ ਦਫਤਰ ਪੱਟੀ ਅੱਗੇ ਰੋਸ ਜਤਾਇਆ



ਪੱਟੀ (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ) - ਪੰਜਾਬ ਸਟੇਟ ਪਾਵਰਕੌਮ ਟਰਾਂਸਮਿਸ਼ਨ ਲਿ: ਵੱਲੋਂ ਆਪਣੇ ਪੈਨਸ਼ਨਰਾਂ ਦੀ ਪੈਨਸ਼ਨ ਪਾਰਟ ਪੇਮਿੰਟ ਪਾਉਣ ਵਿਰੁੱਧ ਪੈਨਸ਼ਨਰ ਐਸੋ: ਸੂਬਾ ਕਮੇਟੀ ਵੱਲੋਂ ਮੰਡਲ ਦਫਤਰਾਂ ਅੱਗੇ ਮੈਨੇਜਮੈਂਟ ਖਿਲਾਫ ਰੋਸ ਪ੍ਰਦਰਸ਼ਨ ਕਰਨ ਦੇ ਦਿੱਤੇ ਸੱਦੇ ਤਹਿਤ ਮੰਡਲ ਪੱਟੀ ਦੇ ਪ੍ਰਧਾਨ ਹਰਵੰਤ ਸਿੰਘ ਆਸਲ ਦੀ ਪ੍ਰਧਾਨਗੀ ਹੇਠ ਮੰਡਲ ਦਫਤਰ ਅੱਗੇ ਪੈਨਸ਼ਨਰਾਂ ਅਤੇ ਮੁਲਾਜ਼ਮਾਂ ਨੇ ਸਾਂਝਾ ਧਰਨਾ ਲਾਇਆ। ਇਸ ਧਰਨੇ ਨੂੰ ਪੈਨਸ਼ਨ ਐਸੋ: ਸਰਕਲ ਤਰਨ ਤਾਰਨ ਦੇ ਵਿੱਤ ਸਕੱਤਰ ਹਰਭਜਨ ਸਿੰਘ ਪੱਟੀ, ਮੰਡਲ ਸਰਪ੍ਰਸਤ ਇੰਜੀ: ਕੁਲਵੰਤ ਸਿੰਘ ਮਾਣਕਪੁਰ, ਸਕੱਤਰ ਰਸ਼ਪਾਲ ਸਿੰਘ ਸਹਿਦੇਵ, ਪੈਨਸ਼ਨ ਆਗੂ ਇੰਜੀ: ਸੁਖਵਿੰਦਰ ਸਿੰਘ ਮੋਹਲ, ਬੂਟਾ ਸਿੰਘ ਅਸਲ, ਬਾਬਾ ਜਸਵੰਤ ਸਿੰਘ ਪੱਟੀ, ਜਸਵੰਤ ਸਿੰਘ ਚੋਹਲਾ ਅਤੇ ਪੀ ਐਸ ਈ ਬੀ ਇੰਪ: ਫੈਡ: (ਪਹਿਲਵਾਨ) ਮੰਡਲ ਪੱਟੀ ਦੇ ਪ੍ਰਧਾਨ ਮੰਗਲ ਸਿੰਘ ਸਭਰਾ, ਇੰਜੀ ਗੁਰਮੀਤ ਸਿੰਘ ਨੇ ਸੰਬੋਧਨ ਕਰਦਿਆਂ ਮੈਨੇਜਮੈਂਟ ਵੱਲੋਂ ਪੈਨਸ਼ਨਰਾਂ ਦੀ ਪੈਨਸ਼ਨ ਅਤੇ ਮੁਲਾਜ਼ਮਾਂ ਦੀ ਤਨਖਾਹ ਪਾਰਟ ਪੇਮਿੰਟ ਕਰਨ ਦੀ ਜ਼ੋਰਦਾਰ ਨਿੰਦਾ ਕੀਤੀ। ਆਗੂਆਂ ਮੰਗ ਕੀਤੀ ਕਿ ਸਰਕਾਰੀ ਵਿਭਾਗਾਂ ਵੱਲ 3100 ਕਰੋੜ ਰੁਪਏ ਅਤੇ 5400 ਕਰੋੜ ਰੁਪਏ ਸਬਸਿਡੀਆ ਦੀਆਂ ਅਦਾਇਗੀਆਂ ਤੁਰੰਤ ਕੀਤੀਆਂ ਜਾਣ। ਆਗੂਆਂ ਦੱਸਿਆ ਕਿ ਧਰਨੇ ਦੌਰਾਨ ਹੀ ਪੈਨਸ਼ਨਰਾਂ ਨੂੰ ਬੈਂਕਾਂ ਵੱਲੋਂ ਸੰਦੇਸ਼ ਆਉਣੇ ਸ਼ੁਰੂ ਹੋ ਗਏ ਕਿ ਪੈਨਸ਼ਨਰਾਂ ਦੀ ਬਕਾਇਆ ਰਾਸ਼ੀ ਖਾਤਿਆਂ ਵਿੱਚ ਆ ਗਈ ਹੈ। ਆਗੂਆਂ ਕਿਹਾ ਕਿ ਇਹ ਪੈਨਸ਼ਨਰਾਂ ਦੀ ਸ਼ਾਨਦਾਰ ਜਿੱਤ ਹੈ । ਇਸ ਮੌਕੇ ਹੋਰਨਾਂ ਤੋਂ ਇਲਾਵਾ ਇੰਜੀ: ਬਘੇਲ ਸਿੰਘ, ਇੰਜੀ: ਅਮਰੀਕ ਸਿੰਘ, ਗਿਆਨ ਸਿੰਘ ਪੱਟੀ, ਗੁਰਸਰਨ ਸਿੰਘ, ਗੁਰਸੇਵਕ ਸਿੰਘ ਆਸਲ, ਅਜੇ ਕੁਮਾਰ ਸ਼ਰਮਾ, ਧਰਮ ਸਿੰਘ ਸਖੀਰਾ, ਦੇਵੀ ਦਿੱਤਾ , ਸਰਵਨ ਸਿੰਘ ਆਸਲ, ਇੰਦਰਜੀਤ ਸਿੰਘ ਲੁਹੋਕਾ, ਜਸਵੰਤ ਸਿੰਘ ਚੋਹਲਾ, ਬੀਬੀ ਗਿਆਨ ਕੌਰ, ਮਨਜੀਤ ਕੌਰ, ਰਜਵੰਤ ਕੌਰ ਰਿਕਾਰਡ ਕੀਪਰ ਅਤੇ ਗੁਰਵਿੰਦਰ ਕੌਰ ਆਦਿ ਹਾਜ਼ਰ ਸਨ।

# ਘਰ 'ਤੇ ਹਵਾਈ ਫਾਇਰ ਕਰਨ ਵਾਲਿਆਂ 'ਤੇ ਮਾਮਲਾ ਦਰਜ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਕਰਮ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਚੋਗਾਵਾਂ ਸਾਧਪੁਰ ਥਾਣਾ ਮੱਤੇਵਾਲ ਦੀ ਪੁਲਸ ਨੂੰ ਦਿੱਤੇ ਬਿਆਨ ਵਿੱਚ ਦੱਸਿਆ ਕਿ ਮੈਂ ਮਹਿਤਾ ਰੋਡ ਦੇ ਪਿੰਡ ਚੋਗਾਵਾਂ ਦੇ ਅੱਡੇ ਵਿੱਚ ਟਾਇਰਾਂ ਨੂੰ ਪੈਂਚਰ ਲਗਾਉਣ ਦਾ ਕੰਮ ਕਰਦਾ ਹਾਂ ਅਤੇ ਰੋਜ਼ਾਨਾ ਦੀ ਤਰ੍ਹਾਂ ਅਸੀਂ ਸਾਰਾ ਪਰਵਾਰ ਰੋਟੀ ਪਾਣੀ ਖਾ ਕੇ ਰਾਤ ਨੂੰ ਘਰ ਦਾ ਮੇਨ ਗੇਟ ਬੰਦ ਕਰਕੇ ਆਪਣੇ ਘਰ ਦੇ ਅੰਦਰ ਕਮਰੇ ਵਿੱਚ ਲੰਮੇ ਪਏ ਸੀ ਕਿ ਰਾਤ ਕਰੀਬ 11:00 ਵਜੇ ਅਚਾਨਕ ਗਲੀ ਵਿੱਚ ਆਪਣੇ ਮੇਨ ਗੇਟ 'ਤੇ ਕੁਝ ਵਿਅਕਤੀਆਂ ਵੱਲੋਂ ਉਚੀ ਉਚੀ ਗੱਲਾਂ ਕਰਨ ਅਤੇ ਮੋਟਰਸਾਈਕਲ ਗੇਟ ਅੱਗੇ ਬੰਦ ਹੋਣ ਦੀ ਆਵਾਜ਼ ਸੁਣੀ ਤਾਂ ਮੈਂ ਉਠ ਕੇ ਆਪਣੇ ਘਰ ਦੀ ਲਾਈਟ ਜਗਾ ਕੇ ਗੇਟ ਦੇ ਅੰਦਰੋਂ ਹੀ ਕੋਠੇ 'ਤੇ ਚੜ੍ਹਿਆ ਤਾਂ ਇੰਨੇ ਨੂੰ ਹੀ ਉਹਨਾਂ ਨਾਮਲੂਮ ਵਿਅਕਤੀਆਂ ਨੇ 2,3 ਹਵਾਈ ਫਾਇਰ ਕੀਤੇ ਜਿਨ੍ਹਾਂ ਵਿੱਚੋ ਇੱਕ ਫਾਇਰ ਸਾਡੇ ਘਰ ਦੇ ਮੇਨ ਗੇਟ ਉਪਰ ਲੱਗਾ। ਗੋਲੀਆਂ ਚੱਲਣ ਦੀ ਆਵਾਜ਼ ਸੁਣ ਕੇ ਮੇਰਾ ਸਾਰਾ ਪਰਵਾਰ ਉਠ ਖਲੋਤਾ। ਜਦ ਅਸੀਂ ਆਪਣੇ ਕੋਠੇ ਚੜ੍ਹ ਕੇ ਵੇਖਿਆ ਤਾਂ ਤਿੰਨ ਚਾਰ ਨਾਮਲੂਮ ਆਦਮੀ ਬਾਜ਼ਾਰ ਵਿੱਚੋ ਮੋਟਰਸਾਈਕਲਾਂ 'ਤੇ ਚੜ੍ਹ ਕੇ ਮੇਨ ਸੜਕ ਵੱਲ ਨੂੰ ਚਲੇ ਗਏ । ਥਾਣਾ ਮੱਤੇਵਾਲ ਦੀ ਪੁਲਸ ਵੱਲੋਂ 4 ਅਣਪਛਾਤੇ ਵਿਅਕਤੀਆਂ 'ਤੇ ਮੁਕੱਦਮਾ ਦਰਜ ਕੀਤਾ ਗਿਆ।

# ਸਰਕਾਰੀ ਸਕੂਲ ਕਿਲ੍ਹਾ ਟੇਕ ਸਿੰਘ ਦੇ ਵਿਦਿਆਰਥੀਆਂ ਨੇ ਜੰਗ-ਏ-ਅਜ਼ਾਦੀ ਯਾਦਗਰ ਦੇ ਕੀਤੇ ਦਰਸ਼ਨ



ਗੁਰਦਾਸਪੁਰ, (ਜਨਕ ਮਹਾਜਨ)- ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਸਕੂਲ ਸਿੱਖਿਆ ਵਿਭਾਗ ਵਲੋਂ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਮੁਫ਼ਤ ਵਿਦਿਅਕ ਟੂਰ ਕਰਵਾਏ ਜਾ ਰਹੇ ਹਨ। ਰਾਜ ਸਰਕਾਰ ਦੇ ਇਨ੍ਹਾਂ ਆਦੇਸ਼ਾਂ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਿਲ੍ਹਾ ਟੇਕ ਸਿੰਘ ਦੇ ਵਿਦਿਆਰਥੀਆਂ ਦਾ ਜੰਗ-ਏ-ਅਜ਼ਾਦੀ ਯਾਦਗਾਰ ਕਰਤਾਰਪੁਰ ਵਿਖੇ ਵਿੱਦਿਅਕ ਟੂਰ ਕਰਵਾਇਆ ਗਿਆ। ਇਸ ਵਿੱਦਿਅਕ ਟੂਰ ਦੌਰਾਨ ਵਿਦਿਆਰਥੀਆਂ ਨੇ ਜੰਗ-ਏ-ਅਜ਼ਾਦੀ ਯਾਦਗਾਰ ਵਿਖੇ ਭਾਰਤ ਦੀ ਅਜ਼ਾਦੀ ਸੰਗਰਾਮ ਦੀਆਂ ਪ੍ਰਦਰਸ਼ਿਤ ਕੀਤੀਆਂ ਸਾਰੀਆਂ ਘਟਨਾਵਾਂ ਨੂੰ ਨੇੜੇ ਤੋਂ ਦੇਖਿਆ ਅਤੇ ਸਮਝਿਆ। ਵਿਦਿਆਰਥੀਆਂ ਨੇ ਵੱਖ-ਵੱਖ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਅਤੇ ਉਨ੍ਹਾਂ ਦੇ ਜੀਵਨ ਬਾਰੇ ਵੀ ਜਾਣਕਾਰੀ ਹਾਸਲ ਕੀਤੀ।

ਇਸ ਦੇ ਨਾਲ ਹੀ ਵਿਦਿਆਰਥੀਆਂ ਨੂੰ ਸੂਬਾ ਪੰਜਾਬ ਦੇ ਇਤਿਹਾਸ ਬਾਰੇ ਵੀ ਜਾਨਣ ਦਾ ਮੌਕਾ ਮਿਲਿਆ। ਉਨ੍ਹਾਂ ਇਸ ਵਿੱਦਿਅਕ ਟੂਰ ਲਈ ਆਪਣੇ ਸਕੂਲ ਦੇ ਪ੍ਰਿੰਸੀਪਲ, ਜ਼ਿਲ੍ਹਾ ਸਿੱਖਿਆ ਅਫ਼ਸਰ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।

ਇਸੇ ਦੌਰਾਨ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਮਮਤਾ ਸੇਠੀ ਖੁਰਾਣਾ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਮੁਫ਼ਤ ਵਿਦਿਅਕ ਟੂਰ ਕਰਵਾਏ ਜਾ ਰਹੇ ਹਨ ਜਿਸ ਤਹਿਤ ਵਿਦਿਆਰਥੀਆਂ ਨੂੰ ਵੱਖ-ਵੱਖ ਧਾਰਮਿਕ, ਇਤਿਹਾਸਕ ਅਸਥਾਨਾਂ, ਯਾਦਗਾਰਾਂ, ਮੈਮੋਰੀਅਲ ਆਦਿ ਵਿਖੇ ਲਿਜਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿੱਦਿਅਕ ਟੂਰ ਨੂੰ ਲੈ ਕੇ ਵਿਦਿਆਰਥੀਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।

# ਪੰਜਾਬ ਬਚਾਓ ਯਾਤਰਾ ਦਾ ਸੁਆਗਤ ਕਰਨ ਲਈ ਬ੍ਰਹਮਪੁਰਾ ਨੇ ਵਰਕਰਾਂ ਨੂੰ ਡਿਊਟੀਆਂ ਸੌਂਪੀਆਂ



ਮੀਆਂਵਿੰਡ (ਰਵੀ ਖਹਿਰਾ)- ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਅਤੇ ਸਾਬਕਾ ਵਿਧਾਇਕ ਖਡੂਰ ਸਾਹਿਬ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਅੱਜ ਚੋਹਲਾ ਸਾਹਿਬ ਵਿਖੇ ਇੱਕ ਅਹਿਮ ਮੀਟਿੰਗ ਸੱਦੀ, ਜਿੱਥੇ ਉਨ੍ਹਾਂ ਨੇ ਆਉਣ ਵਾਲੇ ਸਮੇਂ ਲਈ ਤਿਆਰ-ਬਰ-ਤਿਆਰ ਪਾਰਟੀ ਵਰਕਰਾਂ ਨੂੰ ਤਨਦੇਹੀ ਨਾਲ ਡਿਊਟੀਆਂ ਸੌਂਪੀਆਂ। ਪੰਜਾਬ ਬਚਾਓ ਯਾਤਰਾ ਖਡੂਰ ਸਾਹਿਬ ਪਹੁੰਚਣ ਉਪਰੰਤ ਜਿਸ ਦੀ ਅਗਵਾਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਕਰਨਗੇ। ਯਾਤਰਾ ਦਾ ਮੁੱਖ ਉਦੇਸ਼ ਸੱਤਾਧਾਰੀ ਆਮ ਆਦਮੀ ਪਾਰਟੀ ਸਰਕਾਰ ਦੀਆਂ ਨਾਕਾਮੀਆਂ ਦੇ ਨਾਲ-ਨਾਲ ਵਿਰੋਧੀ ਪਾਰਟੀਆਂ ਕਾਂਗਰਸ ਸਮੇਤ ਭਾਜਪਾ ਦੀਆਂ ਨਾਕਾਮੀਆਂ ਦਾ ਖੁਲਾਸਾ ਕਰਨਾ ਹੈ।ਬ੍ਰਹਮਪੁਰਾ ਨੇ ਕਿਹਾ ਕਿ ਅੱਜ ਅਸੀਂ ਆਪਣੇ ਸਮਰਪਤ ਵਰਕਰਾਂ ਨੂੰ ਅਹਿਮ ਜ਼ਿੰਮੇਵਾਰੀਆਂ ਸੌਂਪ ਕੇ ਪੰਜਾਬ ਬਚਾਓ ਯਾਤਰਾ ਦੀ ਤਿਆਰੀ ਲਈ ਇੱਕ ਅਹਿਮ ਕਦਮ ਚੁੱਕਿਆ ਹੈ। ਇਹ ਯਾਤਰਾ ਮੌਜੂਦਾ ਪ੍ਰਸ਼ਾਸਨ ਅਧੀਨ ਪੰਜਾਬ ਨੂੰ ਦਰਪੇਸ਼ ਚੁਣੌਤੀਆਂ ਨੂੰ ਸਾਹਮਣੇ ਲਿਆਉਣ ਅਤੇ ਸੱਤਾਧਾਰੀ ਸਮੇਤ ਵਿਰੋਧੀ ਪਾਰਟੀਆਂ ਦੋਵਾਂ ਨੂੰ ਉਨ੍ਹਾਂ ਦੇ ਕੰਮਾਂ ਲਈ ਜਵਾਬਦੇਹ ਬਣਾਉਣ ਲਈ ਸਾਡਾ ਸਮੂਹਿਕ ਯਤਨ ਹੈ। ਉਨ੍ਹਾਂ ਕਿਹਾ ਕਿ ਪੰਜਾਬ ਬਚਾਓ ਯਾਤਰਾ ਸਿਰਫ਼ ਇੱਕ ਸਿਆਸੀ ਸਮਾਗਮ ਨਹੀਂ ਬਲਕਿ ਸਾਡੇ ਪੰਜਾਬ ਵਾਸੀਆਂ ਲਈ ਇਕਜੁੱਟ ਹੋਣ ਅਤੇ ਸਾਡੇ ਸੂਬੇ ਲਈ ਬਿਹਤਰ ਪ੍ਰਸ਼ਾਸਨ, ਪਾਰਦਰਸ਼ਤਾ ਅਤੇ ਤਰੱਕੀ ਦੀ ਮੰਗ ਕਰਨ ਦਾ ਇੱਕ ਪਲੇਟਫਾਰਮ ਵੀ ਹੈ। ਅਸੀਂ ਪੰਜਾਬ ਨਾਲ ਜੂਝ ਰਹੇ ਗੰਭੀਰ ਮੁੱਦਿਆਂ ਨੂੰ ਹੱਲ ਕਰਨ ਅਤੇ ਪੰਜਾਬ ਦੇ ਲੋਕਾਂ ਦੇ ਉੱਜਵਲ ਭਵਿੱਖ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ। ਬ੍ਰਹਮਪੁਰਾ ਨੇ ਮੀਟਿੰਗ ਵਿੱਚ ਪੁੱਜੇ ਵਰਕਰਾਂ ਨੂੰ ਪੰਜਾਬ ਬਚਾਓ ਯਾਤਰਾ ਦੇ ਉਦੇਸ਼ ਨੂੰ ਅਡੋਲ ਸਮਰਪਣ ਅਤੇ ਦ੍ਰਿੜ ਇਰਾਦੇ ਨਾਲ ਅੱਗੇ ਵਧਾਉਣ ਦੀ ਪੁਰਜ਼ੋਰ ਅਪੀਲ ਕੀਤੀ। ਇਸ ਮੌਕੇ ਸੀਨੀਅਰ ਅਕਾਲੀ ਆਗੂ ਸਤਨਾਮ ਸਿੰਘ ਚੋਹਲਾ ਸਾਹਿਬ, ਮਾਸਟਰ ਦਲਬੀਰ ਸਿੰਘ ਚੰਬਾ, ਮਾਸਟਰ ਗੁਰਨਾਮ ਸਿੰਘ ਧੁੰਨ, ਗੁਰਮੀਤ ਸਿੰਘ ਸਾਬਕਾ ਸਰਪੰਚ ਰਾਣੀਵਲਾਹ, ਹਰਜਿੰਦਰ ਸਿੰਘ ਬਾਦਸ਼ਾਹ ਚੋਹਲਾ ਸਾਹਿਬ, ਜਗਰੂਪ ਸਿੰਘ ਪੱਖੋਪੁਰ, ਰਘਬੀਰ ਸਿੰਘ ਰਾਣੀਵਲਾਹ, ਵੀਰਪਾਲ ਸਿੰਘ ਰਾਣੀਵਲਾਹ, ਸਰਦੂਲ ਸਿੰਘ ਸਾਬਕਾ ਸਰਪੰਚ ਸੰਗਤਪੁਰਾ, ਅਵਤਾਰ ਸਿੰਘ ਰੇਮੰਡ ਮੈਂਬਰ ਪੰਚਾਇਤ ਚੋਹਲਾ ਸਾਹਿਬ, ਮਨਜਿੰਦਰ ਸਿੰਘ ਲਾਟੀ, ਬਲਕਾਰ ਸਿੰਘ ਸਰਪੰਚ ਚੰਬਾ ਹਵੇਲੀਆਂ, ਰਜਿੰਦਰ ਸਿੰਘ ਪੱਖੋਪੁਰ, ਪਰਮਜੀਤ ਸਿੰਘ ਜਲਾਲ ਚੰਬਾ, ਤਰਸੇਮ ਸਿੰਘ ਸੰਗਤਪੁਰਾ, ਗੁਰਮੀਤ ਸਿੰਘ ਸੈਕਟਰੀ ਰੱਤੋਕੇ, ਬਾਵਾ ਸਿੰਘ ਸਰਪੰਚ ਰੱਤੋਕੇ, ਪ੍ਰਤਾਪ ਸਿੰਘ ਮੈਨੇਜਰ ਰੱਤੋਕੇ, ਹਰਪਾਲ ਸਿੰਘ ਸਰਪੰਚ ਕੌੜੇ ਵਿਧਾਨ, ਬਲਜਿੰਦਰ ਸਿੰਘ ਕੌੜੇ ਵਿਧਾਨ, ਗੁਰਮੀਤ ਸਿੰਘ ਕੰਬੋ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਪਿੰਡ ਜੱਗੋਚੱਕ ਟਾਂਡਾ ਦੇ ਗੁਰਦੁਆਰਾ ਸਾਹਿਬ ਦੇ ਸ਼ੀਸ਼ੇ ਤੋੜ ਕੇ ਚੋਰੀ



ਗੁਰਦਾਸਪੁਰ (ਦਿਨੇਸ਼ ਕੁਮਾਰ)- ਥਾਣਾ ਬਹਿਰਾਮਪੁਰ ਦੇ ਅਧੀਨ ਆਉਂਦੇ ਪਿੰਡ ਜੱਗੋਚੱਕ ਟਾਂਡਾ ਵਿਖੇ ਪਿੰਡ ਦੇ ਹੀ ਇੱਕ ਵਿਅਕਤੀ ਵੱਲੋਂ ਰਾਤ ਸਮੇਂ ਪਿੰਡ ਵਿੱਚ ਸਥਿਤ ਗੁਰਦੁਆਰਾ ਸਾਹਿਬ ਦੇ ਸ਼ੀਸ਼ੇ ਤੋੜ ਕੇ ਅੰਦਰ ਦਾਖਲ ਹੋ ਕੇ ਗੋਲਕ ਚੋਰੀ ਕਰਨ ਸਮੇਤ ਬੂਟਾਂ ਸਮੇਤ ਗੁਰਦੁਆਰਾ ਸਾਹਿਬ ਵਿੱਚ ਸੁੱਖ ਆਸਨ ਵਿਚ ਦਾਖਲ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ ।

ਇਸ ਮੌਕੇ ਸਮੂਹ ਪ੍ਰਬੰਧਕਾਂ ਅਤੇ ਸੰਗਤਾਂ ਤੇ ਗੁਰੂ ਸਾਹਿਬ ਦੇ ਪ੍ਰਧਾਨ ਤੇ ਗ੍ਰੰਥੀ ਸਾਹਿਬ ਨੇ ਦੱਸਿਆ ਕਿ ਇਹ ਘਟਨਾ ਨਿੰਦਣਯੋਗ ਹੈ ਜੋ ਕਿ ਸੀ ਸੀ ਟੀ ਵੀ ਕੈਮਰੇ ਵਿੱਚ ਕੈਦ ਹੋ ਗਈ। ਗੁਰਦੁਆਰਾ ਜਗੋਚੱਕ ਟਾਂਡਾ ਦੇ ਪ੍ਰਧਾਨ ਕੈਪਟਨ ਬਲਵਿੰਦਰ ਸਿੰਘ ਨੇ ਦੱਸਿਆ ਸਾਡੇ ਪਿੰਡ ਦਾ ਹੀ ਇੱਕ ਵਿਅਕਤੀ ਜੋ ਕਿ ਨਸ਼ੇ ਦਾ ਆਦੀ ਹੈ ਅਤੇ ਪਹਿਲਾਂ ਵੀ ਕਈ ਚੋਰੀਆਂ ਕਰ ਚੁੱਕਾ ਹੈ ਅੱਜ ਕੈਮਰੇ ਵਿੱਚ ਕੈਦ ਹੋਣ ਕਾਰਨ ਉਸ ਦੀ ਪਹਿਚਾਣ ਹੋ ਚੁੱਕੀ ਹੈ। ਇਸ ਸਬੰਧੀ ਥਾਣਾ ਬਹਿਰਾਮਪੁਰ ਪੁਲਿਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ।

ਇਸ ਸਬੰਧੀ ਜਦ ਥਾਣਾ ਮੁਖੀ ਬਹਿਰਾਮਪੁਰ ਹਰਮਿੰਦਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਦੇ ਬਿਆਨਾਂ ਦੇ ਆਧਾਰ 'ਤੇ ਆਰੋਪੀ ਨਿਸ਼ਾਨ ਸਿੰਘ ਵਾਸੀ ਜੱਗੋਚੱਕ ਟਾਡਾ ਖਿਲਾਫ ਵੱਖ ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਆਰੋਪੀ ਅਜੇ ਪੁਲਸ ਦੀ ਗ੍ਰਿਫਤ ਵਿਚ ਬਹਾਰ ਹੈ।

# 16 ਦੇ ਭਾਰਤ ਬੰਦ ਲਈ ਸੰਯੁਕਤ ਕਿਸਾਨ ਮੋਰਚਾ ਤੇ ਮਜ਼ਦੂਰ ਮੁਲਾਜ਼ਮ ਵਿਦਿਆਰਥੀ ਜਥੇਬੰਦੀਆਂ ਵੱਲੋਂ ਸਾਂਝੀ ਮੀਟਿੰਗ



ਗੁਰਦਾਸਪੁਰ (ਦਿਨੇਸ਼ ਕੁਮਾਰ)-ਕੇਂਦਰੀ ਟ੍ਰੇਡ ਯੂਨੀਅਨਾਂ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕੇਂਦਰ ਸਰਕਾਰ ਦੀਆਂ ਮਜ਼ਦੂਰ ਜਮਾਤ, ਕਿਸਾਨਾਂ, ਵਿਦਿਆਰਥੀਆਂ, ਨੌਜਵਾਨ ਅਤੇ ਮੁਲਾਜ਼ਮ ਵਿਰੋਧੀਆਂ ਖਿਲਾਫ਼ 16 ਫਰਵਰੀ ਨੂੰ ਭਾਰਤ ਬੰਦ ਦਾ ਸੱਦਾ ਲਾਗੂ ਕਰਨ ਲਈ ਅੱਜ ਸਥਾਨਕ ਰਾਮ ਸਿੰਘ ਦੱਤ ਹਾਲ ਵਿਖੇ ਵੱਖ ਵੱਖ ਕਿਸਾਨ, ਮਜ਼ਦੂਰ, ਮੁਲਾਜ਼ਮ, ਵਿਦਿਆਰਥੀ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਏਕਨੂਰ ਆਗੂ ਗੁਲਜ਼ਾਰ ਸਿੰਘ ਭੁੰਬਲੀ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਆਗੂ ਮੰਗਤ ਸਿੰਘ ਜੀਵਨ ਚੱਕਰ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ। ਜਿਸ ਵਿਚ ਬੰਦ ਨੂੰ ਸਫਲ ਬਣਾਉਣ ਲਈ ਵੱਖ ਵੱਖ ਆਗੂਆਂ ਨੇ ਆਪਣੇ ਸੁਝਾਅ ਪੇਸ਼ ਕੀਤੇ। ਵੱਖ ਵੱਖ ਆਗੂਆਂ ਦੇ ਸੁਝਾਵਾਂ ਨੂੰ ਮੁੱਖ ਰੱਖਦਿਆਂ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ 5 ਫਰਵਰੀ ਨੂੰ ਤਹਿਸੀਲ ਪੱਧਰ 'ਤੇ ਮੀਟਿੰਗਾਂ ਕੀਤੀਆਂ ਜਾਣਗੀਆਂ ਅਤੇ 9 ਫਰਵਰੀ ਨੂੰ ਗੁਰਦਾਸਪੁਰ, ਬਟਾਲਾ ਸ਼ਹਿਰ ਤੋਂ ਇਲਾਵਾ ਵੱਖ ਵੱਖ ਕਸਬਿਆਂ, ਬਲਾਕਾਂ ਵਿੱਚ ਆਮ ਸ਼ਹਿਰੀਆਂ, ਬੱਸ ਅਪਰੇਟਰਾਂ, ਮੰਡੀ ਪ੍ਰਬੰਧਕਾਂ , ਦੁਕਾਨਦਾਰਾਂ, ਰੇਹੜੀ ਫੜ੍ਹੀ, ਦੋਧੀਆਂ ਅਤੇ ਹੋਰ ਪਬਲਿਕ ਸੈਕਟਰ ਦੇ ਮੁਲਾਜ਼ਮਾਂ ਨੂੰ 16 ਫਰਵਰੀ ਦੇ ਬੰਦ ਨੂੰ ਸਫਲ ਬਣਾਉਣ ਦੀ ਅਪੀਲ ਕੀਤੀ ਜਾਵੇਗੀ। ਇਹ ਫੈਸਲਾ ਕੀਤਾ ਗਿਆ ਕਿ 16 ਫਰਵਰੀ ਨੂੰ ਛੋਟੇ ਸ਼ਹਿਰਾਂ, ਕਸਬਿਆਂ ਨੂੰ ਬੰਦ ਕਰਨ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦਪੁਰ, ਬਟਾਲਾ, ਗੁਰਦਾਸਪੁਰ ਵਿਖੇ ਵੱਡੇ ਜਾਮ ਲਗਾਏ ਜਾਣਗੇ। ਇਸ ਦਿਨ ਬੈਂਕ, ਰੋਡਵੇਜ਼, ਮੰਡੀਆਂ ਬੰਦ ਰਹਿਣਗੀਆਂ। ਵੱਖ ਵੱਖ ਮੁਲਾਜ਼ਮ ਜਥੇਬੰਦੀਆਂ ਵੱਲੋਂ ਆਪਣੇ ਅਦਾਰੇ ਬੰਦ ਕਰ ਕੇ ਸਾਂਝੇ ਧਰਨਿਆਂ ਵਿੱਚ ਸ਼ਿਰਕਤ ਕੀਤੀ ਜਾਵੇਗੀ। ਇਸ ਮੌਕੇ ਮੱਖਣ ਸਿੰਘ ਕੁਹਾੜ, ਰਾਜ ਗੁਰਵਿੰਦਰ ਸਿੰਘ, ਲਾਡੀ ਘੁਮਾਣ, ਪਲਵਿੰਦਰ ਸਿੰਘ ਮਠੋਲਾ, ਰਣਬੀਰ ਸਿੰਘ ਵਿਰਕ, ਧਿਆਨ ਸਿੰਘ ਠਾਕੁਰ, ਮੁਰਾਰੀ ਲਾਲ, ਜੋਗਿੰਦਰ ਪਾਲ ਪਨਿਆੜ, ਸੁਰਿੰਦਰ ਸਿੰਘ ਕੋਠੇ, ਨਰਿੰਦਰ ਸਿੰਘ ਰੰਧਾਵਾ, ਕੁਲਵੰਤ ਸਿੰਘ ਕਲੇਰ, ਅਜੀਤ ਸਿੰਘ ਹੁੰਦਲ, ਤਿਰਲੋਕ ਸਿੰਘ ਬਹਿਰਾਮਪੁਰ, ਵਿਦਿਆਰਥੀ ਆਗੂ ਅਮਰ ਕ੍ਰਾਂਤੀ, ਗੁਰਵਿੰਦਰ ਸਿੰਘ, ਅਮਰਜੀਤ ਸ਼ਾਸਤਰੀ, ਲਖਵਿੰਦਰ ਸਿੰਘ ਮਰੜ, ਸੰਜੀਵ ਮਿੰਟੂ, ਜਸਵੰਤ ਸਿੰਘ ਬੁੱਟਰ, ਸਲਵਿੰਦਰ ਸਿੰਘ ਰੋਸੇ ਸੁਖਦੇਵ ਸਿੰਘ ਭਾਗੋ ਕਾਂਵਾਂ ਮੁਲਾਜ਼ਮ ਆਗੂ ਅਮਰਜੀਤ ਸਿੰਘ ਮਨੀ, ਬਲਵਿੰਦਰ ਕੌਰ, ਸ਼ਿਵ ਕੁਮਾਰ ਨੇ ਆਪਣੇ ਵਿਚਾਰ ਪੇਸ਼ ਕੀਤੇ।

# ਜ਼ੋਨ ਬਾਬਾ ਦੀਪ ਸਿੰਘ ਵੱਲੋਂ ਦਿੱਲੀ ਅੰਦੋਲਨ ਦੀਆਂ ਤਿਆਰੀਆਂ ਸੰਬੰਧੀ ਟਰੈਕਟਰ ਮਾਰਚ



ਝਬਾਲ (ਹਰਜਿੰਦਰ ਸਿੰਘ ਸੋਨੀ)- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਤਰਨ ਤਾਰਨ ਦੇ ਜ਼ੋਨ ਬਾਬਾ ਦੀਪ ਸਿੰਘ ਜੀ ਵੱਲੋਂ 13 ਫਰਵਰੀ ਤੋਂ ਸ਼ੁਰੂ ਹੋ ਰਹੇ ਦਿੱਲੀ ਅੰਦੋਲਨ ਦੀਆਂ ਤਿਆਰੀਆਂ ਦੇ ਸੰਬੰਧ ਵਿੱਚ ਜ਼ੋਨ ਦੇ 18 ਪਿੰਡਾਂ ਵਿੱਚ ਅੱਜ ਟਰੈਕਟਰ ਮਾਰਚ ਜ਼ੋਨ ਬਾਬਾ ਦੀਪ ਸਿੰਘ ਜੀ ਦੇ ਪ੍ਰਧਾਨ ਮਨਜਿੰਦਰ ਸਿੰਘ ਗੋਹਲਵੜ ਦੀ ਪ੍ਰਧਾਨਗੀ ਹੇਠ ਕੱਢਿਆ ਗਿਆ।

ਇਸ ਮੌਕੇ ਸੂਬਾ ਆਗੂ ਹਰਪ੍ਰੀਤ ਸਿੰਘ ਪੰਡੋਰੀ ਸਿੱਧਵਾਂ, ਆਗੂ ਹਰਪਾਲ ਸਿੰਘ ਪੰਡੋਰੀ ਸਿੱਧਵਾਂ, ਜ਼ੋਨ ਸਕੱਤਰ ਹਰਦੀਪ ਸਿੰਘ ਜੌਹਲ, ਜ਼ੋਨ ਮੀਤ ਪ੍ਰਧਾਨ ਅੰਗਰੇਜ ਸਿੰਘ ਦੋਬੁਰਜੀ, ਜ਼ੋਨ ਆਗੂ ਬਲਜੀਤ ਸਿੰਘ ਰਟੌਲ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਵਿੱਚ ਦਿੱਲੀ ਦੇ ਅੰਦੋਲਨ ਨੂੰ ਲੈ ਕੇ ਉਤਸ਼ਾਹ ਦਿਨੋ ਦਿਨ ਵਧ ਰਿਹਾ ਹੈ ਅਤੇ ਦਿੱਲੀ ਕੂਚ ਲਈ ਹੁਣ ਤੋਂ ਹੀ ਟ੍ਰੈਕਟਰ ਟਰਾਲੀਆਂ ਤਿਆਰ ਕੀਤੇ ਜਾ ਰਹੇ ਹਨ। ਕਿਸਾਨ ਆਗੂਆਂ ਕਿਹਾ ਕਿ ਸਾਰੀਆਂ ਫਸਲਾਂ ਦੀ ਖਰੀਦ 'ਤੇ ਐਮ ਐੱਸ ਪੀ ਗਾਰੰਟੀ ਕਾਨੂੰਨ ਬਣਾ ਕੇ ਫਸਲਾਂ ਦੇ ਭਾਅ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਲੈਣ, ਕਿਸਾਨਾਂ, ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਖਤਮ ਕਰਵਾਉਣ, ਫਸਲੀ ਬੀਮਾ ਯੋਜਨਾ ਲਾਗੂ ਕਰਵਾਉਣ, 58 ਸਾਲ ਦੇ ਕਿਸਾਨ, ਮਜ਼ਦੂਰ ਲਈ 10 ਹਜ਼ਾਰ ਪੈਨਸ਼ਨ, ਜ਼ਮੀਨ ਐਕਵਾਇਰ ਕਰਨ ਸਬੰਧੀ ਕਾਨੂੰਨ ਨੂੰ 2013 ਵਾਲੇ ਰੂਪ ਵਿੱਚ ਬਹਾਲ ਕਰਵਾਉਣ, ਲਖੀਮਪੁਰ ਖੀਰੀ ਕਤਲਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ, ਦਿੱਲੀ ਅੰਦੋਲਨ ਦੌਰਾਨ ਪਏ ਪੁਲਸ ਕੇਸ ਰੱਦ ਕਰਵਾਉਣ, ਖੇਤੀ ਸੈਕਟਰ ਨੂੰ ਪ੍ਰਦੂਸ਼ਣ ਕਾਨੂੰਨ ਵਿੱਚੋਂ ਬਾਹਰ ਕਰਨ, ਗੰਨਾ ਕਿਸਾਨਾਂ ਦੀਆਂ ਮੁਸ਼ਕਲਾਂ ਹੱਲ ਕਰਵਾਉਣ ਦੀਆਂ ਮੰਗਾਂ ਨੂੰ ਲੈ ਕੇ ਸ਼ੁਰੂ ਹੋਣ ਜਾ ਰਹੇ ਦਿੱਲੀ ਅੰਦੋਲਨ ਲਈ 13 ਫਰਵਰੀ ਨੂੰ ਲੱਖਾਂ ਕਿਸਾਨ, ਮਜ਼ਦੂਰ ਦਿੱਲੀ ਨੂੰ ਚਾਲੇ ਪਾਉਣਗੇ।

ਇਸ ਮੌਕੇ ਪ੍ਰਧਾਨ ਨਵਜੀਤ ਸਿੰਘ ਗੋਹਲਵੜ, ਪ੍ਰਧਾਨ ਗੁਰਮੀਤ ਸਿੰਘ ਐਮਾ ਕਲਾਂ, ਪ੍ਰਧਾਨ ਸੁੱਚਾ ਸਿੰਘ ਖੈਰਦੀਨ ਕੇ, ਪ੍ਰਧਾਨ ਧਰਮ ਸਿੰਘ ਠੱਠਗੜ੍ਹ, ਪ੍ਰਧਾਨ ਸੁਖਬੀਰ ਸਿੰਘ ਮੰਨਣ, ਪ੍ਰਧਾਨ ਹਰਜੀਤ ਸਿੰਘ ਪੰਡੋਰੀ ਰਹਿਮਾਣਾ, ਪ੍ਰਧਾਨ ਸਤਵਿੰਦਰ ਸਿੰਘ ਪੰਡੋਰੀ ਸਿੱਧਵਾਂ, ਪ੍ਰਧਾਨ ਪ੍ਰਗਟ ਸਿੰਘ ਪੰਡੋਰੀ ਰਣ ਸਿੰਘ, ਪ੍ਰਧਾਨ ਪਾਲ ਸਿੰਘ ਠੱਠੀ, ਹਰਪ੍ਰੀਤ ਸਿੰਘ ਢਿੱਲੋਂ ਠੱਠੀ, ਪ੍ਰਧਾਨ ਗੁਰਮੀਤ ਸਿੰਘ ਜੌਹਲ, ਪ੍ਰਧਾਨ ਅਮਰੀਕ ਸਿੰਘ ਬਾਲਾਚੱਕ, ਪ੍ਰਧਾਨ ਗੁਰਬਖਸ ਸਿੰਘ ਖਾਰਾ, ਪ੍ਰਧਾਨ ਜੋਗਾ ਸਿੰਘ ਕੋਟ ਦਸੰਦੀ ਮੱਲ, ਪ੍ਰਧਾਨ ਮੇਵਾ ਸਿੰਘ ਪੰਡੋਰੀ ਤਖਤ ਮੱਲ, ਪ੍ਰਧਾਨ ਜਗੀਰ ਸਿੰਘ ਕੋਟਲੀ, ਪ੍ਰਧਾਨ ਗੁਰਮੀਤ ਸਿੰਘ ਬਹਿਲਾ ਸਮੇਤ ਵੱਖ ਵੱਖ ਪਿੰਡਾਂ ਦੇ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਨੇ ਟਰੈਕਟਰ ਮਾਰਚ ਵਿੱਚ ਸ਼ਮੂਲੀਅਤ ਕੀਤੀ।

## ਉਜੀਵਨ ਸਮਾਲ ਫਾਈਨਾਂਸ ਬੈਂਕ ਨੇ ਪ੍ਰੀਮੀਅਮ ਗਾਹਕਾਂ ਲਈ ਅਕਾਊਂਟ ਕੀਤੇ ਪੇਸ਼

ਅੰਮ੍ਰਿਤਸਰ : ਉਜੀਵਨ ਸਮਾਲ ਫਾਈਨਾਂਸ ਬੈਂਕ (ਉਜੀਵਨ ਐੱਸ ਐਫ ਬੀ), ਇੱਕ ਪ੍ਰਮੁੱਖ ਛੋਟੇ ਵਿੱਤ ਬੈਂਕ ਨੇ ਪ੍ਰੀਮੀਅਮ ਗਾਹਕ ਹਿੱਸੇ ਦੇ ਲਾਭ ਲਈ ਮੈਕਸਿਮਾ ਸੇਵਿੰਗਜ ਅਕਾਊਂਟ ਅਤੇ ਬਿਜ਼ਨਸ ਮੈਕਸਿਮਾ ਕਰੰਟ ਅਕਾਊਂਟ ਲਾਂਚ ਕਰਨ ਦਾ ਐਲਾਨ ਕੀਤਾ ਹੈ। ਇਹਨਾਂ ਨਵੀਆਂ ਪੇਸ਼ਕਸ਼ਾਂ ਦੇ ਜ਼ਰੀਏ ਉਜੀਵਨ ਦਾ ਉਦੇਸ਼ ਕਈ ਤਰ੍ਹਾਂ ਦੀਆਂ ਸੇਵਾਵਾਂ ਅਤੇ ਲਾਭ ਪ੍ਰਦਾਨ ਕਰਕੇ ਆਪਣੇ ਨਵੇਂ ਅਤੇ ਮੌਜੂਦਾ ਗਾਹਕਾਂ ਦੇ ਬੈਂਕਿੰਗ ਅਨੁਭਵ ਨੂੰ ਵਧਾਉਣਾ ਹੈ। ਇਹ ਉਤਪਾਦ ਗਾਹਕਾਂ ਨੂੰ ਉਨ੍ਹਾਂ ਦੀਆਂ ਵੱਖ-ਵੱਖ ਵਿੱਤੀ ਅਤੇ ਬੈਂਕਿੰਗ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਵੱਖ-ਵੱਖ ਲਾਭਾਂ, ਵਿਸਤ੍ਰਿਤ ਵਿਸ਼ੇਸ਼ਤਾਵਾਂ ਅਤੇ ਪ੍ਰੀਮੀਅਮ ਅਨੁਭਵ ਦੀ ਪੇਸ਼ਕਸ਼ ਕਰਨ ਲਈ ਤਿਆਰ ਕੀਤੇ ਗਏ ਹਨ। ਲਾਂਚ 'ਤੇ ਟਿੱਪਣੀ ਕਰਦੇ ਹੋਏ ਇਤਿਰਾ ਡੇਵਿਸ ਐਮ ਡੀ ਅਤੇ ਸੀ ਈ ਓ ਉਜੀਵਨ ਸਮਾਲ ਫਾਈਨਾਂਸ ਬੈਂਕ ਨੇ ਕਿਹਾ, "ਸਾਨੂੰ ਸਾਡੇ ਮੈਕਸਿਮਾ ਸੇਵਿੰਗਜ਼ ਅਕਾਊਂਟ ਅਤੇ ਬਿਜ਼ਨਸ ਮੈਕਸਿਮਾ ਕਰੰਟ ਅਕਾਊਂਟ ਨੂੰ ਪੇਸ਼ ਕਰਨ ਵਿੱਚ ਖੁਸ਼ੀ ਹੋ ਰਹੀ ਹੈ, ਜੋ ਨਵੇਂ ਅਤੇ ਮੌਜੂਦਾ ਦਰਮਿਆਨੇ ਅਤੇ ਵੱਡੇ ਵਪਾਰਕ ਅਦਾਰਿਆਂ ਲਈ ਤਿਆਰ ਕੀਤੇ ਗਏ ਹਨ।"

# ਇੰਸਟਰਕਟਰਾਂ ਨੂੰ ਕਰਵਾਈ ਟ੍ਰੇਨਿੰਗ



ਗੁਰਦਾਸਪੁਰ (ਦਿਨੇਸ਼ ਕੁਮਾਰ)- ਡਾਇਰੈਕਟਰ ਆਫ ਆਯੁਰਵੈਦਾ ਪੰਜਾਬ ਡਾਕਟਰ ਰਵੀ ਕੁਮਾਰ ਡੂਮਰਾ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਆਯੁਰਵੈਦਿਕ ਯੂਨਾਨੀ ਅਫਸਰ ਗੁਰਦਾਸਪੁਰ ਡਾਕਟਰ ਪ੍ਰਦੀਪ ਸਿੰਘ ਵੱਲੋਂ ਨਵਨਿਯੁਕਤ ਮੇਲ ਅਤੇ ਫੀਮੇਲ ਯੋਗਾ ਇੰਸਟਰਕਟਰਾਂ ਨੂੰ ਮੀਟਿੰਗ ਹਾਲ ਵਿਖੇ ਟ੍ਰੇਨਿੰਗ ਕਰਵਾਈ ਗਈ।

ਪੰਜਾਬ ਸਰਕਾਰ ਵੱਲੋਂ ਸਿਹਤਮੰਦ ਪੰਜਾਬ ਬਣਾਉਣ ਦਾ ਜੋ ਉਪਰਾਲਾ ਕੀਤਾ ਜਾ ਰਿਹਾ ਹੈ ਉਸ ਸਬੰਧੀ ਜ਼ਿਲ੍ਹਾ ਗੁਰਦਾਸਪੁਰ ਦੇ 12 ਆਯੂਸ਼ ਹੈਲਥ ਐਂਡ ਵੈਲਨੈਸ ਸੈਂਟਰਾਂ ਵਿੱਚ ਯੋਗਾ ਇੰਸਟਰਕਟਰ ਨਿਯੁਕਤ ਕੀਤੇ ਗਏ ਹਨ ਅਤੇ ਇਹਨਾਂ ਦੀ ਟਰੇਨਿੰਗ ਡਾਕਟਰ ਪ੍ਰਦੀਪ ਸਿੰਘ ਵੱਲੋਂ ਪੂਰੀ ਕਰਵਾਈ ਜਾ ਰਹੀ ਹੈ।ਇਸ ਮੌਕੇ ਡਾਕਟਰ ਪ੍ਰਦੀਪ ਸਿੰਘ ਨੇ ਨਵ ਨਿਯੁਕਤ ਯੋਗਾ ਇੰਸਟਰਕਟਰਾਂ ਨੂੰ ਆਪਣਾ ਕੰਮ ਤਨਦੇਹੀ ਨਾਲ ਕਰਨ ਲਈ ਪ੍ਰੇਰਿਤ ਕੀਤਾ ਅਤੇ ਉਨਾਂ ਨੂੰ ਯੋਗਾ ਦੇ ਫਾਇਦੇ ਦੱਸਦੇ ਹੋਏ ਕਿਹਾ ਕਿ ਯੋਗਾ ਇੰਸਟਰਕਟਰ ਆਪਣੇ ਉਦਮ ਨਾਲ ਪਿੰਡ ਦੇ ਲੋਕਾਂ ਨੂੰ ਯੋਗਾ ਕਰਵਾ ਕੇ ਸਰੀਰਕ ਅਤੇ ਮਾਨਸਿਕ ਤੌਰ 'ਤੇ ਨਿਰੋਗ ਰੱਖ ਸਕਦੇ ਹਨ ਤੇ ਨਸ਼ਿਆਂ ਤੋਂ ਮੁਕਤ ਰੱਖ ਸਕਦੇ ਹਨ । ਇਸ ਮੌਕੇ ਸੁਪਰਡੈਂਟ ਰਕੇਸ਼ ਕੁਮਾਰ, ਸੀਨੀਅਰ ਅਸਿਸਟੈਂਟ ਬਲਵਿੰਦਰ ਸਿੰਘ, ਡਾਕਟਰ ਨਵਨੀਤ ਸਿੰਘ, ਨੋਡਲ ਅਫਸਰ ਡਾਕਟਰ ਨੀਤੂ ਅਗਰਵਾਲ, ਡਾਕਟਰ ਅਮਿਤ ਵਰਮਾ ਵੀ ਹਾਜ਼ਰ ਸਨ।

# ਇੰਪੀਰੀਆ ਇੰਸਟੀਚਿਊਟ ਦੀ ਵਿਦਿਆਰਥਣ ਮਨਪ੍ਰੀਤ ਕੌਰ ਨੂੰ ਆਈਲਟਸ 'ਚ 8 ਬੈਂਡ ਹਾਸਲ



ਤਰਨ ਤਾਰਨ (ਪ੍ਰਿਤਪਾਲ ਸਿੰਘ)- ਇਲਾਕੇ ਦੀ ਨਾਮਵਰ ਸੰਸਥਾ ਇੰਪੀਰਿਆ ਇੰਸਟੀਚਿਊਟ, ਗੋਇੰਦਵਾਲ ਸਾਹਿਬ ਡਾਕਟਰ ਰਮਨਦੀਪ ਕੌਰ ਰੰਧਾਵਾ ਦੇ ਦਿਸ਼ਾ ਨਿਰਦੇਸ਼ ਹੇਠ ਚੱਲ ਰਹੀ ਹੈ, ਜਿਨ੍ਹਾਂ ਨੇ ਖੁਦ ਵੀ ਆਈਲਟਸ ਦੇ ਰੀਡਿੰਗ ਵਿੱਚ 9 ਬੈਂਡ ਅਤੇ ਓਵਰਆਲ 8.5 ਬੈਂਡ ਹਾਸਲ ਕੀਤੇ ਹੋਏ ਹਨ। ਇਸ ਸੰਸਥਾ ਦੀ ਵਿਦਿਆਰਥਣ ਮਨਪ੍ਰੀਤ ਕੌਰ ਸਪੁੱਤਰੀ ਹਜੂਰ ਸਿੰਘ ਜੋ ਕਿ ਪਿੰਡ ਧੂੰਦਾ ਦੀ ਰਹਿਣ ਵਾਲੀ ਹੈ, ਨੇ ਆਈਲਟਸ ਵਿੱਚ 8 ਬੈਂਡ ਲਿਸਨਿੰਗ ਵਿੱਚੋਂ ਅਤੇ ਓਵਰਆਲ 7.0 ਬੈਂਡ ਹਾਸਲ ਕਰਕੇ ਆਪਣੇ ਮਾਤਾ ਪਿਤਾ ਅਤੇ ਸੰਸਥਾ ਦਾ ਨਾਮ ਰੋਸ਼ਨ ਕੀਤਾ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਜਤਿੰਦਰਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਇਸ ਕਾਮਯਾਬੀ ਦਾ ਸਿਹਰਾ ਸੰਸਥਾ ਦੇ ਇੰਚਾਰਜ ਵਿਪਿਨ ਕੁਮਾਰ ਅਤੇ ਉੱਚ ਕੋਟੀ ਦੇ ਅਧਿਆਪਕ ਜੋ ਕਿ ਆਈਲਟਸ ਵਿੱਚ 8 ਬੈਂਡ ਤੋਂ ਵੱਧ ਹਾਸਲ ਕਰ ਚੁੱਕੇ ਹਨ ਅਤੇ ਮਾਸਟਰ ਡਿਗਰੀ ਹੋਲਡਰ ਹਨ ਦੀ ਯੋਗ ਅਗਵਾਈ ਨੂੰ ਜਾਂਦਾ ਹੈ। ਉਹਨਾਂ ਮਨਪ੍ਰੀਤ ਕੌਰ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਅਤੇ ਦੱਸਿਆ ਕਿ ਸਾਡੀ ਸੰਸਥਾ ਇਸ ਤਰ੍ਹਾਂ ਵਿਦਿਆਰਥੀਆਂ ਨੂੰ ਕਾਮਯਾਬ ਕਰਨ ਲਈ ਵਚਨਬੱਧ ਰਹੇਗੀ।

# ਸਤਵਿੰਦਰ ਸਿੰਘ ਪੰਨੂ ਦੀ ਸੇਵਾ ਮੁਕਤੀ 'ਤੇ ਨਿੱਘੀ ਵਿਦਾਇਗੀ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ ਰਣਬੀਰ ਸਿੰਘ ਗੋਲਣ)- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਿੱਖੀਵਿੰਡ 'ਚ ਬਤੌਰ ਅਧਿਆਪਕ ਤੇ ਵਾਈਸ ਪ੍ਰਿੰਸੀਪਲ ਵਜੋਂ ਸ਼ਾਨਦਾਰ ਸੇਵਾਵਾਂ ਨਿਭਾ ਕੇ ਸੇਵਾਮੁਕਤ ਹੋਏ ਸਤਵਿੰਦਰ ਸਿੰਘ ਪੰਨੂ ਨੂੰ ਸਾਥੀ ਅਧਿਆਪਕਾਂ ਵੱਲੋਂ ਨਿੱਘੀ ਵਿਦਾਇਗੀ ਦਿੱਤੀ ਗਈ। ਦੱਸਣਯੋਗ ਹੈ ਕਿ ਸਤਵਿੰਦਰ ਸਿੰਘ ਪੰਨੂ 34 ਸਾਲ ਪੰਜਾਬ ਸਕੂਲ ਸਿੱਖਿਆ ਬੋਰਡ 'ਚ ਸ਼ਾਨਦਾਰ ਸੇਵਾਵਾਂ ਨਿਭਾਉਣ ਮਗਰੋਂ 31 ਜਨਵਰੀ 2024 ਨੂੰ ਸੇਵਾਮੁਕਤ ਹੋ ਗਏ ਹਨ। ਜੇਕਰ ਬਤੌਰ ਅਧਿਆਪਕ ਉਨ੍ਹਾਂ ਦੇ ਅਧਿਆਪਨ ਕਾਰਜ 'ਤੇ ਝਾਤ ਮਾਰੀਏ, ਤਾਂ ਸਤਵਿੰਦਰ ਸਿੰਘ ਪੰਨੂ ਨੇ ਸਾਲ 1990 ਤੋਂ 2024 ਤੱਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਿੱਖੀਵਿੰਡ ਦੇ ਵਿਦਿਆਰਥੀਆਂ ਨੂੰ ਪੜ੍ਹਾ ਕੇ ਉੱਚੇ ਮੁਕਾਮਾਂ 'ਤੇ ਪਹੁੰਚਾਇਆ ਹੈ। ਉਹ ਵਿਦਿਆਰਥੀਆਂ ਦੇ ਹਰਮਨ ਪਿਆਰੇ ਅਧਿਆਪਕ ਸਨ। ਇਸ ਮੌਕੇ ਪ੍ਰਿੰਸੀਪਲ ਭਿੱਖੀਵਿੰਡ ਸ੍ਰੀ ਸੰਜੇ ਕੁਮਾਰ ਸਹਿਗਲ ਨੇ ਉਨ੍ਹਾਂ ਨੂੰ ਜੀ ਆਇਆਂ ਆਖਿਆ ਤੇ ਵਿਦਾਇਗੀ ਪਾਰਟੀ ਦਾ ਹਿੱਸਾ ਬਣਨ 'ਤੇ ਧੰਨਵਾਦ ਕੀਤਾ। ਇਸ ਮੌਕੇ ਰਿਟਾਇਰਡ ਅਧਿਆਪਕ ਸਾਥੀ ਸ੍ਰੀ ਰਮੇਸ਼ ਭਨੋਟ, ਹਰਪਾਲ ਸਿੰਘ, ਗੁਰਚਰਨ ਸਿੰਘ, ਬਲਵਿੰਦਰ ਕੁਮਾਰ, ਮੋਹਨ ਸਿੰਘ ਨੇ ਸਤਵਿੰਦਰ ਸਿੰਘ ਪੰਨੂ ਵੱਲੋਂ ਬਤੌਰ ਅਧਿਆਪਕ ਤੇ ਵਾਈਸ ਪ੍ਰਿੰਸੀਪਲ ਕੀਤੇ ਗਏ ਕਾਰਜਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਦੀ ਵਿਦਾਇਗੀ 'ਤੇ ਸਾਥੀ ਅਧਿਆਪਕ ਤੇ ਦੋਸਤ ਵਰਿੰਦਰ ਕੁਮਾਰ ਭਾਵੁਕ ਨਜ਼ਰ ਆਏ। ਇਸ ਮੌਕੇ ਸਿਆਸੀ ਆਗੂ ਤੇਜਪ੍ਰੀਤ ਸਿੰਘ ਪੀਟਰ, ਹਰਪਾਲ ਸਿੰਘ ਬਲੇਹਰ, ਭਾਜਪਾ ਆਗੂ ਸਿਤਾਰਾ ਸਿੰਘ ਡਲੀਰੀ, ਸਮਾਜਸੇਵੀ ਜੋਗਿੰਦਰ ਸਿੰਘ ਪਲਾਈਵੁੱਡ ਵਾਲੇ, ਚੇਅਰਮੈਨ ਅਮਰੀਕ ਸਿੰਘ, ਗੁਰਦਿਆਲ ਸਿੰਘ ਬੇਦੀ,ਜਗਤਾਰ ਸਿੰਘ,ਚੇਅਰਮੈਨ ਇੰਦਰਜੀਤ ਸਿੰਘ,ਚੇਅਰਮੈਨ ਕੰਧਾਲ ਸਿੰਘ ਬਾਠ, ਚੇਅਰਮੈਨ ਮੈਡਮ ਮਨਪ੍ਰੀਤ ਕੌਰ, ਪ੍ਰਿੰਸੀਪਲ ਕੇਂਦਰੀ ਵਿਦਿਆਲਯ ਅਮਰਕੋਟ ਪੀਐਲ ਮੀਨਾ ਨੇ ਪ੍ਰਿੰਸੀਪਲ ਸਤਵਿੰਦਰ ਸਿੰਘ ਪੰਨੂ ਦੀ ਬਤੌਰ ਅਧਿਆਪਕ ਤੇ ਪ੍ਰਿੰਸੀਪਲ ਕੀਤੇ ਕਾਰਜਾਂ ਦੀ ਸਲਾਘਾ ਕੀਤੀ। ਇਸ ਮੌਕੇ ਉਨ੍ਹਾਂ ਤੋਂ ਇਲਾਵਾ ਡਿਪਟੀ ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਸਤਨਾਮ ਸਿੰਘ ਬਾਠ 'ਤੇ ਡਿਪਟੀ ਡੀ ਈ ਓ ਫਾਜ਼ਿਲਕਾ ਮੈਡਮ ਅੰਜੂ ਸੇਠੀ ਵੱਲੋਂ ਸੁਨੇਹੇ ਭੇਜ ਕੇ ਸਤਵਿੰਦਰ ਸਿੰਘ ਪੰਨੂ ਦੀ ਸਲਾਘਾ ਕੀਤੀ ਗਈ। ਇਸ ਮੌਕੇ ਸਕੂਲ ਅਧਿਆਪਕ ਸੈਂਕੀ, ਸਮਨ, ਦਲਜੀਤ ਸਿੰਘ, ਇੰਦਰਪਾਲ, ਰਾਜਪਾਲ, ਗੁਰਵਿੰਦਰ ਮੈਡਮ, ਸੁਮਨ ਮੈਡਮ, ਗਗਨ ਮੈਡਮ, ਸੁਖਿੰਦਰਜੀਤ ਸਿੰਘ, ਬਲਜਿੰਦਰ ਮੈਡਮ ਕੰਵਲ ਮੈਡਮ, ਰਿੰਪੀ ਮੈਡਮ, ਰਮਨ ਮੈਡਮ, ਸੈਲਜਾ ਮੈਡਮ, ਨਿਰਮਲ, ਸ਼ੰਕੁਨ ਸ਼ਰਮਾ, ਕਲਰਕ ਸੰਦੀਪ, ਗੁਰਪਿਆਰ, ਸੁਧੀਰ, ਅਤਿੰਦਰ ਮੈਡਮ, ਨੇਹਾ, ਰਿੰਪੀ, ਕਰਮਜੀਤ, ਅਮਤੋਜ, ਪ੍ਰਿਯੰਕਾ, ਸਰਨਦੀਪ, ਕਰਮਜੀਤ,ਗੀਤਾ, ਅਮਨਦੀਪ ਆਦਿ ਦੀਆਂ ਅੱਖਾਂ ਨਮ ਨਜ਼ਰ ਆਈਆਂ।

## ਗੁਰਦੁਆਰਾ ਚੋਣਾਂ ਲਈ ਵੋਟਰਾਂ ਦੀ ਗਿਣਤੀ 'ਚ ਵੱਡਾ ਘਾਟਾ ਚਿੰਤਾ ਦਾ ਵਿਸ਼ਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਿਟਾਇਰਡ ਕਰਮਚਾਰੀਆਂ ਵੱਲੋਂ ਰਜਿਸਟਰ ਕਰਵਾਈ ਗਈ ਸੇਵਾ ਮੁਕਤ ਕਰਮਚਾਰੀ ਵੈਲਫੇਅਰ ਐਸੋਸੀਏਸ਼ਨ ਵੱਲੋਂ ਏਸੇ ਸਾਲ ਹੋਣ ਜਾ ਰਹੀਆਂ ਸੰਭਾਵਤ ਚੋਣਾਂ ਲਈ ਵੋਟਰ ਬਣਨ ਵਿੱਚ ਦਿਖਾਈ ਜਾ ਰਹੀ ਅਣਗਹਿਲੀ ਅਤੇ ਅਵੇਸਲੇਪਣ 'ਤੇ ਚਿੰਤਾ ਪ੍ਰਗਟਾਈ ਹੈ। ਐਸੋਸੀਏਸ਼ਨ ਦੇ ਪਧਾਨ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਜੋਗਿੰਦਰ ਸਿੰਘ ਅਦਲੀਵਾਲ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਗੁ ਪ੍ਰ ਕਮੇਟੀ ਸਿੱਖ ਜਗਤ ਦੀ ਸਰਵਉਚ ਧਾਰਮਕ ਪ੍ਰਤੀਨਿਧ ਸੰਸਥਾ ਹੈ ਅਤੇ ਸਮੁੱਚੇ ਵਿਸ਼ਵ ਇਹ ਵਾਹਦ ਧਾਰਮਕ ਸੰਸਥਾ ਹੈ ਜੋ ਪੰਜ ਸਾਲ ਲਈ ਪਰਜਾਤੰਤਰਕ ਵਿਧੀ ਵਿਧਾਨ ਰਾਹੀਂ ਸਿੱਖ ਵੋਟਰਾਂ ਵੱਲੋ ਚੁਣੀ ਜਾਂਦੀ ਹੈ । ਇਹ ਅਧਿਕਾਰ ਸਾਡੇ ਪੁਰਖਿਆਂ ਵੱਲੋਂ ਅਥਾਹ ਤਸ਼ੱਦਦ, ਜੇਲ੍ਹਾਂ, ਕੁਰਕੀਆਂ ਅਤੇ ਸ਼ਹਾਦਤਾਂ ਦੀ ਕੀਮਤ 'ਤੇ ਪ੍ਰਾਪਤ ਕੀਤਾ ਗਿਆ ਹੈ। ਅਦਲੀਵਾਲ ਨੇ ਕਿਹਾ ਕਿ ਇੱਕ ਪਾਸੇ ਤਾਂ ਸਮੇਂ ਦੀਆਂ ਸਰਕਾਰਾਂ ਇਸ ਸੰਸਥਾ ਦਾ ਪ੍ਰਤੀਨਿਧ ਸਰੂਪ ਖਤਮ ਕਰਨ ਲਈ ਸਮੇਂ ਸਿਰ ਚੋਣ ਕਰਵਉਣ ਤੋਂ ਪਾਸਾ ਵੱਟ ਰਹੀਆਂ ਹਨ ਤੇ ਦੂਜੇ ਪਾਸੇ ਸਿੱਖਾਂ ਅੰਦਰ ਵੀ ਇਸ ਮਹਾਨ ਸੰਸਥਾ ਦਾ ਪਰਜਾਤੰਤਰਕ ਸਰੂਪ ਕਾਇਮ ਰੱਖਣ ਵਿੱਚ ਦਿਲਚਸਪੀ ਘਟ ਰਹੀ ਲੱਗ ਰਹੀ ਹੈ। ਉਹਨਾ ਕਿਹਾ ਕਿ ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਅਕਤੂਬਰ ਮਹੀਨੇ ਦੇ ਆਖਰੀ ਹਫ਼ਤੇ ਗੁਰਦੁਆਰਾ ਚੋਣਾਂ ਲਈ ਬਤੌਰ ਵੋਟਰ ਰਜਿਸਟਰ ਹੋਣ ਲਈ 15 ਨਵੰਬਰ ਤੱਕ ਦਾ ਸਮਾਂ ਦਿੱਤਾ ਗਿਆ ਸੀ ਪਰ ਚਿੰਤਾਜਨਕ ਹੈ ਕਿ 10 ਨਵੰਬਰ ਤੀਕ ਕੇਵਲ 29% ਵੋਟਰਾਂ ਨੇ ਹੀ ਰਜਿਸਟ੍ਰੇਸ਼ਨ ਕਰਵਾਈ ਸੀ । ਉਹਨਾ ਹੋਰ ਕਿਹਾ ਕਿ ਘੱਟ ਰਜਿਸਟ੍ਰੇਸ਼ਨ ਦੇ ਮੱਦੇਨਜ਼ਰ ਸਿੱਖ ਜਥੇਬੰਦੀਆਂ ਦੇ ਅਸਰਾਰ 'ਤੇ ਰਜਿਸਟ੍ਰੇਸ਼ਨ ਦੀ ਤਰੀਕ ਵਧਾ 29 ਫਰਵਰੀ ਕੀਤੀ ਗਈ ਹੈ। ਸੇਵਾ ਮੁਕਤ ਕਰਮਚਾਰੀ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਜੋਗਿੰਦਰ ਸਿੰਘ ਅਦਲੀਵਾਲ, ਕੁਲਵੰਤ ਸਿੰਘ ਰੰਧਾਵਾ, ਰਘਬੀਰ ਸਿੰਘ ਰਾਜਾ ਸਾਂਸੀ, ਦਿਲਜੀਤ ਸਿੰਘ ਬੇਦੀ, ਬਲਵਿੰਦਰ ਸਿੰਘ ਜੌੜਾ ਸਿੰਘਾ, ਦਿਲਮੇਘ ਸਿੰਘ ਖੱਟੜਾ, ਡਾ. ਰੂਪ ਸਿੰਘ ਵੱਲੋਂ ਸਮੁੱਚੇ ਸਿੱਖ ਜਗਤ ਨੂੰ ਅਪੀਲ ਕੀਤੀ ਗਈ ਹੈ ਕਿ ਇਸ ਮਹਾਨ ਧਾਰਮਕ ਸੰਸਥਾ ਦਾ ਪਰਜਾਤੰਤਰਕ ਸਰੂਪ ਬਚਾਈ ਰੱਖਣ ਲਈ ਆਪਣੀ ਵੋਟ ਬਣਾਓ ਤਾਂ ਜੋ ਸਮਾਂ ਆਉਣ 'ਤੇ ਪੰਥਕ ਰਹਿਣੀ-ਬਹਿਣੀ, ਕਥਨੀ-ਕਰਨੀ ਵਾਲੇ ਸੇਵਾਦਾਰਾਂ ਦੇ ਹੱਥਾਂ ਵਿੱਚ ਇਸ ਵਕਾਰੀ ਸੰਸਥਾ ਦਾ ਪ੍ਰਬੰਧ ਸੌਂਪਿਆ ਜਾ ਸਕੇ ।

# ਦੇਸ਼ ਭਰ ਦੀਆਂ ਔਰਤਾਂ ਵੱਲੋਂ ਸੰਵਿਧਾਨ ਵਿਰੋਧੀ ਤੇ ਫਾਸ਼ੀਵਾਦੀ ਤਾਕਤਾਂ ਖਿਲਾਫ ਜਨ ਅੰਦੋਲਨ ਦੀ ਸ਼ੁਰੂਆਤ ਦੀਆਂ ਤਿਆਰੀਆਂ

ਝਬਾਲ (ਹਰਜਿੰਦਰ ਸਿੰਘ ਸੋਨੀ)-ਦੇਸ਼ ਭਰ ਵਿੱਚੋਂ ਔਰਤਾਂ ਕਿਤੂਰ, ਕਰਨਾਟਕ ਵਿਖੇ 21 ਫਰਵਰੀ ਨੂੰ ਦੇਸ਼ ਵਿਆਪੀ ਮੁਹਿੰਮ ਦਾ ਆਗਾਜ਼ ਕਰਨ ਲਈ ਇਕੱਠੀਆਂ ਹੋਣਗੀਆਂ। ਔਰਤਾਂ ਦੀ ਰਾਸ਼ਟਰੀ ਆਯੋਜਨ ਕਮੇਟੀ ਦੀ ਤਰਫੋਂ ਭਾਰਤੀਆ ਮਹਿਲਾ ਫੈਡਰੇਸ਼ਨ ਦੀ ਕੌਮੀ ਸਕਤਰ ਡਾ. ਕੰਵਲਜੀਤ ਕੌਰ ਢਿੱਲੋਂ, ਏਪਵਾ ਪੰਜਾਬ ਦੀ ਪ੍ਰਧਾਨ ਜਸਬੀਰ ਕੌਰ ਨੱਤ, ਪੰਜਾਬ ਇਸਤਰੀ ਸਭਾ ਦੀ ਪ੍ਰਧਾਨ ਰਾਜਿੰਦਰ ਕੌਰ, ਔਰਤ ਮੁਕਤੀ ਮੋਰਚਾ ਪੰਜਾਬ ਦੀ ਪ੍ਰਧਾਨ ਸੁਰਿੰਦਰ ਗਿੱਲ ਜੈਪਾਲ ਨੇ ਚੰਡੀਗੜ੍ਹ ਵਿਖੇ ਸਾਂਝੇ ਤੌਰ 'ਤੇ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦੇ ਹੋਏ ਦੱਸਿਆ ਕਿ ਰਾਣੀ ਚੇਨੰਮਾ ਦੇ ਵਿਦਰੋਹ ਦੇ 200 ਸਾਲ ਪੂਰੇ ਹੋਣ ਦੀ ਯਾਦ ਵਿੱਚ ਦੇਸ਼ ਭਰ ਦੇ ਮਹਿਲਾ ਸੰਗਠਨਾਂ ਵੱਲੋਂ ਔਰਤ ਵਿਰੋਧੀ, ਸੰਵਿਧਾਨ ਵਿਰੋਧੀ ਅਤੇ ਫਾਸ਼ੀਵਾਦੀ ਤਾਕਤਾਂ ਦੇ ਖਿਲਾਫ ਜਨ ਅੰਦੋਲਨ ਦੀ ਸ਼ੁਰੂਆਤ ਹੋਵੇਗੀ। ਅਸੀਂ ਝਾਂਸੀ ਦੀ ਰਾਣੀ ਦੇ ਵਿਦਰੋਹ ਨੂੰ ਤਾਂ ਜਾਣਦੇ ਹਾਂ, ਪਰ ਰਾਣੀ ਚਿੰਨੇਮਾ ਨੂੰ ਚੰਗੀ ਤਰ੍ਹਾਂ ਨਹੀਂ ਜਾਣਦੇ। ਅੱਜ ਤੋਂ 200 ਸਾਲ ਪਹਿਲਾਂ ਰਾਣੀ ਚਿੰਨੇਮਾ ਨੇ ਅੰਗਰੇਜ਼ਾਂ ਨਾਲ ਲੋਹਾ ਲਿਆ ਤੇ ਉਹਨਾਂ ਅੱਗੇ ਹਥਿਆਰ ਨਹੀਂ ਸੁੱਟੇ। 21 ਫਰਵਰੀ ਨੂੰ ਰਾਣੀ ਚੇਨੰਮਾ ਦੇ ਵਿਦਰੋਹ ਦੇ 200 ਸਾਲ ਪੂਰੇ ਹੋ ਰਹੇ ਹਨ। ਦੇਸ਼ ਭਰ ਦੀਆਂ ਵੱਖ-ਵੱਖ ਮਹਿਲਾ ਜਥੇਬੰਦੀਆਂ ਨੇ ਇਹ ਫ਼ੈਸਲਾ ਕੀਤਾ ਹੈ ਕਿ ਰਾਣੀ ਚਿੰਨੇਮਾ ਦੀ ਯਾਦ ਵਿੱਚ 21 ਫਰਵਰੀ ਨੂੰ ਕਿਤੂਰ ਵਿੱਚ ਇੱਕ ਪੂਰੇ ਦਿਨ ਦਾ ਸਮਾਗਮ ਕਰਵਾਇਆ ਜਾਵੇਗਾ, ਜਿਸ ਵਿੱਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਵੱਡੀ ਗਿਣਤੀ ਵਿੱਚ ਔਰਤਾਂ ਸ਼ਾਮਲ ਹੋਣਗੀਆਂ।

ਭਾਰਤ ਵਿੱਚ ਬ੍ਰਿਟਿਸ਼ ਸ਼ਾਸਨ ਖਿਲਾਫ਼ ਵਿਦਰੋਹ ਦੀ ਅਗਵਾਈ ਕਰਨ ਵਾਲੀ ਪਹਿਲੀ ਔਰਤ ਰਾਣੀ ਚਿੰਨੇਮਾ ਸੀ। ਰਾਣੀ ਚਿੰਨੇਮਾ ਦਾ ਜਨਮ 23 ਅਕਤੂਬਰ 1778 ਵਿੱਚ ਕਰਨਾਟਕ ਦੇ ਬਿਗਾਲਵੀ ਜ਼ਿਲ੍ਹੇ ਦੇ ਨਿੱਕੇ ਜਿਹੇ ਪਿੰਡ ਕਾਕਤੀ ਵਿੱਚ ਹੋਇਆ ਸੀ। ਰਾਣੀ ਚਿੰਨੇਮਾ ਅੰਗਰੇਜ਼ਾਂ ਖਿਲਾਫ਼ ਆਵਾਜ਼ ਬੁਲੰਦ ਕਰਨ ਵਾਲੇ ਕੁਝ ਗਿਣਵੇਂ ਸ਼ਾਸਕਾਂ ਵਿੱਚੋਂ ਇੱਕ ਸੀ।

ਉਹਨਾਂ ਈਸਟ ਇੰਡੀਆ ਕੰਪਨੀ ਖਿਲਾਫ਼ ਜੰਗ ਦੀ ਅਗਵਾਈ ਕੀਤੀ ਸੀ। ਰਾਣੀ ਚਿੰਨੇਮਾ ਦੇ ਇਸ ਵਿਦਰੋਹ ਦੀ ਪਰੰਪਰਾ ਨੂੰ ਅਗਾਂਹ ਤੋਰਦਿਆਂ ਦੇਸ਼ ਭਰ ਦੀਆਂ ਮਹਿਲਾ ਜਥੇਬੰਦੀਆਂ ਨੇ ਫ਼ੈਸਲਾ ਲਿਆ ਕਿ ਇਸ ਦਿਨ ਨੂੰ ਆਜ਼ਾਦੀ, ਸੰਵਿਧਾਨਕ ਮੁੱਲਾਂ ਦੀ ਰੱਖਿਆ, ਧਰਮ ਨਿਰਪੇਖਤਾ ਅਤੇ ਔਰਤਾਂ ਦੇ ਹੱਕਾਂ ਦੀ ਲੜਾਈ ਦੇ ਦਿਵਸ ਵਜੋਂ ਮਨਾਇਆ ਜਾਵੇ। ਇਸ ਮੁਹਿੰਮ ਦੀ ਸ਼ੁਰੂਆਤ ਭਾਰਤੀਆ ਮਹਿਲਾ ਫੈਡਰੇਸ਼ਨ ਅਤੇ ਅਨਹਦ ਦੇ ਸੱਦੇ 'ਤੇ ਕੀਤੀ ਗਈ। ਇਸ ਮੁਹਿੰਮ ਨਾਲ ਵੱਡੀ ਗਿਣਤੀ ਵਿੱਚ ਦੇਸ਼ ਭਰ ਦੀਆਂ ਮਹਿਲਾ ਜਥੇਬੰਦੀਆਂ ਅਤੇ ਸਮਾਜਿਕ ਸੰਸਥਾਵਾਂ ਜੁੜ ਗਈਆਂ ਹਨ।ਅੱਜ ਸਾਡੇ ਦੇਸ਼ ਦੇ ਸੰਵਿਧਾਨ ਅਤੇ ਲੋਕਤੰਤਰ ਉਤੇ ਸਭ ਤੋਂ ਵੱਡਾ ਖਤਰਾ ਖੜ੍ਹਾ ਹੋ ਗਿਆ ਹੈ। ਦੇਸ਼ ਦੀ ਅੱਧੀ ਆਬਾਦੀ ਔਰਤਾਂ ਦੀ ਹੈ। ਉਹਨਾਂ ਨੂੰ ਅਜਿਹੀ ਸਰਕਾਰ ਚੁਣਨ ਦਾ ਹੱਕ ਹੈ, ਜੋ ਸੰਵਿਧਾਨ ਵਿੱਚ ਯਕੀਨ ਰੱਖਦੀ ਹੋਵੇ ਤੇ ਲੋਕਤੰਤਰ ਦੇ ਮੁੱਲਾਂ ਲਈ ਵਚਨਬੱਧ ਹੋਵੇ। ਜੋ ਔਰਤਾਂ ਦੇ ਹੱਕਾਂ ਦੀ ਰਾਖੀ ਕਰੇ ਤੇ ਉਹਨਾਂ ਨੂੰ ਬਰਾਬਰ ਮੌਕੇ ਤੇ ਹੱਕ ਦਿੰਦੀ ਹੋਵੇ। ਜੋ ਮਹਿਲਾਵਾਂ ਖਿਲਾਫ਼ ਹੋਣ ਵਾਲੇ ਹਰ ਤਰ੍ਹਾਂ ਦੇ ਜੁਰਮ ਖਿਲਾਫ਼ ਖੜ੍ਹੇ। ਜੋ ਬਲਾਤਕਾਰੀਆਂ ਨੂੰ ਪਨਾਹ ਨਾ ਦੇਵੇ। ਸਾਡੀ ਇਹ ਮੁਹਿੰਮ ਇਹਨਾਂ ਮੁੱਲਾਂ ਦੀ ਰਾਖੀ ਕਰਨ ਦਾ ਹੋਕਾ ਦੇਣ ਲਈ ਹੈ।

ਇਸ ਮੁਹਿੰਮ ਨਾਲ ਜੁੜਨ ਲਈ ਅਸੀਂ ਦੇਸ਼ ਦੇ ਹਰੇਕ ਜ਼ਿਲ੍ਹੇ ਦੀਆਂ ਪ੍ਰਮੁੱਖ ਮਹਿਲਾ ਕਾਰਕੁਨਾਂ, ਪ੍ਰਤੀਨਿਧੀਆਂ, ਬੁੱਧੀਜੀਵੀਆਂ, ਕਲਾਕਾਰਾਂ, ਸਿਆਸਤਦਾਨਾਂ ਨੂੰ ਕਿਤੂਰ ਵਿਚ ਇਕੱਠੇ ਹੋਣ ਦਾ ਸੱਦਾ ਦਿੰਦੇ ਹਾਂ। ਇਸ ਮੌਕੇ ਕਿਤੂਰ ਘੋਸ਼ਣਾ ਪੱਤਰ ਜਾਰੀ ਕੀਤਾ ਜਾਵੇਗਾ ਜਿਸ ਵਿੱਚ ਔਰਤਾਂ ਨਾਲ ਸੰਬੰਧਤ ਅਤੇ ਦੇਸ਼ ਦੇ ਸਾਰੇ ਮਹੱਤਵਪੂਰਨ ਮੁੱਦੇ ਸ਼ਾਮਲ ਕੀਤੇ ਜਾਣਗੇ। ਹੁਣ ਤੱਕ ਪੰਜਾਹ ਤੋਂ ਵੱਧ ਪ੍ਰਾਂਤਕ ਅਤੇ ਰਾਸ਼ਟਰੀ ਸੰਗਠਨਾਂ ਨੇ ਇਸ ਮੁਹਿੰਮ ਵਿੱਚ ਸ਼ਾਮਲ ਹੋਣ ਦੀ ਸਹਿਮਤੀ ਦਿੱਤੀ ਹੈ।

# ਮੁੱਖ ਸਕੱਤਰ ਵੱਲੋਂ ਸਿਵਲ ਹਸਪਤਾਲ ਦਾ ਅਚਨਚੇਤੀ ਦੌਰਾ, ਮੁੱਖ ਮੰਤਰੀ ਵੱਲੋਂ 25 ਕਰੋੜ ਰੁਪਏ ਮਨਜ਼ੂਰ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, ( ਗੁਰਜੀਤ ਬਿੱਲਾ)**-ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਮੁਹਾਲੀ ਦੇ ਫੇਜ਼ 6 ਸਥਿਤ ਜ਼ਿਲ੍ਹਾ ਹਸਪਤਾਲ ਦਾ ਅਚਨਚੇਤੀ ਦੌਰਾ ਕੀਤਾ। ਨਿਰੀਖਣ ਉਪਰੰਤ ਮੀਡੀਆ ਕਰਮੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਦੌਰੇ ਦਾ ਮੰਤਵ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸਰਕਾਰੀ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਮੁਫਤ ਦਵਾਈਆਂ ਦੀ ਲੋਕ ਪੱਖੀ ਸਹੂਲਤ ਮੁਹੱਈਆ ਕਰਵਾਉਣ ਦੇ ਫੈਸਲੇ ਨੂੰ ਯਕੀਨੀ ਬਣਾਉਣਾ ਸੀ।ਵਰਮਾ ਨੇ ਸਿਵਲ ਹਸਪਤਾਲ 'ਚੋਂ ਬਾਹਰ ਆ ਰਹੇ ਮਰੀਜ਼ਾਂ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਤੋਂ ਪੁੱਛਿਆ ਕਿ ਕੀ ਉਨ੍ਹਾਂ ਨੂੰ ਡਾਕਟਰਾਂ ਵੱਲੋਂ ਲਿਖੀਆਂ ਸਾਰੀਆਂ ਦਵਾਈਆਂ ਮੁਫ਼ਤ ਦਿੱਤੀਆਂ ਗਈਆਂ ਹਨ। ਸਾਰੇ ਮਰੀਜ਼ਾਂ ਨੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਮਿਲਣ ਦੀ ਪੁਸ਼ਟੀ ਕੀਤੀ ਅਤੇ ਸਰਕਾਰ ਦੇ ਇਸ ਲੋਕ ਭਲਾਈ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਵਰਮਾ ਨੇ ਦੱਸਿਆ ਕਿ ਡਾਕਟਰਾਂ ਦੀ ਸਲਾਹ ਨਾਲ ਸਿਹਤ ਵਿਭਾਗ ਵੱਲੋਂ 276 ਜ਼ਰੂਰੀ ਦਵਾਈਆਂ ਦੀ ਸੂਚੀ (ਈ.ਡੀ.ਐਲ.) ਤਿਆਰ ਕੀਤੀ ਗਈ ਹੈ। ਇਨ੍ਹਾਂ ਵਿੱਚੋਂ 90 ਫ਼ੀਸਦ ਦਵਾਈਆਂ ਦੇ ਰੇਟ ਸਬੰਧੀ ਕੰਟਰੈਕਟ ਕੀਤੇ ਗਏ ਹਨ। ਬਾਕੀ ਬਚੀਆਂ ਦਵਾਈਆਂ ਅਤੇ ਸਰਕਾਰੀ ਡਾਕਟਰ ਦੁਆਰਾ ਲਿਖੀਆਂ ਦਵਾਈਆਂ ਲਈ ਸੀਨੀਅਰ ਮੈਡੀਕਲ ਅਫ਼ਸਰ (ਐਸ.ਐਮ.ਓ.) ਬਜ਼ਾਰ ਵਿੱਚੋਂ ਦਵਾਈਆਂ ਖਰੀਦ ਕੇ ਮਰੀਜ਼ਾਂ ਨੂੰ ਮੁਹੱਈਆ ਕਰਵਾਉਣਗੇ ਤਾਂ ਜੋ ਮਰੀਜ਼ਾਂ ਨੂੰ ਡਾਕਟਰ ਦੁਆਰਾ ਲਿਖੀਆਂ ਦਵਾਈਆਂ ਦੀ ਖਰੀਦ ਲਈ ਆਪਣੀ ਜੇਬ ਵਿੱਚੋਂ ਕੋਈ ਪੈਸਾ ਨਾ ਦੇਣਾ ਪਵੇ। ਇਸ ਮੰਤਵ ਲਈ ਮੁੱਖ ਮੰਤਰੀ ਵੱਲੋਂ 25 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ। ਐਸ.ਐਮ.ਓਜ਼ ਦੀਆਂ ਵਿੱਤੀ ਸ਼ਕਤੀਆਂ ਨੂੰ 25,000 ਰੁਪਏ ਤੋਂ ਵਧਾ ਕੇ ਢਾਈ ਲੱਖ ਰੁਪਏ ਕਰ ਦਿੱਤਾ ਗਿਆ ਹੈ ਤਾਂ ਜੋ ਉਹ ਇਹ ਦਵਾਈਆਂ ਖਰੀਦ ਸਕਣ।ਮੁੱਖ ਸਕੱਤਰ ਨੇ ਦੱਸਿਆ ਕਿ ਸੂਬੇ ਵਿੱਚ 23 ਜ਼ਿਲ੍ਹਾ ਹਸਪਤਾਲ, 41 ਸਬ ਡਿਵੀਜ਼ਨ ਹਸਪਤਾਲ ਅਤੇ 161 ਕਮਿਊਨਿਟੀ ਹੈਲਥ ਸੈਂਟਰ ਹਨ। ਇਨ੍ਹਾਂ ਸਾਰੇ ਹਸਪਤਾਲਾਂ ਵਿੱਚ ਉਕਤ ਪ੍ਰਣਾਲੀ ਲਾਗੂ ਕਰ ਦਿੱਤੀ ਗਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਬੀਤੇ ਦਿਨ ਉਨ੍ਹਾਂ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਮੂਹ ਡਿਪਟੀ ਕਮਿਸ਼ਨਰਾਂ ਵੱਲੋਂ ਉਕਤ ਫੈਸਲੇ ਨੂੰ ਲਾਗੂ ਕਰਨ ਨੂੰ ਯਕੀਨੀ ਬਣਾਉਣ ਦੇ ਮੱਦੇਨਜ਼ਰ ਆਪਣੇ ਸਬੰਧਤ ਜ਼ਿਲ੍ਹਾ ਹਸਪਤਾਲਾਂ ਦਾ ਨਿਰੀਖਣ ਕੀਤਾ ਗਿਆ। ਇਸ ਤੋਂ ਇਲਾਵਾ ਸਾਰੇ ਡਿਪਟੀ ਕਮਿਸ਼ਨਰਾਂ ਨੇ ਇਸ ਸਬੰਧੀ ਸਿਵਲ ਸਰਜਨਾਂ ਅਤੇ ਐਸ.ਐਮ.ਓਜ਼ ਨਾਲ ਵਿਸਥਾਰਪੂਰਵਕ ਮੀਟਿੰਗ ਕੀਤੀ।ਵਰਮਾ ਨੇ ਅੱਗੇ ਕਿਹਾ ਕਿ ਜੇਕਰ ਉਕਤ ਸਰਕਾਰੀ ਹਸਪਤਾਲਾਂ ਵਿੱਚ ਆਉਣ ਵਾਲੇ ਕਿਸੇ ਵੀ ਮਰੀਜ਼ ਨੂੰ ਸਰਕਾਰੀ ਡਾਕਟਰ ਵੱਲੋਂ ਲਿਖੀ ਦਵਾਈ ਨਹੀਂ ਮਿਲਦੀ ਤਾਂ ਉਹ ਤੁਰੰਤ ਸਬੰਧਤ ਐਸ.ਐਮ.ਓ. ਜਾਂ ਜ਼ਿਲੇ ਦੇ ਡਿਪਟੀ ਕਮਿਸ਼ਨਰ ਨਾਲ ਸੰਪਰਕ ਕਰਨ। ਇਸ ਤੋਂ ਇਲਾਵਾ ਇਸ ਮਾਮਲੇ ਦੀ ਸੂਚਨਾ ਹੈਲਪਲਾਈਨ ਨੰਬਰ 1100 'ਤੇ ਵੀ ਦਿੱਤੀ ਜਾ ਸਕਦੀ ਹੈ। ਉਨ੍ਹਾਂ ਸਿਹਤ ਵਿਭਾਗ ਨੂੰ ਹਦਾਇਤ ਕੀਤੀ ਕਿ ਸਰਕਾਰ ਦੇ ਇਸ ਲੋਕ ਭਲਾਈ ਫੈਸਲੇ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਯਕੀਨੀ ਬਣਾਇਆ ਜਾਵੇ।ਇਸ ਮੌਕੇ ਪ੍ਰਮੁੱਖ ਸਕੱਤਰ ਸਿਹਤ ਅਜੋਏ ਸ਼ਰਮਾ ਤੇ ਪੰਜਾਬ ਸਿਹਤ ਸਿਸਟਮ ਕਾਰਪੋਰੇਸ਼ਨ ਦੇ ਐਮ.ਡੀ. ਵਰਿੰਦਰ ਕੁਮਾਰ ਸ਼ਰਮਾ ਵੀ ਹਾਜ਼ਰ ਸਨ।

# ਗੁਰਪ੍ਰੀਤ ਨੇ ਸੰਭਾਲਿਆ ਨਾਇਬ ਤਹਿਸੀਲਦਾਰ ਦਾ ਅਹੁਦਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਬੀਤੇ ਦਿਨੀਂ ਪੰਜਾਬ ਸਰਕਾਰ ਵੱਲੋਂ ਮਾਲ ਵਿਭਾਗ ਵਿੱਚ ਕੀਤੀਆਂ ਤਹਿਸੀਲਦਾਰਾਂ ਦੀਆਂ ਬਦਲੀਆਂ ਦੀ ਲੜੀ ਵਿੱਚ 2020 ਬੈਚ ਦੇ ਤਹਿਸੀਲਦਾਰ ਅੰਡਰ ਟਰੇਨਿੰਗ ਗੁਰਪ੍ਰੀਤ ਨੇ ਨਾਇਬ ਤਹਿਸੀਲਦਾਰ ਹੁਸ਼ਿਆਰਪੁਰ ਦਾ ਚਾਰਜ ਲਿਆ ਹੈ। ਉਹ ਇਸ ਤੋਂ ਪਹਿਲਾਂ ਨਾਇਬ ਤਹਿਸੀਲਦਾਰ ਤਲਵੰਡੀ ਚੌਧਰੀਆ ਜ਼ਿਲ੍ਹਾ ਕਪੂਰਥਲਾ ਵਿਖੇ 7 ਮਹੀਨੇ ਸੇਵਾ ਨਿਭਾ ਚੁੱਕੇ ਹਨ। ਉਹਨਾਂ ਕਿਹਾ ਕਿ ਸਰਕਾਰ ਵੱਲੋਂ ਮਿਲੀ ਜਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ। ਮਾਲ ਵਿਭਾਗ ਦੇ ਕੰਮ ਬਿਨਾਂ ਦੇਰੀ ਦੇ ਕੀਤੇ ਜਾਣਗੇ। ਫਿਰ ਵੀ ਜੇਕਰ ਆਮ ਲੋਕਾਂ ਨੂੰ ਕੋਈ ਕੰਮਾਂ ਪ੍ਰਤੀ ਮੁਸ਼ਕਲ ਆਉਂਦੀ ਹੈ ਤਾਂ ਉਹ ਉਹਨਾਂ ਨਾਲ ਬੇਝਿਜਕ ਮਿਲ ਸਕਦੇ ਹਨ। ਉਹਨਾਂ ਕਿਹਾ ਕਿ ਵਿਭਾਗ ਦੇ ਕੰਮਾਂ ਨੂੰ ਉਹ ਪਾਰਦਰਸ਼ੀ ਢੰਗਾਂ ਨਾਲ ਚਲਾਉਣ ਲਈ ਹਰ ਸੰਭਵ ਯਤਨ ਕਰਨਗੇ। ਉਹਨਾਂ ਸਮੂਹ ਸਟਾਫ ਤੇ ਪਟਵਾਰੀਆਂ ਨਾਲ ਮੀਟਿੰਗ ਕੀਤੀ ਤੇ ਕੰਮਾਂ ਵਿੱਚ ਹੋਰ ਤੇਜੀ ਲਿਆਉਣ ਲਈ ਜਰੂਰੀ ਦਿਸ਼ਾ ਨਿਰਦੇਸ਼ ਦਿੱਤੇ ਤੇ ਕਿਹਾ ਕਿ ਸੀਨੀਅਰ ਸਿਟੀਜਨ ਦਾ ਕੰਮ ਪਹਿਲ ਦੇ ਅਧਾਰ 'ਤੇ ਕੀਤਾ ਜਾਵੇ ਤੇ ਦਫਤਰੀ ਡਿਊਟੀ ਨੂੰ ਸਮੇਂ ਅਨੁਸਾਰ ਯਕੀਨੀ ਬਣਾਇਆ ਜਾਵੇ।

# ਪੇਂਡੂ ਮਜ਼ਦੂਰ ਯੂਨੀਅਨ ਭਾਰਤ ਬੰਦ 'ਚ ਕਰੇਗੀ ਭਰਵੀਂ ਸ਼ਮੂਲੀਅਤ



**ਨਵਾਂਸ਼ਹਿਰ (ਮਨੋਜ ਲਾਡੀ )**—16 ਫਰਵਰੀ ਨੂੰ ਕਿਸਾਨਾਂ ਅਤੇ ਮਜਦੂਰਾਂ ਵਲੋਂ ਕੀਤੇ ਜਾ ਰਹੇ ਭਾਰਤ ਬੰਦ ਦੇ ਦਿੱਤੇ ਗਏ ਸੱਦੇ ਨੂੰ ਕਾਮਯਾਬ ਕਰਨ ਲਈ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਚ ਪੇਂਡੂ ਮਜਦੂਰ ਭਰਵਾਂ ਯੋਗਦਾਨ ਪਾਵੇਗੀ।

ਇਸ ਸਬੰਧੀ ਯੂਨੀਅਨ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਜ਼ਿਲ੍ਹਾ ਆਗੂਆਂ ਕਮਲਜੀਤ ਸਨਾਵਾ ਅਤੇ ਹਰੀ ਰਾਮ ਰਸੂਲਪੁਰੀ ਨੇ ਕਿਹਾ ਕਿ ਮੋਦੀ ਸਰਕਾਰ ਦੀਆਂ ਨੀਤੀਆਂ ਮਜਦੂਰ ਵਿਰੋਧੀ ਸਾਬਤ ਹੋਈਆਂ ਹਨ। ਮਜਦੂਰਾਂ ਦੀ ਹਾਲਤ ਦਿਨ ਪ੍ਰਤੀ ਦਿਨ ਨਿਘਰਦੀ ਜਾ ਰਹੀ ਹੈ। ਇਸ ਸਬੰਧੀ ਪਿੰਡਾਂ ਵਿਚ ਮਜਦੂਰਾਂ ਦੀਆਂ ਮੀਟਿੰਗਾਂ ਕਰਨ ਦੇ ਨਾਲ ਨਾਲ ਬੰਦ ਸਬੰਧੀ ਪ੍ਰਚਾਰ ਵੀ ਕੀਤਾ ਜਾਵੇਗਾ। ਉਹਨਾਂ ਨੇ ਮਜਦੂਰ ਵਰਗ ਨੂੰ ਅਪੀਲ ਕੀਤੀ ਕਿ ਉਹ ਇਸ ਬੰਦ ਨੂੰ ਸਫਲ ਬਣਾ ਕੇ ਆਪਣੇ ਮੋਦੀ ਸਰਕਾਰ ਵਿਰੋਧੀ ਗੁੱਸੇ ਦਾ ਪ੍ਰਗਟਾਵਾ ਕਰਨ। ਇਸ ਮੀਟਿੰਗ ਵਿਚ ਸੁਰਿੰਦਰ ਮੀਰਪੁਰੀ ,ਬਗੀਚਾ ਸਿੰਘ ਸਹੂੰਗੜਾ, ਨੀਲਮ ਰਾਣੀ ਕੋਟ ਰਾਂਝਾ, ਲਾਡੀ ਅਤੇ ਪ੍ਰੇਮ ਸਿੰਘ ਸਹਾਬਪੁਰ ਵੀ ਸ਼ਾਮਲ ਸਨ।

## ਵਰ੍ਹੇਗੰਢ ਮਨਾਈ



ਸੁਖਵਿੰਦਰ ਥਿੰਦ ਤੇ ਹਰਸ਼ ਥਿੰਦ ਵਾਸੀ ਆਲਮਸ਼ਾਹ ਫਾਜ਼ਿਲਕਾ ਨੂੰ ਵਿਆਹ ਦੀ ਵਰ੍ਹੇਗੰਢ ਮੁਬਾਰਕ



ਗੁਰਪ੍ਰੀਤ ਸਿੰਘ ਚੋਪੜਾ ਤੇ ਰੰਜਨਾ ਸਿੰਘ ਚੋਪੜਾ ਵਾਸੀ ਜੱਬੋਵਾਲ ਸ.ਭ.ਸ. ਨਗਰ ਨੇ ਆਪਣੇ ਵਿਆਹ ਦੀ ਪੰਜਵੀਂ ਵਰ੍ਹੇਗੰਢ ਮਨਾਈ

# ਗੁਰਦੁਆਰਾ ਬਾਉਲੀ ਸਾਹਿਬ ਵਿਖੇ ਜਪ ਤਪ ਚੌਪਹਿਰਾ ਸਮਾਗਮ ਭਲਕੇ

**ਫਿਲੌਰ, ( ਨਿਰਮਲ )** ਸਥਾਨਕ ਗੁਰਦੁਆਰਾ ਬਾਉਲੀ ਸਾਹਿਬ ਵਿਖੇ ਜਪ ਤਪ ਚੌਪਹਿਰਾ ਸਮਾਗਮ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸ਼ਰਧਾ ਨਾਲ 4 ਫਰਵਰੀ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਮੇਟੀ ਮੈਂਬਰਾਂ ਨੇ ਦੱਸਿਆ ਕਿ ਧੰਨ ਧੰਨ ਬਾਬਾ ਬੁੱਢਾ ਜੀ ਸੇਵਾ ਸਿਮਰਨ ਸੁਸਾਇਟੀ ਲੁਧਿਆਣਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਈ ਘਨ੍ਹਈਆ ਜੀ ਸੇਵਾ ਸਿਮਰਨ ਸੁਸਾਇਟੀ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਜਨ ਤਪ ਚੌਪਹਿਰਾ ਸਮਾਗਮ 4 ਫਰਵਰੀ ਦਿਨ ਐਤਵਾਰ ਨੂੰ 12 ਵਜੇ ਤੋਂ 4 ਵਜੇ ਤੱਕ ਕਰਵਾਇਆਂ ਜਾਵੇਗਾ।ਜਪ ਤਪ ਚੌਪਹਿਰਾ ਸਮਾਗਮ ਦੌਰਾਨ ਮਾਤਾ ਵਿਪਨਦੀਪ ਕੌਰ, ਮਾਤਾ ਰਜਿੰਦਰ ਕੌਰ , ਭਾਈ ਓਮਪ੍ਰੀਤ ਸਿੰਘ ਹਜ਼ੂਰ ਸਾਹਿਬ ਵਾਲਿਆਂ ਵੱਲੋਂ ਗੁਰੂ ਚਰਨਾਂ 'ਚ ਹਾਜ਼ਰੀ ਲਗਾਉਣਗੇ ਅਤੇ ਸੰਗਤਾਂ ਨੂੰ ਨਾਮ ਸਿਮਰਨ ਨਾਲ ਜੋੜਨਗੇ। ਇਸ ਸਮਾਗਮ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਉਲੀ ਸਾਹਿਬ, ਇਸਤਰੀ ਸਤਿਸੰਗ ਸਭਾ ਫਿਲੌਰ, ਸੁਖਮਨੀ ਸਾਹਿਬ ਸਿਮਰਨ ਸੇਵਾ ਸੁਸਾਇਟੀ , ਮੀਰੀ ਪੀਰੀ ਸੇਵਕ ਸਭਾ ਫਿਲੌਰ, ਸੁਖਮਨੀ ਸਾਹਿਬ ਸੇਵਾ ਸੁਸਾਇਟੀ ਫਿਲੌਰ ਅਤੇ ਹੋਰਾਂ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦਾ ਵਿਸ਼ੇਸ਼ ਸਹਿਯੋਗ ਹੋਵੇਗਾ। ਇਸ ਮੌਕੇ ਗੁਰੂ ਦਾ ਅਤੁੱਟ ਲੰਗਰ ਵਰਤਾਇਆ ਜਾਵੇਗਾ।

# ਭਾਰਤ 'ਚ ਕੈਂਸਰ ਤੋਂ ਪੀੜਤ 30 ਲੱਖ ਲੋਕ, ਹਰ ਸਾਲ 5 ਲੱਖ ਲੋਕਾਂ ਦੀ ਹੁੰਦੀ ਮੌਤ : ਮਾਹਰ

ਹੁਸ਼ਿਆਰਪੁਰ (ਓ ਪੀ ਰਾਣਾ ) ਭਾਰਤ ਵਿੱਚ 30 ਲੱਖ ਲੋਕ ਕੈਂਸਰ ਤੋਂ ਪੀੜਤ ਹਨ, ਜਿਨ੍ਹਾਂ ਵਿੱਚੋਂ 11 ਲੱਖ ਨਵੇਂ ਕੇਸ ਹਨ। ਭਾਰਤ ਵਿੱਚ ਹਰ ਸਾਲ ਕੈਂਸਰ ਨਾਲ 5 ਲੱਖ ਲੋਕਾਂ ਦੀ ਮੌਤ ਹੋ ਜਾਂਦੀ ਹੈ। ਭਾਰਤ ਵਿੱਚ ਔਰਤਾਂ ਵਿੱਚ ਛਾਤੀ ਅਤੇ ਸਰਵਾਈਕਲ ਕੈਂਸਰ ਸਭ ਤੋਂ ਆਮ ਕੈਂਸਰ ਹਨ, ਜਦੋਂ ਕਿ ਮਰਦਾਂ ਵਿੱਚ ਫੇਫੜਿਆਂ ਅਤੇ ਜਿਗਰ ਦਾ ਕੈਂਸਰ ਸਭ ਤੋਂ ਆਮ ਹੈ।ਆਈਵੀਵਾਈ ਹਸਪਤਾਲ ਦੇ ਸੀਨੀਅਰ ਮੈਡੀਕਲ ਓਨਕੋਲੋਜਿਸਟ ਡਾ. ਜਤਿਨ ਸਰੀਨ ਨੇ ਦੱਸਿਆ ਕਿ ਕੁਝ ਦਹਾਕੇ ਪਹਿਲਾਂ ਬ੍ਰੈਸਟ ਕੈਂਸਰ ਪੰਜਾਹ ਸਾਲ ਦੀ ਉਮਰ ਤੋਂ ਬਾਅਦ ਹੀ ਦੇਖਿਆ ਜਾਂਦਾ ਸੀ ਅਤੇ ਇਸ ਬਿਮਾਰੀ ਤੋਂ ਪੀੜਤ ਨੌਜਵਾਨ ਔਰਤਾਂ ਦੀ ਗਿਣਤੀ ਘੱਟ ਸੀ।70% ਮਰੀਜ਼ 50 ਸਾਲ ਤੋਂ ਵੱਧ ਉਮਰ ਦੇ ਸਨ ਅਤੇ ਸਿਰਫ 30 ਤੋਂ 35% ਔਰਤਾਂ 50 ਸਾਲ ਤੋਂ ਘੱਟ ਉਮਰ ਦੀਆਂ ਸਨ। ਹਾਲਾਂਕਿ ਵਰਤਮਾਨ ਵਿੱਚ, ਛਾਤੀ ਦਾ ਕੈਂਸਰ ਛੋਟੀ ਉਮਰ ਵਿੱਚ ਵਧੇਰੇ ਆਮ ਹੈ ਅਤੇ ਸਾਰੇ ਕੇਸਾਂ ਵਿੱਚੋਂ 50% 25 ਤੋਂ 50 ਸਾਲ ਦੀ ਉਮਰ ਵਿੱਚ ਹਨ।ਸੀਨੀਅਰ ਸਰਜੀਕਲ ਓਨਕੋਲੋਜਿਸਟ ਡਾ ਵਿਜੇ ਬਾਂਸਲ ਨੇ ਕਿਹਾ ਕਿ ਭਾਰਤ ਵਿਚ ਮੂੰਹ ਦੇ ਕੈਂਸਰ ਦਾ ਵਿਸ਼ਵ ਪੱਧਰ 'ਤੇ ਸਭ ਤੋਂ ਵੱਧ ਪ੍ਰਚਲਨ ਹੈ, ਹਰ ਸਾਲ ਅਜਿਹੇ ਕੈਂਸਰ ਦੇ 75,000 ਤੋਂ 80,000 ਨਵੇਂ ਮਾਮਲੇ ਸਾਹਮਣੇ ਆਉਂਦੇ ਹਨ।ਦੇਸ਼ ਵਿੱਚ ਮੂੰਹ ਦੇ ਕੈਂਸਰ ਦੇ 90 ਪ੍ਰਤੀਸ਼ਤ ਮਾਮਲਿਆਂ ਵਿੱਚ ਤੰਬਾਕੂ ਅਤੇ ਗੁਟਖਾ ਚਬਾਉਣ ਦਾ ਯੋਗਦਾਨ ਹੁੰਦਾ ਹੈ।ਉਨ੍ਹਾਂ ਦੱਸਿਆ ਕਿ ਅੱਜਕੱਲ੍ਹ ਕੈਂਸਰ ਦੀਆਂ ਜ਼ਿਆਦਾਤਰ ਸਰਜਰੀਆਂ ਲੈਪਰੋਸਕੋਪਿਕ ਤਰੀਕੇ ਨਾਲ ਕੀਤੀਆਂ ਜਾ ਸਕਦੀਆਂ ਹਨ, ਜਿਸ ਕਾਰਨ ਮਰੀਜ਼ ਜਲਦੀ ਠੀਕ ਹੋ ਜਾਂਦੇ ਹਨ।

ਮੈਡੀਕਲ ਓਨਕੋਲੋਜਿਸਟ ਡਾ. ਪ੍ਰਿਯਾਂਸ਼ੂ ਚੌਧਰੀ ਨੇ ਕਿਹਾ: ਇੱਕ ਤਿਹਾਈ ਕੈਂਸਰਾਂ ਨੂੰ ਜੀਵਨ ਸ਼ੈਲੀ ਵਿੱਚ ਤਬਦੀਲੀਆਂ ਨਾਲ ਰੋਕਿਆ ਜਾ ਸਕਦਾ ਹੈ। ਛਾਤੀ ਦੇ ਕੈਂਸਰ ਦੇ ਕੇਸਾਂ ਨੂੰ ਸ਼ੁਰੂਆਤੀ ਪੜਾਅ 'ਤੇ ਘਟਾਉਣ ਲਈ ਛਾਤੀ ਦੀ ਸਵੈ-ਜਾਂਚ ਅਤੇ ਮੈਮੋਗ੍ਰਾਫੀ ਇੱਕ ਚੰਗੀ ਤਕਨੀਕ ਹੈ ਅਤੇ ਛਾਤੀ ਦਾ ਐਕਸ-ਰੇ ਅਤੇ PSA ਵਰਗੇ ਸਧਾਰਨ ਟੈਸਟ ਫੇਫੜਿਆਂ ਦੇ ਕੈਂਸਰ ਅਤੇ ਪ੍ਰੋਸਟੇਟ ਕੈਂਸਰ ਦਾ ਸ਼ੁਰੂਆਤੀ ਪੜਾਅ 'ਤੇ ਪਤਾ ਲਗਾਉਣ ਵਿੱਚ ਮਦਦ ਕਰ ਸਕਦੇ ਹਨ।ਸੀਨੀਅਰ ਰੇਡੀਏਸ਼ਨ ਓਨਕੋਲੋਜਿਸਟ ਡਾ ਮੀਨਾਕਸ਼ੀ ਮਿੱਤਲ ਨੇ ਕਿਹਾ ਕਿ ਅਗਲੇ ਦੋ ਦਹਾਕਿਆਂ ਵਿੱਚ ਕੈਂਸਰ ਦੇ ਨਵੇਂ ਕੇਸਾਂ ਦੀ ਗਿਣਤੀ ਵਿੱਚ ਲਗਭਗ 70 ਪ੍ਰਤੀਸ਼ਤ ਵਾਧਾ ਹੋਣ ਦੀ ਉਮੀਦ ਹੈ।ਹੁਸ਼ਿਆਰਪੁਰ, 2 ਫਰਵਰੀ: (ਓ ਪੀ ਰਾਣਾ ) ਭਾਰਤ ਵਿੱਚ 30 ਲੱਖ ਲੋਕ ਕੈਂਸਰ ਤੋਂ ਪੀੜਤ ਹਨ, ਜਿਨ੍ਹਾਂ ਵਿੱਚੋਂ 11 ਲੱਖ ਨਵੇਂ ਕੇਸ ਹਨ। ਭਾਰਤ ਵਿੱਚ ਹਰ ਸਾਲ ਕੈਂਸਰ ਨਾਲ 5 ਲੱਖ ਲੋਕਾਂ ਦੀ ਮੌਤ ਹੋ ਜਾਂਦੀ ਹੈ। ਭਾਰਤ ਵਿੱਚ ਔਰਤਾਂ ਵਿੱਚ ਛਾਤੀ ਅਤੇ ਸਰਵਾਈਕਲ ਕੈਂਸਰ ਸਭ ਤੋਂ ਆਮ ਕੈਂਸਰ ਹਨ, ਜਦੋਂ ਕਿ ਮਰਦਾਂ ਵਿੱਚ ਫੇਫੜਿਆਂ ਅਤੇ ਜਿਗਰ ਦਾ ਕੈਂਸਰ ਸਭ ਤੋਂ ਆਮ ਹੈ।ਆਈਵੀਵਾਈ ਹਸਪਤਾਲ ਦੇ ਸੀਨੀਅਰ ਮੈਡੀਕਲ ਓਨਕੋਲੋਜਿਸਟ ਡਾ. ਜਤਿਨ ਸਰੀਨ ਨੇ ਦੱਸਿਆ ਕਿ ਕੁਝ ਦਹਾਕੇ ਪਹਿਲਾਂ ਬ੍ਰੈਸਟ ਕੈਂਸਰ ਪੰਜਾਹ ਸਾਲ ਦੀ ਉਮਰ ਤੋਂ ਬਾਅਦ ਹੀ ਦੇਖਿਆ ਜਾਂਦਾ ਸੀ ਅਤੇ ਇਸ ਬਿਮਾਰੀ ਤੋਂ ਪੀੜਤ ਨੌਜਵਾਨ ਔਰਤਾਂ ਦੀ ਗਿਣਤੀ ਘੱਟ ਸੀ।70% ਮਰੀਜ਼ 50 ਸਾਲ ਤੋਂ ਵੱਧ ਉਮਰ ਦੇ ਸਨ ਅਤੇ ਸਿਰਫ 30 ਤੋਂ 35% ਔਰਤਾਂ 50 ਸਾਲ ਤੋਂ ਘੱਟ ਉਮਰ ਦੀਆਂ ਸਨ। ਹਾਲਾਂਕਿ ਵਰਤਮਾਨ ਵਿੱਚ, ਛਾਤੀ ਦਾ ਕੈਂਸਰ ਛੋਟੀ ਉਮਰ ਵਿੱਚ ਵਧੇਰੇ ਆਮ ਹੈ ਅਤੇ ਸਾਰੇ ਕੇਸਾਂ ਵਿੱਚੋਂ 50% 25 ਤੋਂ 50 ਸਾਲ ਦੀ ਉਮਰ ਵਿੱਚ ਹਨ।ਸੀਨੀਅਰ ਸਰਜੀਕਲ ਓਨਕੋਲੋਜਿਸਟ ਡਾ ਵਿਜੇ ਬਾਂਸਲ ਨੇ ਕਿਹਾ ਕਿ ਭਾਰਤ ਵਿਚ ਮੂੰਹ ਦੇ ਕੈਂਸਰ ਦਾ ਵਿਸ਼ਵ ਪੱਧਰ 'ਤੇ ਸਭ ਤੋਂ ਵੱਧ ਪ੍ਰਚਲਨ ਹੈ, ਹਰ ਸਾਲ ਅਜਿਹੇ ਕੈਂਸਰ ਦੇ 75,000 ਤੋਂ 80,000 ਨਵੇਂ ਮਾਮਲੇ ਸਾਹਮਣੇ ਆਉਂਦੇ ਹਨ।ਦੇਸ਼ ਵਿੱਚ ਮੂੰਹ ਦੇ ਕੈਂਸਰ ਦੇ 90 ਪ੍ਰਤੀਸ਼ਤ ਮਾਮਲਿਆਂ ਵਿੱਚ ਤੰਬਾਕੂ ਅਤੇ ਗੁਟਖਾ ਚਬਾਉਣ ਦਾ ਯੋਗਦਾਨ ਹੁੰਦਾ ਹੈ।ਉਨ੍ਹਾਂ ਦੱਸਿਆ ਕਿ ਅੱਜਕੱਲ੍ਹ ਕੈਂਸਰ ਦੀਆਂ ਜ਼ਿਆਦਾਤਰ ਸਰਜਰੀਆਂ ਲੈਪਰੋਸਕੋਪਿਕ ਤਰੀਕੇ ਨਾਲ ਕੀਤੀਆਂ ਜਾ ਸਕਦੀਆਂ ਹਨ, ਜਿਸ ਕਾਰਨ ਮਰੀਜ਼ ਜਲਦੀ ਠੀਕ ਹੋ ਜਾਂਦੇ ਹਨ।

# ਦੋ ਨੌਜਵਾਨਾਂ ਨੂੰ ਨਕਾਬਪੋਸ਼ ਹਮਲਾਵਰਾਂ ਨੇ ਬੇਰਹਿਮੀ ਨਾਲ ਕੁੱਟਿਆ



**ਫਿਲੌਰ (ਨਿਰਮਲ)**-ਬੀਤੀ ਸ਼ਾਮ ਨੂੰ ਸ਼ਹਿਰ ਦੀ ਦਾਣਾ ਮੰਡੀ ਕਰੀਬ 2 ਮੋਟਰਸਾਈਕਲਾਂ 'ਤੇ ਸਵਾਰ 4 ਨਕਾਬਪੋਸ਼ ਹਮਲਾਵਰਾਂ ਨੇ 2 ਨੌਜਵਾਨਾਂ 'ਤੇ ਹਥਿਆਰਾਂ ਅਤੇ ਬੇਸਬਾਲਾਂ ਨਾਲ ਹਮਲਾ ਕਰ ਦਿੱਤਾ।ਇਕ ਨੌਜਵਾਨ ਦੀ ਬੇਰਹਿਮੀ ਨਾਲ ਕੁੱਟਮਾਰ ਕਰਦਿਆਂ ਬੇਸਬਾਲ ਵੀ ਟੁੱਟ ਗਿਆ। ਇਸ ਜ਼ਖਮੀ ਨੌਜਵਾਨ ਨੂੰ ਇਲਾਜ ਲਈ ਸਿਵਲ ਹਸਪਤਾਲ ਫਿਲੌਰ ਵਿਖੇ ਦਾਖਲ ਕਰਵਾਇਆ ਗਿਆ, ਜਿਸ ਦੀ ਪਹਿਚਾਣ ਵਿਸ਼ਾਲ ਪੁੱਤਰ ਜਗਜੀਵਨ ਰਾਮ ਵਾਸੀ ਪਿੰਡ ਤੇਹਿੰਗ ਵਜੋਂ ਹੋਈ ਹੈ। ਨੌਜਵਾਨ ਦੀ ਹਾਲਤ ਜ਼ਿਆਦਾ ਖਰਾਬ ਹੋਣ ਕਾਰਨ ਉਸਨੂੰ ਸਿਵਲ ਹਸਪਤਾਲ ਜਲੰਧਰ ਵਿਖੇ ਰੈਫਰ ਕੀਤਾ ਗਿਆ ਹੈ। ਹਮਲਾਵਰਾਂ ਦੀ ਇਹ ਸਾਰੀ ਘਟਨਾ ਲਾਗੇ ਲੱਗੇ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋ ਗਈ ਹੈ।ਘਟਨਾ ਦੀ ਖ਼ਬਰ ਮਿਲਦਿਆਂ ਹੀ ਥਾਣਾ ਫਿਲੌਰ ਦੇ ਏ.ਐਸ.ਆਈ.ਵਿਜੇ ਕੁਮਾਰ ਨੇ ਜਾਂਚ ਪੜਤਾਲ ਸ਼ੁਰੂ ਕਰ ਦਿੱਤੀ ਹੈ।

ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਪੀੜਤ ਵਿਸ਼ਾਲ ਆਪਣੇ ਦੋਸਤ ਜਿਸ ਦਾ ਨਾਂਅ ਵੀ ਵਿਸ਼ਾਲ ਹੈ ਨਾਲ ਪਿੰਡ ਤੇਹਿੰਗ ਤੋਂ ਫਿਲੌਰ ਕਿਸੇ ਕੰਮ ਲਈ ਆਇਆ ਸੀ ਕਿ ਦਾਣਾ ਮੰਡੀ ਵਾਲੇ ਗੇਟ ਦੇ ਕੋਲ 2 ਮੋਟਰਸਾਈਕਲਾਂ 'ਤੇ ਸਵਾਰ ਹਮਲਾਵਰਾਂ ਨੇ ਉਨ੍ਹਾਂ ਉੱਪਰ ਹਮਲਾ ਕਰ ਦਿੱਤਾ। ਉਨ੍ਹਾਂ ਕਿਹਾ ਕਿ ਮਾਮਲੇ ਦੀ ਬਰੀਕੀ ਨਾਲ ਜਾਂਚ ਕਰਕੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਸਰਕਾਰੀ ਮਿਡਲ ਸਕੂਲ ਮੁੰਡੀਆਂ ਦੀ ਲਾਇਬ੍ਰੇਰੀ ਨੂੰ ਕਿਤਾਬ ਭੇਟ



**ਮੋਰਿੰਡਾ (ਜੈਜ਼ੀ ਸਰਦਾਰ)** ਉੱਘੇ ਕਹਾਣੀਕਾਰ ਕਰਮਜੀਤ ਸਿੰਘ ਲੱਕੀ ਸਕਰੁੱਲਾਂਪੁਰੀ ਨੇ ਆਪਣੀ ਨਵੀਂ ਕਿਤਾਬ ਦੋ ਗਿੱਠ ਜ਼ਮੀਨ ਸਰਕਾਰੀ ਮਿਡਲ ਸਕੂਲ ਮੁੰਡੀਆਂ ਦੀ ਲਾਇਬ੍ਰੇਰੀ ਲਈ ਸਕੂਲ ਮੁਖੀ ਸ਼ਿਵਾਲੀ ਸ਼ਰਮਾ ਨੂੰ ਭੇਂਟ ਕੀਤੀ।ਇਸ ਕਿਤਾਬ ਵਿੱਚ ਸੱਤ ਲੰਬੀਆਂ ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ।ਦੋ ਗਿੱਠ ਜਮੀਨ ਕਹਾਣੀ ਨੂੰ ਕਿਤਾਬ ਦਾ ਸਿਰਲੇਖ ਰੱਖਿਆ ਗਿਆ ਹੈ। ਕਿਤਾਬ ਦੇ ਕੁੱਲ ਇੱਕ ਸੌ ਪੰਦਰਾਂ ਪੰਨੇ ਹਨ। ਇਹ ਕਿਤਾਬ ਉਹਨਾਂ ਦੇ ਦਾਦਾ ਕਾਕਾ ਸਿੰਘ , ਭਰਾ ਡਾਕਟਰ ਭਾਗ ਸਿੰਘ ਗੁਰੂ ਅਤੇ ਭਰਜਾਈ ਜੈਨੇਟ ਨੂੰ ਸਮਰਪਿਤ ਕੀਤੀ ਗਈ ਹੈ। ਇਸ ਮੌਕੇ ਜਸਬੀਰ ਸਿੰਘ ਸ਼ਾਂਤਪੁਰੀ ਅਤੇ ਡਾਕਟਰ ਦਲਜੀਤ ਰਾਣੀ ਵਲੋਂ ਸਕੂਲ ਨੂੰ ਕਿਤਾਬ ਦੇਣ ਨਵੀਂ ਕਿਤਾਬ ਲਿਖਣ 'ਤੇ ਕਰਮਜੀਤ ਸਿੰਘ ਨੂੰ ਵਧਾਈ ਦਿੱਤੀ। ਇਸ ਮੌਕੇ ਮਨਦੀਪ ਕੌਰ ਅਤੇ ਜਗਜੀਤ ਸਿੰਘ ਢੰਗਰਾਲੀ ਆਦਿ ਹਾਜ਼ਰ ਸਨ।

# ਮੱਧ ਵਰਗ ਨੂੰ ਇਸ ਬਜਟ ਤੋਂ ਬਹੁਤ ਉਮੀਦਾਂ : ਮਿੱਤਲ



**ਜਲੰਧਰ ( ਸ਼ੈਲੀ ਐਲਬਰਟ)**-ਮੈਂਬਰ ਰਾਜ ਸਭਾ ਅਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ. ਪੀ. ਯੂ.) ਦੇ ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਹਾਲ ਹੀ ਵਿੱਚ ਜਾਰੀ ਕੀਤੇ ਸਰਕਾਰੀ ਬਜਟ-2024 ਤੇ ਸੁਝਵਾਨ ਵਿਚਾਰ ਪੇਸ਼ ਕੀਤੇ ਹਨ । ਡਾ. ਮਿੱਤਲ ਨੇ ਸੰਸਦੀ ਸੈਸ਼ਨ ਦੌਰਾਨ ਵਿਕਾਸ, ਰੁਜ਼ਗਾਰ, ਅਤੇ ਵਿਕਾਸ ਨੂੰ ਚਲਾਉਣ ਵਿੱਚ ਖੋਜ ਅਤੇ ਨਵੀਨਤਾ ਦੀ ਪ੍ਰਮੁੱਖ ਭੂਮਿਕਾ ਤੇ ਵਿੱਤ ਮੰਤਰੀ ਦੇ ਜ਼ੋਰ ਨੂੰ ਚੰਗੀ ਤਰ੍ਹਾਂ ਸਵੀਕਾਰ ਕੀਤਾ । ਇਸ ਸਬੰਧ ਵਿੱਚ, ਡਾ. ਮਿੱਤਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਾਬਕਾ ਪ੍ਰਧਾਨ ਮੰਤਰੀ ਸ਼ਾਸਤਰੀ ਦੁਆਰਾ ਦਿੱਤੇ ਰਾਸ਼ਟਰੀ ਨਾਅਰੇ ਜੈ ਜਵਾਨ ਜੈ ਕਿਸਾਨ ਦੇ ਵਿਕਾਸ ਨੂੰ ਹੋਰ ਰੇਖਾਂਕਿਤ ਕੀਤਾ। ਪ੍ਰਧਾਨ ਮੰਤਰੀ ਵਾਜਪਾਈ ਦੁਆਰਾ ਜੈ ਜਵਾਨ ਜੈ ਕਿਸਾਨ ਜੈ ਵਿਗਿਆਨ ਦੇ ਰੂਪ ਵਿੱਚ ਅੱਗੇ ਚਲਾਇਆ ਗਿਆ; ਅਤੇ ਪ੍ਰਧਾਨ ਮੰਤਰੀ ਮੋਦੀ ਦੁਆਰਾ ਜੈ ਜਵਾਨ ਜੈ ਕਿਸਾਨ ਜੈ ਵਿਗਿਆਨ ਅਤੇ ਜੈ ਅਨੁਸੰਧਾਨ ਤੱਕ ਫੈਲਾਇਆ ਗਿਆ। ਹਾਲਾਂਕਿ, ਇੱਕ ਵਿਆਪਕ ਦ੍ਰਿਸ਼ਟੀਕੋਣ ਨੂੰ ਲੈ ਕੇ, ਡਾ. ਮਿੱਤਲ ਦਾ ਮੰਨਣਾ ਹੈ ਕਿ ਮੱਧ ਵਰਗ ਨੂੰ ਇਸ ਬਜਟ ਤੋਂ ਬਹੁਤ ਉਮੀਦਾਂ ਸਨ। ਬਦਕਿਸਮਤੀ ਨਾਲ, ਮੱਧ ਵਰਗ ਲਈ ਆਮਦਨ ਕਰ ਰਾਹਤ ਦੀ ਅਣਹੋਂਦ ਅਤੇ ਖੇਤੀ ਸੈਕਟਰ ਲਈ ਮਹੱਤਵਪੂਰਨ ਘੋਸ਼ਣਾਵਾਂ ਦੀ ਘਾਟ ਨੇ ਨਿਰਾਸ਼ਾ ਦੀ ਧਾਰਨਾ ਨੂੰ ਜਨਮ ਦਿੱਤਾ ਹੈ।ਇਸ ਤੋਂ ਇਲਾਵਾ, ਹਾਲਾਂਕਿ ਵਿੱਤੀ ਸਾਲ 25 ਦੇ ਪੂੰਜੀ ਖਰਚ ਦੀ ਵੰਡ ਲਈ ਬਜਟ ਵਿੱਚ 11.1 ਫੀਸਦੀ ਵਾਧਾ ਹੋਇਆ ਹੈ, ਜੋ ਕਿ 11.11 ਲੱਖ ਕਰੋੜ ਰੁਪਏ ਹੈ; ਇਹ ਅਜੇ ਵੀ ਉਮੀਦਾਂ ਤੋਂ ਘੱਟ ਹੈ। ਤੁਲਨਾਤਮਕ ਤੌਰ 'ਤੇ ਪਿਛਲੇ ਬਜਟ ਵਿੱਚ ਪੂੰਜੀ ਖਰਚੇ ਵਿੱਚ 37.4 ਪ੍ਰਤੀਸ਼ਤ ਦਾ ਕਾਫ਼ੀ ਵਾਧਾ ਹੋਇਆ ਸੀ। ਇਸ ਤੋਂ ਇਲਾਵਾ, 2024-25 ਲਈ ਖਾਦ ਸਬਸਿਡੀ ਲਈ ਅਲਾਟਮੈਂਟ ਵਿੱਚ 13% ਦੀ ਕਟੌਤੀ ਕਰਕੇ 2024-25 ਲਈ ?1.64 ਲੱਖ ਕਰੋੜ ਰੁਪਏ, ਜਿਵੇਂ ਕਿ 6.24 ?1.89 ਲੱਖ ਕਰੋੜ ਦੇ ਸੰਸ਼ੋਧਿਤ ਬਜਟ ਅਨੁਮਾਨ ਦੇ ਉਲਟ, ਖਾਸ ਤੌਰ 'ਤੇ ਕਿਸਾਨ ਭਾਈਚਾਰੇ ਲਈ ਚਿੰਤਾਵਾਂ ਪੈਦਾ ਕਰਦਾ ਹੈ।

# ਸੰਤ ਪ੍ਰੇਮ ਦਾਸ ਦੀ ਬਰਸੀ 'ਤੇ ਬੋਹਣ ਵਿਖੇ ਧਾਰਮਿਕ ਸਮਾਗਮ ਕਰਵਾਇਆ



**ਹੁਸ਼ਿਆਰਪੁਰ (ਓ ਪੀ ਰਾਣਾ, ਬਲਵੀਰ ਸਿੰਘ ਸੈਣੀ )** ਸ੍ਰੀਮਾਨ 108 ਸੰਤ ਪ੍ਰੇਮ ਦਾਸ ਜੀ ਦੇ 49ਵੇਂ ਬਰਸੀ ਸਮਾਗਮ ਡੇਰਾ ਸੰਤ ਸੀਤਲ ਦਾਸ ਬੋਹਣ ਵਿਖੇ ਮੌਜੂਦਾ ਸੰਚਾਲਕ ਸੰਤ ਸਰਵਣ ਦਾਸ ਜੀ ਚੇਅਰਮੈਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੀ ਸਰਪ੍ਰਸਤੀ ਹੇਠ ਬੜੀ ਸ਼ਰਧਾ ਪੂਰਵਕ ਮਨਾਏ ਗਏ।

ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਸੰਤ ਸਮਾਗਮ, ਕੀਰਤਨ ਦੇ ਦੀਵਾਨ ਸਜਾਏ ਗਏ, ਜਿਸ ਵਿੱਚ ਰਾਗੀ ਜਥਿਆਂ ਤੋਂ ਇਲਾਵਾ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਮਹਾਨ ਸੰਤ ਮਹਾਂਪੁਰਸ਼ ਸੰਤ ਇੰਦਰ ਦਾਸ ਸ਼ੇਖੇ ਜਨਰਲ ਸਕੱਤਰ,ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀ.ਮੀਤ ਪ੍ਰਧਾਨ, ਸੰਤ ਪ੍ਰਮਜੀਤ ਦਾਸ ਨਗਰ ਕੈਸ਼ੀਅਰ, ਸੰਤ ਮਨਜੀਤ ਦਾਸ ਹਿਮਾਚਲ, ਸੰਤ ਬਲਵੰਤ ਸਿੰਘ ਡੀਗਰੀਆਂ ਮੀਤ ਪ੍ਰਧਾਨ, ਸੰਤ ਕ੍ਰਿਪਾਲ ਦਾਸ ਭਾਰਟਾ,ਸੰਤ ਧਰਮਪਾਲ ਸ਼ੇਰਗੜ,ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਸੰਤ ਪ੍ਰਮੇਸ਼ਵਰੀ ਦਾਸ,ਸੰਤ ਸਤਨਾਮ ਦਾਸ ਵਿਛੋਹੀ,ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਸੰਤੋਖ ਦਾਸ ਭਾਰਟਾ,ਸੰਤ ਮਨਜੀਤ ਦਾਸ ਵਿਛੋਹੀ,ਸੰਤ ਗੁਰਮੀਤ ਦਾਸ ਪਿੱਪਲਾਂਵਾਲਾ, ਸੰਤ ਜਸਵੰਤ ਦਾਸ ਰਾਵਲਪਿੰਡੀ ਅਤੇ ਰਾਗੀ ਜਥੇ ਬਾਬਾ ਲਵਪ੍ਰੀਤ, ਭਾਈ ਜਸਬੀਰ ਸਿੰਘ ਸਤੋਰ, ਭਾਈ ਸੁਰਜੀਤ ਸਿੰਘ ਮਜਬੂਰ, ਭਾਈ ਗੁਰਮੇਲ ਸਿੰਘ ਰਾਜਪੁਰ ਭਾਈਆਂ ਦੇ ਜਥਿਆਂ ਨੇ ਕਥਾ, ਕੀਰਤਨ ਗੁਰਮਤਿ ਵਿਚਾਰਾਂ ਰਾਹੀਂ ਸੰਤ ਪ੍ਰੇਮ ਦਾਸ ਨੂੰ ਸ਼ਰਧਾ ਸੁਮਨ ਭੇਟ ਕੀਤੇ ਅਤੇ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸਕੱਤਰ ਦੀ ਸੇਵਾ ਓਮ ਪ੍ਰਕਾਸ਼ ਰਾਣਾ ਨੇ ਨਿਭਾਈ। ਡੇਰਾ ਸੰਚਾਲਕ ਸੰਤ ਸਰਵਣ ਦਾਸ ਵਲੋਂ ਸੰਤਾਂ ਮਹਾਂਪੁਰਸ਼ਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰਜਿੰਦਰ ਭਾਟੀਆ ਡਾਇਰੈਕਟਰ, ਹਰਭਜਨ ਦਾਸ ਕਰਾੜੀ, ਰਾਮ ਭੱਜ ਕਰਾੜੀ, ਜੋਗ ਰਾਜ ਚੋਪੜਾ, ਗਿਆਨੀ ਰਵਿੰਦਰ ਸਿੰਘ, ਗਿਆਨੀ ਦਲਜੀਤ ਸਿੰਘ, ਡਾ. ਬ੍ਰਿਜ ਲਾਲ ਹਾਜਰ ਸਨ। ਸੰਗਤਾਂ ਲਈ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਤੀਸਰਾ ਜਥਾ ਅੰਮ੍ਰਿਤਸਰ ਤੇ ਤਲਵੰਡੀ ਸਾਬੋ ਲਈ ਹੋਇਆ ਰਵਾਨਾ

**ਬਹਿਰਾਮ (ਅਵਤਾਰ ਕਲੇਰ)**- ਬੰਗਾ ਹਲਕੇ ਦੇ ਪਿੰਡ ਸਰਹਾਲ ਕਾਜੀਆਂ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਤੀਸਰਾ ਜਥਾ ਸ੍ਰੀ ਅੰਮ੍ਰਿਤਸਰ ਸਹਿਬ ਅਤੇ ਦਮਦਮਾ ਸਾਹਿਬ ਤਲਵੰਡੀ ਸਾਬੋ ਲਈ ਕੁਲਜੀਤ ਸਿੰਘ ਸਰਹਾਲ ਵਾਈਸ ਚੇਅਰਮੈਨ ਵਾਟਰ ਰਿਸੋਰਸਿਸ ਡਿਵੈਲਪਮੈਂਟ ਅਤੇ ਮੈਨੇਜਮੈਂਟ ਕਾਰਪੋਰੇਸਨ ਪੰਜਾਬ ਹਲਕਾ ਇੰਚਾਰਜ ਬੰਗਾ ਨੇ ਰਵਾਨਾ ਕੀਤਾ ਤੇ ਕਿਹਾ ਕਿ ਧਾਰਮਿਕ ਯਾਤਰਾ ਨੂੰ ਲੈ ਕੇ ਹਲਕਾ ਨਿਵਾਸੀਆਂ ਦੇ ਵਿੱਚ ਕਾਫੀ ਉਤਸ਼ਾਹ ਹੈ ਅਤੇ ਵੱਧ ਤੋਂ ਵੱਧ ਹਲਕਾ ਨਿਵਾਸੀਆਂ ਨੂੰ ਧਾਰਮਿਕ ਸਥਾਨਾਂ ਦੇ ਦਰਸਨ ਕਰਵਾਉਣ ਦੇ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਡੀ. ਐਸ. ਪੀ. ਦਲਜੀਤ ਸਿੰਘ ਖੱਖ ਜੀ, ਐਸ. ਐਚ. ਓ ਮੁਕੰਦਪੁਰ ਜੋਗਿੰਦਰ ਸਿੰਘ ਜੀ, ਟੀ. ਐਮ ਰੋਡਵੇਜ ਦਿਲਬਾਗ ਸਿੰਘ ਐਸ. ਆਈ. ਰੋਡਵੇਜ ਮੁਨੀਸ ਕੁਮਾਰ,ਐਸ.ਡੀ.ਓ.ਕ੍ਰਿਸ਼ਨ ਦੁੱਗਲ, ਸੁਪਰਡੈਂਟ ਬਲਦੇਵ ਸਿੰਘ, ਸਰਪੰਚ ਬਿਸ਼ੰਬਰ ਲਾਲ, ਚੇਅਰਮੈਨ ਮਾਰਕੀਟ ਕਮੇਟੀ ਬੰਗਾ ਬਲਵੀਰ ਕਰਨਾਣਾ, ਜਸਵੀਰ ਸਿੰਘ ਨੂਰਪੁਰੀ, ਸੀਨੀਅਰ ਆਗੂ ਜਗਜੀਤ ਸਿੰਘ ਸੋਢੀ, ਜਸਪ੍ਰੀਤ ਸਿੰਘ ਰੋਬੀ ਕੰਗ, ਸੁਰਿੰਦਰ ਸਿੰਘ ਢੀਂਡਸਾ, ਪੰਚ ਰਣਜੀਤ ਸਿੰਘ, ਪੰਚ ਗੁਰਪ੍ਰੀਤ ਸਿੰਘ, ਪ੍ਰਧਾਨ ਪਾਲ ਸਿੰਘ, ਅਵਤਾਰ ਸਿੰਘ ਸਾਬਕਾ ਸਰਪੰਚ, ਨੰਬਰਦਾਰ ਜਸਵਿੰਦਰ ਸਿੰਘ ਕਲੇਰ, ਗੁਰਮੇਲ ਸਿੰਘ ਕਲੇਰ, ਕੁਲਵੀਰ ਸਿੰਘ, ਨੰਬਰਦਾਰ ਮੰਗਲ ਰਾਮ, ਲਖਵਿੰਦਰ ਸਿੰਘ ਸਰਪੰਚ ਨੂਰਪੁਰ ਤੋਂ ਇਲਾਵਾ ਹਲਕਾ ਨਿਵਾਸੀ ਵੀ ਮੌਜੂਦ ਸਨ।



# ਕੰਪਿਊਟਰ ਅਧਿਆਪਕਾਂ ਦੇ ਲੰਬਿਤ ਤੇ ਜਾਇਜ਼ ਮਸਲੇ ਹੱਲ ਕੀਤੇ ਜਾਣ : ਹਰਜਿੰਦਰ ਮਹਿਸਮਪੁਰ



**ਫਿਲੌਰ (ਨਿਰਮਲ)**- ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰੈਸ ਸਕੱਤਰ ਹਰਜਿੰਦਰ ਮਹਿਸਮ ਪੁਰ ਦੀ ਅਗਵਾਈ ਹੇਠ ਫਿਲੌਰ ਵਿਖੇ ਪ੍ਰਿੰਸੀਪਲ ਪ੍ਰੇਮ ਕੁਮਾਰ ਹਲਕਾ ਇੰਚਾਰਜ ਫਿਲੌਰ (ਸੰਯੁਕਤ ਸਕੱਤਰ ਪੰਜਾਬ ) ਰਾਹੀਂ ਮੁੱਖ ਮੰਤਰੀ ਪੰਜਾਬ ਦੇ ਨਾਂਅ ਮੰਗ ਪੱਤਰ ਸੌਂਪਿਆ ਗਿਆ । ਜੱਥੇਬੰਦੀ ਦੇ ਆਗੂਆਂ ਨੇ ਆਪਣੇ ਮਸਲਿਆਂ ਬਾਰੇ ਦੱਸਿਆ ਕਿ ਬੇਸ਼ੱਕ ਕੰਪਿਊਟਰ ਅਧਿਆਪਕਾਂ ਨੂੰ 2011 ਵਿੱਚ ਮੌਕੇ ਦੀ ਸਰਕਾਰ ਨੇ ਪੰਜਾਬ ਸਿਵਲ ਸਰਵਿਸ ਨਿਯਮਾਂ ਤਹਿਤ ਰੈਗੂਲਰ ਕੀਤਾ ਸੀ।ਪਰ ਅੱਜ ਤੱਕ ਕੰਪਿਊਟਰ ਅਧਿਆਪਕਾਂ 'ਤੇ ਪੰਜਾਬ ਸਿਵਲ ਸਰਵਿਸ ਨਿਯਮ ਪੂਰਨ ਰੂਪ ਵਿੱਚ ਲਾਗੂ ਨਹੀਂ ਕੀਤੇ । ਜਦਕਿ ਪੰਜਾਬ ਦੇ ਸਮੁੱਚੇ ਮੁਲਾਜਮਾਂ ਨੂੰ 6ਵਾਂ ਤਨਖਾਹ ਕਮਿਸ਼ਨ ਦਿੱਤਾ ਜਾ ਚੁੱਕਾ ਹੈ ਪਰ ਬਗੈਰ ਕਿਸੇ ਕਾਰਨ ਕੰਪਿਊਟਰ ਅਧਿਆਪਕਾਂ ਦਾ 6ਵਾਂ ਤਨਖਾਹ ਕਮਿਸ਼ਨ ਅਤੇ ਹੋਰ ਲਾਭ ਰੋਕ ਰੱਖੇ ਹਨ ।ਕਰੋਨਾ ਕਾਲ ਡਿਊਟੀ ਦੌਰਾਨ ਅਤੇ ਵੱਖ ਸਮੇਂ ਤੇ ਲੱਗਭਗ 100 ਦੇ ਕਰੀਬ ਕੰਪਿਊਟਰ ਅਧਿਆਪਕਾਂ ਦੀ ਮੌਤ ਹੋ ਚੁੱਕੀ ਹੈ ਜਿਹਨਾਂ ਦੇ ਪਰਵਾਰ ਸੜਕਾਂ ਤੇ ਰੁਲਣ ਲਈ ਮਜਬੂਰ ਹੋ ਰਹੇ ਹਨ ਕਿਉਂਕਿ ਪੰਜਾਬ ਸਰਕਾਰ ਉਹਨਾਂ ਦੇ ਆਸ਼ਰਿਤਾਂ ਦੀ ਸਹਾਇਤਾ ਲਈ ਪਰਵਾਰ ਦੇ ਮੈਂਬਰ ਨੂੰ ਕੋਈ ਨੌਕਰੀ ਨਹੀਂ ਦਿੱਤੀ, ਜਿਸ ਕਾਰਨ ਕੰਪਿਊਟਰ ਅਧਿਆਪਕ ਸੰਘਰਸ਼ ਕਰਨ ਲਈ ਮਜਬੂਰ ਹਨ। ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਦੱਸਿਆ ਕਿ ਤੁਹਾਡਾ ਮਸਲਾ ਪੰਜਾਬ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਇਸ ਨੂੰ ਹੱਲ ਕਰਨ ਲਈ ਯਤਨ ਕਰ ਰਹੀ ਹੈ ।ਇਸ ਵਕਤ ਦੀਪਕ ਸੱਲਣ, ਰਵਿੰਦਰ ਕੁਮਾਰ, ਬਰਜਿੰਦਰ ਸਿੰਘ, ਮਨਦੀਪ ਕੁਮਾਰ, ਅਜੈ ਕੁਮਾਰ, ਪਵਨ ਕੁਮਾਰ ,ਦੀਪਕ ਚਾਂਦਲਾ ਆਦਿ ਹਾਜਰ ਸਨ ।

# ਸਕੂਲ ਆਫ਼ ਐਮੀਨੈਂਸ ਟਾਂਡਾ ਵਿਖੇ ਧਾਰਮਿਕ ਸਮਾਗਮ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ ਉਂਕਾਰ ਸਿੰਘ)**-ਸਕੂਲ ਆਫ਼ ਐਮੀਨੈਂਸ ਟਾਂਡਾ ਵਿਖੇ ਸਰਬੱਤ ਦੇ ਭਲੇ ਲਈ ਧਾਰਮਿਕ ਸਮਾਗਮ ਆਯੋਜਿਤ ਕੀਤਾ ਗਿਆ।ਪ੍ਰਿੰਸੀਪਲ ਰਾਜੇਸ਼ ਕੁਮਾਰ ਤ੍ਰੇਹਨ ਦੀ ਦੇਖ-ਰੇਖ ਵਿੱਚ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਭਾਈ ਬਲਵੀਰ ਸਿੰਘ , ਸਕੂਲ ਦੇ ਵਿਦਿਆਰਥੀ ਗੁਰਮਨਪ੍ਰੀਤ ਸਿੰਘ, ਦਮਨਪ੍ਰੀਤ ਸਿੰਘ, ਵਿਸ਼ਵਜੀਤ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਨੇ ਮਨੋਹਰ ਸ਼ਬਦ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਦੇ ਪਿਤਾ ਮਾਸਟਰ ਮਹਿੰਦਰ ਸਿੰਘ ਗਿੱਲ, ਬਲਾਕ ਪ੍ਰਧਾਨ ਆਪ ਕੇਸ਼ਵ ਸਿੰਘ ਸੈਣੀ, ਸਿਟੀ ਪ੍ਰਧਾਨ ਜਗਜੀਵਨ ਜੱਗੀ, ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ, ਯੂਥ ਆਗੂ ਪ੍ਰੇਮ ਪਡਵਾਲ ਤੋਂ ਇਲਾਵਾ ਸਕੂਲਾਂ ਸਟਾਫ ਸਮੇਤ ਵੱਖ-ਵੱਖ ਸ਼ਖਸੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਪ੍ਰਿੰਸੀਪਲ ਤ੍ਰੇਹਨ ਨੇ ਸਮੂਹ ਪ੍ਰਤੀਭਾਗੀਆਂ ਦਾ ਧੰਨਵਾਦ ਕੀਤਾ ਅਤੇ ਵਿਸ਼ੇਸ਼ ਤੌਰ 'ਤੇ ਵਿਧਾਇਕ ਰਾਜਾ ਵੱਲੋਂ ਸਕੂਲ ਆਫ ਐਮੀਨੈਂਸ ਲਈ ਲਗਾਤਾਰ ਫੰਡ ਲਿਆਉਣ ਲਈ ਧੰਨਵਾਦ ਕੀਤਾ। ਇਸ ਮੌਕੇ ਪ੍ਰਿੰਸੀਪਲ ਨੇ ਵਿਦਿਅਕ ਸਹੂਲਤਾਂ ਪ੍ਰਦਾਨ ਕਰਨ ਵਿੱਚ ਮੱਦਦ ਕਰਨ ਵਾਲੀਆਂ ਸ਼ਖ਼ਸੀਅਤਾਂ ਅਤੇ ਮੁੱਖ ਮਹਿਮਾਨਾਂ ਨੂੰ ਸਨਮਾਨਿਤ ਕੀਤਾ। ਪ੍ਰਿੰਸੀਪਲ ਗੁਰਦੀਪ ਸਿੰਘ, ਪ੍ਰਿੰਸੀਪਲ ਇਕਬਾਲ ਕੌਰ, ਡਾ: ਲਵਪ੍ਰੀਤ ਸਿੰਘ ਪਾਬਲਾ, ਤਜਿੰਦਰ ਸਿੰਘ ਢਿੱਲੋਂ ,ਕਮਲ ਧੀਰ, ਗੋਲਡੀ ਵਰਮਾ,ਜਗਮੋਹਨ ਸਿੰਘ, ਭੁਪਿੰਦਰ ਸਿੰਘ ਢੱਟ, ਸੁਰਜੀਤ ਸਿੰਘ, ਪ੍ਰਿੰਸੀਪਲ ਮਨਜੀਤ ਸਿੰਘ, ਅਮਿਤ ਪਾਸੀ, ਗੁਰਮਿੰਦਰ ਸਿੰਘ, ਡਾ.ਅਮੋਲਕ ਸਿੰਘ, ਸੁਨੀਤ ਕੁਮਾਰੀ, ਗੁਰਚਰਨ ਸਿੰਘ, ਰੇਖਾ ਕਾਲੜਾ, ਜਗਜੀਤ ਕੌਰ, ਬਲਜਿੰਦਰ ਸਿੰਘ, ਹਰਵਿੰਦਰ ਓਹਪੁਰੀ, ਹੈੱਡ ਮਾਸਟਰ ਗੁਰਮਿੰਦਰ ਸਿੰਘ, ਵਿਪੁਲ ਸਿੰਘ, ਲੋਕੇਸ਼ ਵਸ਼ਿਸ਼ਟ, ਅਰਵਿੰਦਰ ਸਿੰਘ, ਅਮਿਤ ਬੱਸੀ, ਹਰਵਿੰਦਰ ਓਹੜਪੁਰੀ , ਸੁਖਜਿੰਦਰ ਸਿੰਘ ਸੈਣੀ ਅਤੇ ਸਮੂਹ ਸਟਾਫ਼ ਸ਼ਾਮਲ ਹੋਏ।

# ਸ੍ਰੀ ਗੁਰੂ ਹਰਿਰਾਏ ਸਾਹਿਬ ਦੇ ਪ੍ਰਕਾਸ਼ ਪੁਰਬ ਸੰਬੰਧੀ ਜੋੜ ਮੇਲ 20 ਤੋਂ

**ਮੋਹਾਲੀ (ਗੁਰਜੀਤ ਬਿੱਲਾ)**-ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਇਤਿਹਾਸਿਕ ਗੁਰਦੁਆਰਾ ਅੰਬ ਸਾਹਿਬ ਵਿਖੇ 20, 21 ਅਤੇ 22 ਫਰਵਰੀ ਨੂੰ ਕਰਵਾਈ ਜਾਣ ਵਾਲੇ ਸਾਲਾਨਾ ਜੋੜ ਮੇਲ ਦੀਆਂ ਤਿਆਰੀਆਂ ਸਬੰਧੀ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਦੇ ਪ੍ਰਬੰਧਕਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਗੂਆਂ ਦੀ ਮੀਟਿੰਗ ਸ਼੍ਰੋਮਣੀ ਅਕਾਲੀ ਦਲ ਹਲਕਾ ਮੋਹਾਲੀ ਦੇ ਮੁੱਖ ਸੇਵਾਦਾਰ ਪਰਵਿੰਦਰ ਸਿੰਘ ਸੋਹਾਣਾ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਐਸਜੀਪੀਸੀ ਮੈਂਬਰ ਬੀਬੀ ਪਰਮਜੀਤ ਕੌਰ ਲਾਂਡਰਾਂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਅਤੇ ਪ੍ਰੋਗਰਾਮ ਸਬੰਧੀ ਜਾਣਕਾਰੀ ਦਿੱਤੀ।ਪਰਵਿੰਦਰ ਸਿੰਘ ਸੋਹਾਣਾ ਨੇ ਕਿਹਾ ਕਿ ਇਸ ਇਲਾਕੇ ਦਾ ਸੁਭਾਗ ਹੈ ਕਿ ਇਤਿਹਾਸਿਕ ਗੁਰਦੁਆਰਾ ਅੰਬ ਸਾਹਿਬ ਸ੍ਰੀ ਗੁਰੂ ਹਰਿਰਾਇ ਸਾਹਿਬ ਦੀ ਚਰਨ ਛੋਹ ਪ੍ਰਾਪਤ ਹੈ। ਉਹਨਾਂ ਦੱਸਿਆ ਕਿ ਇਸ ਸਬੰਧੀ 20 ਫਰਵਰੀ ਨੂੰ ਇੱਕ ਵਿਸ਼ਾਲ ਨਗਰ ਕੀਰਤਨ ਵੀ ਸ਼ਹਿਰ ਵਿੱਚ ਕੱਢਿਆ ਜਾ ਰਿਹਾ ਹੈ ਜੋ ਕਿ ਗੁਰਦੁਆਰਾ ਅੰਬ ਸਾਹਿਬ ਤੋਂ ਆਰੰਭ ਹੋ ਕੇ ਗੁਰਦੁਆਰਾ ਸਾਹਿਬਜ਼ਾਦਾ ਅਜੀਤ ਸਿੰਘ ਫੇਜ਼ 2 ਵਿਖੇ ਸੰਪੰਨ ਹੋਵੇਗਾ। ਉਹਨਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਹਦਾਇਤਾਂ ਅਨੁਸਾਰ ਇਸ ਵਾਰ ਪੰਜ ਪਿਆਰਿਆਂ ਅਤੇ ਰਾਗੀ ਸਿੰਘਾਂ, ਸੰਤਾਂ ਮਹਾਂਪੁਰਸ਼ਾਂ ਤੋਂ ਇਲਾਵਾ ਕਿਸੇ ਨੂੰ ਵੀ ਸਿਰੋਪਾਓ ਦੀ ਬਖਸ਼ਿਸ਼ ਨਹੀਂ ਕੀਤੀ ਜਾਵੇਗੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਬੀਬੀ ਪਰਮਜੀਤ ਕੌਰ ਲਾਂਡਰਾਂ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਉੱਚ ਕੋਟੀ ਦੇ ਰਾਗੀ, ਢਾਡੀ, ਕਵੀਸ਼ਰ ਅਤੇ ਕਥਾ ਵਾਚਕ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨ ਦਾ ਉਪਰਾਲਾ ਕਰਨਗੇ। ਉਹਨਾਂ ਕਿਹਾ ਕਿ 20 ਫਰਵਰੀ ਨੂੰ ਹੀ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ ਜਿਨਾਂ ਦੇ ਭੋਗ 22 ਫਰਵਰੀ ਨੂੰ ਪੈਣਗੇ। ਇਸ ਦੌਰਾਨ 22 ਫਰਵਰੀ ਨੂੰ ਅੰਮ੍ਰਿਤ ਸੰਚਾਰ ਹੋਵੇਗਾ।ਇਸ ਮੌਕੇ ਕਰਮ ਸਿੰਘ ਬਬਰਾ ਪ੍ਰਧਾਨ ਰਾਮਗੜੀਆ ਸਭਾ, ਮਨਜੀਤ ਸਿੰਘ ਮਾਨ ਪ੍ਰਧਾਨ ਦਸ਼ਮੇਸ਼ ਵੈਲਫੇਅਰ ਕੌਂਸਲ, ਹਰਜੀਤ ਸਿੰਘ ਪ੍ਰਧਾਨ ਗੁਰਦੁਆਰਾ ਸਾਹਿਬ ਫੇਜ਼ 11, ਜਸਪਾਲ ਸਿੰਘ ਪ੍ਰਧਾਨ ਗੁਰਦੁਆਰਾ ਸਾਹਿਬ ਫੇਜ਼ 6, ਪ੍ਰੀਤਮ ਸਿੰਘ, ਹਰਦੀਪ ਸਿੰਘ ਪ੍ਰਧਾਨ ਗੁਰਦੁਆਰਾ ਸਾਹਿਬ ਫੇਜ਼ 1, ਤਰਲੋਚਨ ਸਿੰਘ, ਗੋਪਾਲ ਸਿੰਘ, ਅਮਰਜੀਤ ਸਿੰਘ ਪ੍ਰਧਾਨ ਗੁ ਸਾਚਾ ਧੰਨ ,ਮਨਮੋਹਨਜੀਤ ਸਿੰਘ, ਬਲਜੀਤ ਸਿੰਘ ਖੋਖਰ, ਭਜਨ ਸਿੰਘ, ਜਗਦੀਸ਼ ਸਿੰਘ, ਹਰਪਾਲ ਸਿੰਘ, ਮਲਕੀਤ ਸਿੰਘ, ਮੇਘ ਸਿੰਘ, ਨਿਰਮਲ ਸਿੰਘ ਭੁਰਜੀ, ਮਾਨ ਸਿੰਘ, ਅਮਰਜੀਤ ਸਿੰਘ ਮੈਨੇਜਰ ਅੰਬ ਸਾਹਿਬ, ਹਰਵਿੰਦਰ ਸਿੰਘ ਸੂਰੀ, ਹਰਵਿੰਦਰ ਸਿੰਘ ,ਰਜਿੰਦਰ ਸਿੰਘ ਮਾਨ ਸਮੇਤ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਗੀਤਕਾਰ ਰਾਣਾ ਭੋਗਪੁਰੀਆ ਨਿਊਜ਼ੀਲੈਂਡ ਦੇ ਦੌਰੇ 'ਤੇ

**ਜਲੰਧਰ (ਗੁਰਪ੍ਰੀਤ ਸਿੰਘ ਭੋਗਲ )**-ਪੰਜਾਬੀ ਦੇ ਪ੍ਰਸਿੱਧ ਗੀਤਕਾਰ ਪੱਤਰਕਾਰ ਅਤੇ ਲੇਖਕ ਰਾਣਾ ਭੋਗਪੁਰੀਆ ਨਿਊਜ਼ੀਲੈਂਡ ਦੇ ਸਾਹਿਤਕ ਦੌਰੇ 'ਤੇ ਰਵਾਨਾ ਹੋਏ। ਇਸ ਦੌਰੇ ਦੌਰਾਨ ਉਹ ਨਿਊਜ਼ੀਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿੱਚ ਹੋਣ ਵਾਲੇ ਸਾਹਿਤਕ ਸਮਾਗਮਾਂ ਵਿੱਚ ਸ਼ਿਰਕਤ ਕਰਨਗੇ।

ਉਹਨਾਂ ਦੀ ਨਵ ਪ੍ਰਕਾਸ਼ਿਤ ਪੁਸਤਕ ਵਿਦੇਸ਼ਾਂ ਵਿੱਚ 'ਪੰਜਾਬੀਅਤ ਦੇ ਝੰਡਾ ਬਰਦਾਰ' ਲੋਕ ਅਰਪਣ ਕੀਤੀ ਜਾਵੇਗੀ।ਸਾਹਿਤਕ ਸੰਸਥਾਵਾਂ ਵੱਲੋਂ ਭੋਗਪੁਰੀਆ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ।

# ਰਿਆਤ ਬਾਹਰਾ ਗਰੁੱਪ ਆਫ ਇੰਸਟੀਚਿਊਟ 'ਚ 31ਵੀਂ ਸੂਬਾ ਪੱਧਰੀ ਚਿਲਡਰਨ ਸਾਇੰਸ ਕਾਂਗਰਸ




**ਹੁਸ਼ਿਆਰਪੁਰ ( ਓ ਪੀ ਰਾਣਾ )**-31ਵੀਂ ਸੂਬਾ ਪੱਧਰੀ ਚਿਲਡਰਨ ਸਾਇੰਸ ਕਾਂਗਰਸ ਰਿਆਤ ਬਾਹਰਾ ਗਰੁੱਪ ਆਫ ਇੰਸਟੀਚਿਊਟ ਹੁਸ਼ਿਆਰਪੁਰ ਵਿਖੇ ਸ਼ੁਰੂ ਹੋ ਗਈ ਹੈ। ਇਸ ਮੌਕੇ ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਦੇ ਸੰਯੁਕਤ ਡਾਇਰੈਕਟਰ ਡਾ. ਕੇ.ਐਸ ਬਾਠ ਨੇ ਦੱਸਿਆ ਕਿ ਸਾਇੰਸ ਐਂਡ ਟੈਕਨਾਲੋਜੀ ਵਿਭਾਗ ਵੱਲੋਂ ਚਿਲਡਰਨ ਸਾਇੰਸ ਕਾਂਗਰਸ 1993 ਤੋਂ ਹਰ ਸਾਲ ਆਯੋਜਿਤ ਕੀਤੀ ਜਾ ਰਹੀ ਹੈ, ਜਿਸ ਵਿਚ 10 ਤੋਂ 17 ਸਾਲ ਤੱਕ ਦੀ ਉਮਰ ਦੇ ਵਿਦਿਆਰਥੀ ਛੋਟੇ ਖੋਜ ਪ੍ਰੋਜੈਕਟ ਬਣਾ ਕੇ ਜ਼ਿਲ੍ਹਾ ਅਤੇ ਸੂਬਾ ਪੱਧਰ 'ਤੇ ਪੇਸ਼ ਕਰਦੇ ਹਨ। ਉਨ੍ਹਾਂ ਦੱਸਿਆ ਕਿ ਇਸ ਸਾਲ 'ਅੰਡਰਸਟੈਂਡਿੰਗ ਈਕੋਸਿਸਟਮ ਫਾਰ ਹੈਲਥ ਐਂਡ ਵੈਲ ਬੀਇੰਗ' ਥੀਮ 'ਤੇ ਸੂਬੇ ਦੇ 23 ਜ਼ਿਲ੍ਹਿਆਂ ਦੇ ਭਾਗੀਦਾਰਾਂ ਵੱਲੋਂ 1200 ਤੋਂ ਵੱਧ ਪ੍ਰੋਜੈਕਟ ਤਿਆਰ ਕੀਤੇ ਗਏ ਹਨ, ਜਿਨ੍ਹਾਂ ਵਿਚੋਂ 138 ਪ੍ਰੋਜੈਕਟ ਸੂਬਾ ਪੱਧਰ 'ਤੇ ਪੇਸ਼ ਕੀਤੇ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਸੂਬੇ ਤੋਂ 16 ਪ੍ਰੋਜੈਕਟਾਂ ਦੀ ਚੋਣ ਕਰਕੇ ਰਾਸ਼ਟਰੀ ਪੱਧਰ 'ਤੇ ਹੋਣ ਵਾਲੇ ਈਵੈਂਟ ਵਿਚ ਭਾਗ ਲੈਣ ਲਈ ਭੇਜੇ ਜਾਣਗੇ।ਇਸ ਮੌਕੇ ਸਵੇਰੇ ਵੱਖ-ਵੱਖ ਜ਼ਿਲ੍ਹਿਆਂ ਤੋਂ ਆਉਣ ਵਾਲੇ ਭਾਗੀਦਾਰਾਂ ਦੀ ਜੂਨੀਅਰ ਅਤੇ ਸੀਨੀਅਰਜ਼ ਵਰਗ ਵਿਚ ਰਜਿਸਟ੍ਰੇਸ਼ਨ ਕੀਤੀ ਗਈ। ਡਾ. ਬਾਠ ਨੇ ਕਿਹਾ ਕਿ ਅੱਜ ਦਾ ਵਿਦਿਆਰਥੀ ਹਰੇਕ ਚੀਜ਼ ਨੂੰ ਵਿਗਿਆਨ ਦੀ ਕਸੌਟੀ ਵਿਚ ਪਰਖਣਾ ਚਾਹੁੰਦਾ ਹੈ, ਕਿਉਂਕਿ ਵਿਗਿਆਨ ਦੇ ਯੁੱਗ ਵਿਚ ਉਹ ਕਿਸੇ ਵਹਿਮ ਵਿਚ ਨਹੀਂ ਰਹਿਣਾ ਚਾਹੁੰਦਾ। ਉਨ੍ਹਾਂ ਦੱਸਿਆ ਕਿ ਬੱਚਿਆਂ ਵਿਚ ਵਿਗਿਆਨ ਪ੍ਰਤੀ ਸੋਚ ਨੂੰ ਹੋਰ ਵਧਾਉਣ ਲਈ ਇਸ ਤਰ੍ਹਾਂ ਦੀ ਚਿਲਡਰਨ ਸਾਇੰਸ ਕਾਂਗਰਸ ਆਯੋਜਿਤ ਕੀਤੀ ਗਈ ਹੈ, ਜੋ ਕਿ ਜ਼ਿਲ੍ਹਾ ਪੱਧਰ ਤੋਂ ਲੈ ਕੇ ਰਾਸ਼ਟਰੀ ਪੱਧਰ ਤੱਕ ਆਯੋਜਿਤ ਕੀਤੀ ਜਾਂਦੀ ਹੈ, ਜਿਸ ਵਿੱਚ ਦੇਸ਼ ਦੇ ਹਜ਼ਾਰਾਂ ਵਿਦਿਆਰਥੀ ਆਪਣੇ ਹੁਨਰ ਦਾ ਮੁਜ਼ਾਹਰਾ ਕਰਦੇ ਹਨ। ਉਨ੍ਹਾਂ ਕਿਹਾ ਕਿ ਨਵੀਆਂ-ਨਵੀਆਂ ਕਾਢਾਂ ਤਾਂ ਹੀ ਸੰਭਵ ਹੁੰਦੀਆਂ ਹਨ, ਕਿਉਂਕਿ ਵਿਦਿਆਰਥੀਆਂ ਨੇ ਵਿਗਿਆਨ ਦੇ ਖੇਤਰ ਵਿਚ ਅੱਗੇ ਆ ਕੇ ਕਈ ਅਸੰਭਵ ਕੰਮਾਂ ਨੂੰ ਸੰਭਵ ਕਰਕੇ ਦਿਖਾਇਆ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਸਰਕਾਰੀ ਅਤੇ ਗੈਰ-ਸਰਕਾਰੀ ਸਕੂਲਾਂ ਵਿਚ ਬੱਚਿਆਂ ਦੀ ਸਾਇੰਸ ਵਿਸ਼ੇ ਵਿਚ ਰੁਚੀ ਲਗਾਤਾਰ ਵੱਧ ਰਹੀ ਹੈ।ਇਹੀ ਕਾਰਨ ਹੈ ਕਿ ਬਹੁਤ ਸਾਰੇ ਸਕੂਲਾਂ ਵਿਚ ਜਿਥੇ ਕੇਵਲ ਆਰਟਸ ਪੜ੍ਹਾਇਆ ਜਾਂਦਾ ਸੀ, ਉਥੇ ਹੁਣ ਵਿਗਿਆਨ ਵੀ ਪੜ੍ਹਾਇਆ ਜਾਣ ਲੱਗਾ ਹੈ। ਇਸ ਮੌਕੇ ਕੌਂਸਲ ਦੀ ਪ੍ਰੋਜੈਕਟ ਸਾਇੰਟਿਸਟ ਮੰਦਾਕਨੀ ਠਾਕੁਰ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਧੀਰਜ ਵਸ਼ਿਸ਼ਟ, ਜ਼ਿਲ੍ਹਾ ਕੁਆਰਡੀਨੇਟਰ ਅਸ਼ੋਕ ਕਾਲੀਆ, ਕੈਂਪਸ ਡਾਇਰੈਕਟਰ ਡਾ. ਚੰਦਰ ਮੋਹਨ, ਡਾ. ਜਿਯੋਤਸਨਾ, ਰਜਿੰਦਜ ਮੈਂਡੀ, ਡਾ. ਗੌਰਵ ਪਰਾਸ਼ਰ, ਲੈਕਚਰਾਰ ਸੰਦੀਪ ਸੂਦ, ਰਾਜੀਵ ਕੁਮਾਰ, ਨੀਰਜ ਕੰਵਰ ਆਦਿ ਵੀ ਹਾਜ਼ਰ ਸਨ।